ਉਨੀਵਾਂ ਸਾਲ

PARDES TIMES

# ਪਰਦੇਸ ਟਾਇਮਜ਼

19th year in Publication

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

VOL- 19 | No. 476 | August 18, 2025 | E-mail : info@pardestimes.com | Ph 510-938-7771


## ਭਾਰਤ ਅਤੇ ਪਾਕਿਸਤਾਨ ਵਿਚਕਾਰ ਫਿਰ ਮੰਡਰਾ ਰਹੇ ਨੇ ਜੰਗ ਦੇ ਬੱਦਲ

ਨਵੀਂ ਦਿੱਲੀ- ਹਾਲ ਹੀ ਵਿਚ ਪਾਕਿਸਤਾਨ ਦੀ ਫੌਜ ਦੇ ਮੁਖੀ ਦੇ ਅਮਰੀਕਾ ਦੌਰੇ ਸਮੇਂ ਪਰਮਾਣੂ ਜੰਗ ਦੀ ਧਮਕੀ ਦੇਣ ਤੋਂ ਬਾਅਦ ਪਾਕਿਸਤਾਨ ਦੇ ਸਿਆਸਤਦਾਨਾਂ ਦੇ ਆ ਰਹੇ ਬਿਆਨਾਂ ਤੋਂ ਬਾਅਦ ਭਾਰਤ ਦੀ ਫੌਜ ਦੁਆਰ ਜੰਗ ਲਈ ਪੂਰੀ ਤਰ੍ਹਾਂ ਤਿਆਰ ਹੋਣ ਦੇ ਐਲਾਨ ਕਾਰਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਫਿਰ ਜੰਗ ਦੀਆਂ ਤਲਵਾਰਾਂ ਖਿੱਚੀਆਂ ਗਈਆਂ ਹਨ।



ਬਾਰਡਰਾਂ ਤੇ ਬਹੁਤ ਤੇਜ਼ੀ ਨਾਲ ਮੂਡਮੈਂਟ ਵਧ ਗਈ ਹੈ। ਭਾਰਤੀ ਫੌਜ ਪਾਕਿਸਤਾਨ ਨੂੰ ਖੁੱਲ੍ਹੇਆਮ ਜੰਗ ਲਈ ਕਹਿ ਰਹੀ ਹੈ। ਆਖਿਰ ਅਜਿਹਾ ਕੀ ਹੋਇਆ ਕਿ ਦੋਵੇਂ ਮੁਲਕਾਂ ਵਿਚਕਾਰ ਤਣਾਅ ਫਿਰ ਵਧ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੰਗ ਦੇ ਬੱਦਲ ਉਸ ਦਿਨ ਹੀ ਮੰਡਰਾਉਣ ਲੱਗੇ ਸਨ ਜਿਸ ਦਿਨ ਪਾਕਿਸਤਾਨ ਦੀ ਫੌਜ ਦੇ ਮੁਖੀ ਨੇ ਰਾਸ਼ਟਰਪਤੀ ਟਰੰਪ ਨਾਲ ਖਾਣਾ ਖਾਧਾ ਸੀ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਦਬਕਾ ਕੇ ਆਰਥਿਕ ਡੀਲ ਕਰਨ ਲਈ ਅਮਰੀਕਾ ਪਾਕਿਸਤਾਨ ਦੀ ਵਰਤੋਂ ਕਰ ਰਿਹਾ ਹੈ ਕਿਉਂਕਿ ਭਾਰਤ ਦੀ ਸਰਕਾਰ ਰਾਸ਼ਟਰਪਤੀ ਟਰੰਪ ਮੂਹਰੇ ਝੁਕਣ ਲਈ ਤਿਆਰ ਨਹੀਂ। ਪਾਕਿਸਤਾਨ ਦੀ ਸਭ ਤੋਂ ਵੱਡੀ ਮਜਬੂਰੀ ਇਹ ਹੈ ਕਿ ਉਹ ਭਾਰਤ ਦਾ ਇਕੱਲਿਆਂ ਮੁਕਾਬਲਾ ਨਹੀਂ ਕਰ ਸਕਦਾ ਪਰ ਮਈ ਵਿਚ ਹੋਈ 4 ਦਿਨਾਂ ਦੀ ਜੰਗ ਵਿਚ ਤੁਰਕੀ ਅਤੇ ਚੀਨ ਦੇ ਸਹਿਯੋਗ ਦੇ ਬਾਵਜੂਦ ਪਾਕਿਸਤਾਨ ਜਿਸ ਤਰ੍ਹਾਂ ਭਾਰਤ ਮੂਹਰੇ ਟਿਕ ਨਹੀਂ ਸਕਿਆ ਤਾਂ ਪਾਕਿਸਤਾਨ ਨੇ ਫਿਰ ਦੁਬਾਰਾ ਅਮਰੀਕਾ ਵੱਲ ਰੁਖ ਕਰ ਲਿਆ ਹੈ ਅਤੇ ਆਪਣੀ ਰੱਖਿਆ ਲਈ ਅਮਰੀਕਾ ਨੂੰ ਕਈ ਕਿਸਮ ਦੇ ਲਾਲਚ ਵੀ ਦੇਣੇ ਆਰੰਭ ਕਰ ਦਿੱਤੇ ਹਨ, ਜਿਸ ਕਾਰਨ ਅਮਰੀਕਾ ਵੀ ਪਾਕਿਸਤਾਨ ਵਿਚ ਦਿਲਚਸਪੀ ਦਿਖਾਉਣ ਲੱਗ ਪਿਆ ਹੈ। ਹਾਲਾਤ ਅਜਿਹੇ ਬਣ ਗਏ ਹਨ, ਜਿਵੇਂ 1971 ਵਿਚ ਬਣੇ ਸਨ, ਜਦੋਂ ਭਾਰਤ ਦੇ ਪੱਖ ਵਿਚ ਰੂਸ ਖੜ੍ਹਿਆ ਸੀ ਅਤੇ ਪਾਕਿਸਤਾਨ ਦੇ ਪੱਖ ਵਿਚ ਅਮਰੀਕਾ ਅਤੇ ਇੰਗਲੈਂਡ ਸਨ। ਇਸ ਵਾਰ ਵੀ ਰੂਸ ਨੇ ਪਾਕਿਸਤਾਨ ਨੂੰ ਸਿੱਧੀ ਧਮਕੀ ਦਿੱਤੀ ਹੈ ਕਿ ਜੇਕਰ ਕੋਈ ਹਮਲਾ ਕੀਤਾ ਤਾਂ ਰੂਸ ਆਪਣੀ ਹਵਾਈ ਫੌਜ ਅਤੇ ਮਿਜ਼ਾਇਲਾਂ ਭੇਜ ਕੇ ਪਾਕਿਸਤਾਨ ਨੂੰ ਤਬਾਅ ਕਰ ਦੇਵੇਗਾ। ਹਾਲਾਂਕਿ ਦੋਵੇਂ ਪੱਖ ਫਿਲਹਾਲ ਸੰਜਮ ਵਰਤਣ ਲਈ ਤਿਆਰ ਨਹੀਂ ਪਰ ਜੇਕਰ ਜੰਗ ਹੋਈ ਤਾਂ ਦੋਵੇ ਮੁਲਕਾਂ ਲਈ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ।

ਅਮਰੀਕਾ ਦੇ ਦਬਾਅ ਦੇ ਬਾਵਜੂਦ ਭਾਰਤ ਝੁਕਣ ਲਈ ਤਿਆਰ ਨਹੀਂ ਬਲਕਿ ਕਹਿ ਰਿਹਾ ਹੈ ਭਾਰਤ ਦਹਿਸ਼ਤਗਰਦਾਂ ਤੇ ਉਨ੍ਹਾਂ ਦੇ ਹਮਾਇਤੀਆਂ ਵਿੱਚ ਫ਼ਰਕ ਨਹੀਂ ਕਰੇਗਾ ਅਤੇ ਪਾਕਿਸਤਾਨ ਤੇ ਹਮਲਾ ਕਰਨ ਲਈ ਤਿਆਰ ਹੈ, ਜੇਕਰ ਉਹ ਦਹਿਸ਼ਤਗਰਦੀ ਨਹੀਂ ਰੋਕਦਾ ਹੈ। ਪ੍ਰਧਾਨ ਮੰਤਰੀ ਮੋਦੀ ਕਹਿ ਰਹੇ ਹਨ ਕਿ ਉਹ ਕਿਸਾਨਾਂ ਅਤੇ ਮਛੇਰਿਆਂ ਦੇ ਹਿੱਤਾਂ ਦੀ ਰਾਖੀ ਲਈ ਕੰਧ ਵਾਂਗ ਖੜ੍ਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਾਏ ਟੈਰਿਫ ਦੇ ਸਿੱਧੇ ਹਵਾਲੇ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਹ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕਰਨਗੇ ਤੇ ਕਿਸੇ ਵੀ ਨੁਕਸਦਾਰ ਨੀਤੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਮੋਦੀ ਨੇ ਸ਼ੁੱਕਰਵਾਰ ਨੂੰ ਦੇਸ਼ ਵਾਸੀਆਂ ਨੂੰ 79ਵੇਂ ਆਜ਼ਾਦੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਦੇਸ਼ ਵਾਸੀਆਂ ਨੂੰ ਵਿਕਸਤ ਭਾਰਤ ਬਣਾਉਣ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ।

# ਭਾਰਤ ਤੋਂ ਕਿਉਂ ਖਫਾ ਹੋਏ ਡੋਨਾਲਡ ਟਰੰਪ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਨੇ ਆਪਣੀ ਚੋਣ ਮੁਹਿੰਮ ਦੌਰਾਨ ਵਾਅਦਾ ਕੀਤਾ ਕਿ ਉਹ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣਗੇ। ਉਹਨਾਂ ਦੇ ਇਸ ਨਾਅਰੇ ਨੂੰ ਸਮਰਥਨ ਮਿਲਿਆ ਅਤੇ ਉਹ ਰਾਸ਼ਟਰਪਤੀ ਚੁਣੇ ਗਏ। ਜਦੋਂ ਉਹਨਾਂ ਆਪਣੇ ਇਸ ਵਾਅਦੇ ਨੂੰ ਪੂਰਾ ਕਰਨ ਲਈ ਕੰਮ ਆਰੰਭ ਕੀਤਾ ਤਾਂ ਉਹਨਾਂ ਨੂੰ ਆਪਣੇ ਸਾਹਮਣੇ ਡਾਲਰ ਦੀ ਘਟਦੀ ਕੀਮਤ ਅਤੇ ਅਮਰੀਕਾ ਸਿਰ ਚੜ੍ਹੇ ਕਰਜ਼ੇ ਦੀ ਪੰਡ ਆ ਗਈ। ਇਹਨਾਂ ਦੋਵੇਂ ਮੁਸ਼ਕਿਲਾਂ ਵਿਚੋਂ ਪਹਿਲੀ ਮੁਸ਼ਕਿਲ ਤਾਂ ਦੁਨੀਆਂ ਵਿਚ ਬਦਲ ਰਹੀ ਰਾਜਨੀਤੀ ਹੈ। ਰੂਸ, ਚੀਨ, ਭਾਰਤ, ਬ੍ਰਾਜ਼ੀਲ, ਉਤਰੀ ਅਫਰੀਕਾ ਵਰਗੇ ਮੁਲਕ ਜੋ ਬ੍ਰਿਕਸ ਦੇ ਬਾਨੀ ਮੁਲਕ ਹਨ, ਦੁਨੀਆਂ ਦੀ ਅਰਥਵਿਵਸਥਾ ਦਾ 50 ਫੀਸਦੀ ਅਤੇ ਆਬਾਦੀ ਦਾ 70 ਫੀਸਦੀ ਹਿੱਸਾ ਰੱਖਦੇ ਹਨ।ਇਹ ਮੁਲਕ ਡਾਲਰ ਵਿਚ ਵਪਾਰ ਤੋਂ ਤੰਗ ਹਨ ਅਤੇ ਡਾਲਰ ਦਾ ਵਿਕਲਪ ਲੱਭ ਰਹੇ ਹਨ। ਇਸ ਕਰਕੇ ਇਹਨਾਂ ਮੁਲਕਾਂ ਨੇ ਆਪੋ-ਆਪਣੀਆਂ ਕਰੰਸੀਆਂ ਵਿਚ ਵਪਾਰ ਵੀ ਆਰੰਭ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਹੈ। ਦੂਜਾ ਅਮਰੀਕਾ ਦੀ ਸਰਕਾਰ ਦੇ ਸਿਰ ਚੜ੍ਹਿਆ ਕਰਜ਼ਾ ਵੱਡੀ ਸਮੱਸਿਆ ਹੈ। ਇਸ ਕਰਜ਼ੇ ਨੂੰ ਉਤਾਰਨ ਲਈ ਅਮਰੀਕਾ ਦੀ ਸਾਰੀ ਸਰਕਾਰੀ ਸੰਪਤੀ ਵੀ ਕੋਈ ਖਰੀਦ ਲਵੇ ਤਾਂ ਵੀ ਇਹ ਕਰਜ਼ਾ ਉਤਾਰਨਾ ਔਖਾ ਹੈ।



ਜਦੋਂ ਰਾਸ਼ਟਰਪਤੀ ਟਰੰਪ ਨੇ ਇਹਨਾਂ ਮੁਸ਼ਕਿਲਾਂ ਤੋਂ ਬਚਾਅ ਕਰਨ ਲਈ ਅਮਰੀਕਾ ਦੀ ਖਪਤ ਬੇਸਡ ਅਰਥ ਵਿਵਸਥਾ ਨੂੰ ਉਤਪਾਦਨ ਮੁਖੀ ਵਿਵਸਥਾ ਵਿਚ ਬਦਲਣ ਦਾ ਫੈਸਲਾ ਕੀਤਾ ਤਾਂ ਉਹਨਾਂ ਮੂਹਰੇ ਅਮਰੀਕਾ ਦੀਆਂ ਹੀ ਕੰਪਨੀਆਂ ਆਈਆਂ, ਜਿਹੜੀਆਂ ਏਸ਼ੀਆ ਦੇ ਕਈ ਮੁਲਕਾਂ ਤੋਂ ਆਪਣਾ ਸਮਾਨ ਤਿਆਰ ਕਰਕੇ ਅਮਰੀਕਾ ਵਿਚ ਵੇਚ ਰਹੀਆਂ ਹਨ। ਫਿਰ ਉਹਨਾਂ ਦੇ ਸਾਹਮਣੇ ਆ ਗਏ ਚੀਨ ਵਰਗੇ ਮੁਲਕ, ਜਿਹਨਾਂ ਨੇ ਦੁਨੀਆਂ ਵਿਚ ਸਸਤੇ ਸਮਾਨ ਦੇ ਅੰਬਾਰ ਲਗਾ ਦਿੱਤੇ ਹਨ ਅਤੇ ਅਮਰੀਕੀ ਕੰਪਨੀਆਂ ਤੋਂ ਕੰਮ ਸਿੱਖ ਕੇ ਖੁਦ ਆਪਣੀਆਂ ਕੰਪਨੀਆਂ ਸਥਾਪਤ ਕਰ ਲਈਆਂ ਹਨ। ਹੁਣ ਟਰੰਪ ਸਾਹਿਬ ਨੂੰ ਨਾ ਤਾਂ ਰੂਸ ਅਤੇ ਨਾ ਹੀ ਚੀਨ ਜ਼ਿਆਦਾ ਤਵੱਜੋਂ ਦੇ ਰਿਹਾ ਹੈ। ਬ੍ਰਾਜ਼ੀਲ ਜੋ ਅਮਰੀਕੀ ਮਹਾਂਦੀਪ ਵਿਚ ਹੀ ਸਥਿਤ ਮੁਲਕ ਹੈ, ਨੂੰ ਤਾਂ ਟਰੰਪ ਕਿਸੇ ਤਰ੍ਹਾਂ ਹੈਂਡਲ ਕਰ ਸਕਦੇ ਹਨ ਪਰ ਸੰਤੁਲਨ ਬਣਦਾ ਹੈ ਭਾਰਤ ਅਤੇ ਅਫਰੀਕਾ ਨਾਲ। ਉਤਰੀ ਅਫਰੀਕਾ ਆਪਣੀ ਨੀਤੀ ਬਦਲ ਸਕਦਾ ਹੈ, ਜੇਕਰ ਭਾਰਤ ਬ੍ਰਿਕਸ ਵਰਗੇ ਮੰਚ ਛੱਡ ਕੇ ਅਮਰੀਕਾ ਦੇ ਪਾਲੇ ਵਿਚ ਆ ਜਾਵੇ। ਇਸ ਕਰਕੇ ਅਮਰੀਕਾ ਪਾਕਿਸਤਾਨ ਨੂੰ ਸ਼ਹਿ ਦੇ ਕੇ ਭਾਰਤ ਨੂੰ ਡਰਾਉਣ ਦੀ ਆਪਣੀ ਪੁਰਾਣੀ ਨੀਤੀ ਵੱਲ ਆ ਗਿਆ ਪਰ ਭਾਰਤ ਨੇ ਇਸ ਵਾਰ ਜ਼ਿਆਦਾ ਡਰਨ ਦੀ ਬਜਾਏ ਚੀਨ, ਰੂਸ ਵੱਲ ਰੁਖ ਕਰ ਲਿਆ। ਇਸ ਕਰਕੇ ਟਰੰਪ ਹੁਣ ਇਹ ਸਮਝਦੇ ਹਨ ਕਿ ਜੇਕਰ ਭਾਰਤ ਉਹਨਾਂ ਦੀ ਰਣਨੀਤਿਕ ਭਾਈਵਾਲੀ ਤੋਂ ਨਿਕਲ ਗਿਆ ਤਾਂ ਅਮਰੀਕਾ ਅਤੇ ਯੂਰਪ ਬਾਕੀ ਦੁਨੀਆਂ ਦਾ ਮੁਕਾਬਲਾ ਸ਼ਾਇਦ ਨਹੀਂ ਕਰ ਸਕਣਗੇ।

ਟਰੰਪ ਭਾਰਤ ਤੋਂ ਇੰਨੇ ਨਾਰਾਜ਼ ਹਨ ਕਿ ਉਨ੍ਹਾਂ ਨੇ ਭਾਰਤ 'ਤੇ 50 ਪ੍ਰਤੀਸ਼ਤ ਦੀ ਸਖ਼ਤ ਟੈਰਿਫ ਲਗਾ ਦਿੱਤੀ ਹੈ। ਭਾਰਤ ਨੇ ਮਈ ਵਿੱਚ ਪਾਕਿਸਤਾਨ ਨਾਲ ਜੰਗਬੰਦੀ ਵਿੱਚ ਟਰੰਪ ਦੀ ਕਥਿਤ ਭੂਮਿਕਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਸਾਬਕਾ ਭਾਰਤੀ ਰਾਜਦੂਤ ਅਤੇ ਮਸ਼ਹੂਰ ਲੇਖਕ ਵਿਕਾਸ ਸਵਰੂਪ ਨੇ ਖੁਲਾਸਾ ਕੀਤਾ ਕਿ ਟਰੰਪ ਦਾ ਗੁੱਸਾ ਭਾਰਤ ਦੇ ਬ੍ਰਿਕਸ ਸੰਗਠਨ ਵਿੱਚ ਸ਼ਾਮਲ ਹੋਣ ਅਤੇ ਵਪਾਰਕ ਗੱਲਬਾਤ ਵਿੱਚ ਅਮਰੀਕੀ ਦਬਾਅ ਨੂੰ ਰੱਦ ਕਰਨ ਨਾਲ ਵੀ ਸਬੰਧਤ ਹੈ। ਸਵਰੂਪ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਸਬੰਧ ਰਣਨੀਤਕ ਹਨ, ਜਦੋਂ ਕਿ ਅਮਰੀਕਾ-ਪਾਕਿਸਤਾਨ ਸਬੰਧ ਸਿਰਫ਼ ਪੈਸੇ ਦੀ ਖੇਡ ਹੈ। ਇਸ ਦੇ ਨਾਲ ਹੀ ਸਾਬਕਾ ਰਾਜਦੂਤ ਨੇ ਭਾਰਤ ਦੇ ਦ੍ਰਿੜ ਰੁਖ਼ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਟਰੰਪ ਦੇ ਟੈਰਿਫ ਨਾਲ ਅਮਰੀਕਾ ਵਿੱਚ ਹੀ ਮਹਿੰਗਾਈ ਵਧੇਗੀ। ਸਾਬਕਾ ਰਾਜਦੂਤ ਸਵਰੂਪ ਨੇ ਕਿਹਾ ਕਿ ਟਰੰਪ ਦੋ ਕਾਰਨਾਂ ਕਰਕੇ ਭਾਰਤ ਤੋਂ ਨਾਰਾਜ਼ ਹਨ। ਪਹਿਲਾ ਭਾਰਤ ਦਾ ਬ੍ਰਿਕਸ ਵਿੱਚ ਹੋਣਾ। ਟਰੰਪ ਨੂੰ ਲੱਗਦਾ ਹੈ ਕਿ ਬ੍ਰਿਕਸ ਇੱਕ ਅਮਰੀਕਾ ਵਿਰੋਧੀ ਗਠਜੋੜ ਹੈ, ਜੋ ਡਾਲਰ ਦੇ ਮੁਕਾਬਲੇ ਇੱਕ ਨਵੀਂ ਮੁਦਰਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਚਾਹੁੰਦਾ ਹੈ ਕਿ ਭਾਰਤ ਬ੍ਰਿਕਸ ਤੋਂ ਬਾਹਰ ਹੋਵੇ।

ਦੂਜਾ ਕਾਰਨ ਮਈ ਵਿੱਚ ਭਾਰਤ-ਪਾਕਿਸਤਾਨ ਜੰਗਬੰਦੀ ਹੈ। ਭਾਰਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਜੰਗਬੰਦੀ ਵਿੱਚ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਸੀ। ਇਹ ਸਮਝੌਤਾ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਸਿੱਧੀ ਗੱਲਬਾਤ ਰਾਹੀਂ ਹੋਇਆ ਸੀ, ਜਦੋਂ ਪਾਕਿਸਤਾਨ ਨੇ ਜੰਗਬੰਦੀ ਦੀ ਅਪੀਲ ਕੀਤੀ ਸੀ। ਸਾਬਕਾ ਰਾਜਦੂਤ ਸਵਰੂਪ ਨੇ ਕਿਹਾ ਕਿ ਟਰੰਪ ਦੇ ਟੈਰਿਫ ਭਾਰਤ 'ਤੇ ਦਬਾਅ ਪਾਉਣ ਦੀ ਇੱਕ ਚਾਲ ਹਨ ਪਰ ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਕਿਸੇ ਅੱਗੇ ਨਹੀਂ ਝੁਕੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਟੈਰਿਫ ਅਮਰੀਕਾ ਵਿੱਚ ਮਹਿੰਗਾਈ ਵਧਾ ਦੇਣਗੇ, ਜਿਸ ਦਾ ਖਮਿਆਜ਼ਾ ਅਮਰੀਕਾ ਦੇ ਲੋਕਾਂ ਨੂੰ ਭੁਗਤਣਾ ਪਵੇਗਾ।

## ਚਲਦੇ-ਚਲਦੇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 15 ਅਗਸਤ 2025 ਨੂੰ ਅਲਾਸਕਾ ਵਿੱਚ ਮਿਲੇ। ਇਸ ਤੋਂ ਬਾਅਦ ਸਵਾਲ ਆਇਆ ਕਿ ਅਲਾਸਕਾ 150 ਸਾਲਾਂ ਤੋਂ ਅਮਰੀਕਾ ਦਾ ਹਿੱਸਾ ਰਿਹਾ ਹੈ, ਫਿਰ ਟਰੰਪ ਇਸਨੂੰ ਰੂਸ ਕਿਉਂ ਕਹਿ ਰਹੇ ਹਨ। ਖੈਰ, ਇੱਕ ਹੋਰ ਸਵਾਲ ਹੈ, ਟਰੰਪ ਅਤੇ ਪੁਤਿਨ ਪੂਰੇ ਅਮਰੀਕਾ ਨੂੰ ਛੱਡ ਕੇ ਅਲਾਸਕਾ 'ਚ ਹੀ ਕਿਉਂ ਮਿਲੇ? ਇੱਥੇ ਦੋਵਾਂ ਨੇਤਾਵਾਂ ਦੀ ਗੱਲਬਾਤ ਐਂਕਰੇਜ, ਅਲਾਸਕਾ ਦੇ ਨੇੜੇ ਸਥਿਤ 'ਜੁਆਇੰਟ ਬੇਸ ਐਲਮੇਨਡੋਰਫ-ਰਿਚਰਡਸਨ' ਵਿਖੇ ਹੋਈ। ਇਹ ਇੱਕ ਫੌਜੀ ਅੱਡਾ ਹੈ, ਜੋ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਹੈ। ਟਰੰਪ ਅਤੇ ਪੁਤਿਨ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ ਮਿਲੇ, ਉਸ ਸਮੇਂ ਭਾਰਤ ਵਿੱਚ ਰਾਤ ਦੇ ਲਗਭਗ 11:30 ਵਜੇ ਸਨ। ਟਰੰਪ ਅਤੇ ਪੁਤਿਨ ਪੂਰੇ ਅਮਰੀਕਾ ਨੂੰ ਛੱਡ ਕੇ ਸਿਰਫ਼ ਅਲਾਸਕਾ ਵਿੱਚ ਹੀ ਕਿਉਂ ਮਿਲ ਰਹੇ ਹਨ, ਕਿਉਂਕਿ ਅਲਾ-ਸਕਾ ਨੂੰ ਪ੍ਰਤੀਕਾਤਮਕ ਅਤੇ ਵਿਵਹਾਰਕ ਤੌਰ 'ਤੇ ਯੂਕਰੇਨ ਯੁੱਧ ਨੂੰ ਲੈ ਕੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਜਾਂ ਨਿਊਯਾਰਕ ਵਰਗੇ ਭੀੜ-ਭੜੱਕੇ ਵਾਲੇ ਸ਼ਹਿਰਾਂ ਵਿੱਚ ਪੁਤਿਨ ਦਾ ਭਾਰੀ ਵਿਰੋਧ ਹੋ ਸਕਦਾ ਸੀ।


Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704





Raj Budwal

(Investment and Financial Advisor)

408-972-8000,
408-835-0202 (Cell)

Budwal and Associates

329 Piercy Road, San Jose, CA 95138

8350202@gmail.com



Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।



Phone:- 510-487-1000

LIC:- 0F 34231

32146 Alvarado Blvd, Union City, CA 94587

# ਹੁਣ ਦੱਖਣੀ ਏਸ਼ੀਆ ਵਿੱਚ ਪਾ ਦਿੱਤਾ ਟਰੰਪ ਨੇ ਭੜਥੂ



ਜਯੋਤੀ ਮਲਹੋਤਰਾ

ਇਸ ਮੌਨਸੂਨ ਦੀ ਇੱਕ ਸਵੇਰ ਜਦੋਂ ਡੋਨਲਡ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਨੇ ਪਾਕਿਸਤਾਨ ਨਾਲ ਤੇਲ ਸੰਧੀ ਉੱਪਰ ਦਸਤਖ਼ਤ ਕੀਤੇ ਹਨ ਤਾਂ ਕੁਝ ਉਹੋ ਜਿਹਾ ਅਹਿਸਾਸ ਹੋਇਆ, ਜਦੋਂ 1999 ਵਿੱਚ ਕਾਰਗਿਲ ਜੰਗ ਵਿੱਚ ਪਾਕਿਸਤਾਨ ਉੱਪਰ ਭਾਰਤ ਦੀ ਜਿੱਤ ਦੇ ਪ੍ਰਸੰਗ ਵਿਚ ਹੋਇਆ ਸੀ- ਸ਼ਾਂਤ, ਲਗਭਗ ਕਾਲਪਨਿਕ। ਉਂਝ, ਫ਼ਰਕ ਸਿਰਫ਼ ਇਹ ਹੈ ਕਿ ਐਤਕੀਂ ਹਾਲਤ ਉਲਟ ਹੈ।

ਜੁਲਾਈ 1999 ਵਿੱਚ ਅਟਲ ਬਿਹਾਰੀ ਵਾਜਪਾਈ ਨੇ ਬਿਲ ਕਲਿੰਟਨ ਨੂੰ ਦ੍ਰਿੜ੍ਹਤਾ ਨਾਲ ਕਿਹਾ ਸੀ ਕਿ ਉਹ ਨਵਾਜ਼ ਸ਼ਰੀਫ਼, ਜਿਨ੍ਹਾਂ ਨਾਲ ਕਲਿੰਟਨ ਕਾਰਗਿਲ ਟਕਰਾਅ ਖ਼ਤਮ ਕਰਾਉਣ ਦੀਆਂ ਕੋਸ਼ਿਸ਼ਾਂ ਤਹਿਤ ਵਾਸ਼ਿੰਗਟਨ ਡੀਸੀ ਵਿੱਚ ਮਿਲ ਰਹੇ ਸਨ, ਨੂੰ ਇਹ ਦੱਸਣ ਕਿ ਭਾਰਤ ਸਿਰਫ਼ ਉਦੋਂ ਹੀ ਸਮਝੌਤਾ ਕਰੇਗਾ ਜਦੋਂ ਆਖ਼ਰੀ ਪਾਕਿਸਤਾਨੀ ਫ਼ੌਜੀ ਅਸਲ ਕੰਟਰੋਲ ਰੇਖਾ ਤੋਂ ਵਾਪਸ ਚਲਿਆ ਜਾਵੇਗਾ ਜਿਸ ਨੂੰ ਪਾਰ ਕਰ ਕੇ ਉਹ ਕਸ਼ਮੀਰ ਆਇਆ ਸੀ। ਨਵਾਜ਼ ਸ਼ਰੀਫ ਕੋਲ ਸਹਿਮਤ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਕਾਰਗਿਲ ਟਕਰਾਅ ਖ਼ਤਮ ਹੋ ਗਿਆ। ਸਾਲ ਬਾਅਦ ਕਲਿੰਟਨ ਭਾਰਤ ਦੇ ਪੰਜ ਰੋਜ਼ਾ ਦੌਰੇ ’ਤੇ ਆਏ ਅਤੇ ਜੈਪੁਰ ਵਿੱਚ ਖ਼ੂਬ ਆਰਾਮ ਫ਼ਰਮਾਇਆ। ਰਾਹ ਵਿੱਚ ਉਹ ਪੰਜ ਘੰਟੇ ਪਾਕਿਸਤਾਨ ਵਿੱਚ ਰੁਕੇ ਸਨ।

ਲੰਘੇ ਹਫ਼ਤੇ ਦੇ ਅਖ਼ੀਰ ਵਿੱਚ ਭਾਰਤ ਅਮਰੀਕੀ ਨੀਤੀ ਵਿੱਚ ਪਾਕਿਸਤਾਨ ਦੇ ਪੱਖ ਵਿੱਚ ਹੋ ਰਹੀ ਤਬਦੀਲੀ ਦੀ ਨਿਰਖ-ਪਰਖ ਕਰ ਰਿਹਾ ਸੀ। ਇਹ ਤਬਦੀਲੀ ਇੰਨੀ ਅਚਾਨਕ ਤੇ ਅਨੋਖੀ ਸੀ ਕਿ ਜੇ ਭਾਰਤੀ ਨਿਜ਼ਾਮ ਨੂੰ ਇਸ ਦੀ ਭਿਣਕ ਨਹੀਂ ਪਈ ਤਾਂ ਵਾਸ਼ਿੰਗਟਨ ਡੀਸੀ ਤੋਂ ਲੈ ਕੇ ਦਿੱਲੀ ਤੱਕ ਕਈਆਂ ਦੀਆਂ ਫੀਤੀਆਂ ਲੱਥ ਜਾਣੀਆਂ ਚਾਹੀਦੀਆਂ ਸਨ। ਪਾਕਿਸਤਾਨ ਲਈ ਇਹ ਸਭ ਤੋਂ ਵਧੀਆ ਨਵੀਂ ਦੋਸਤੀ ਹੋਵੇਗੀ, ਜਦੋਂ ਅਕਤੂਬਰ ਵਿੱਚ ਅਮਰੀਕਾ ਤੋਂ ਦਸ ਲੱਖ ਬੈਰਲ ਤੇਲ ਦਰਾਮਦ ਹੋਵੇਗਾ।

1989 ਵਿੱਚ ਜਦੋਂ ਆਖ਼ਰੀ ਸੋਵੀਅਤ ਫ਼ੌਜੀ ਅਫ਼ਗਾਨਿਸਤਾਨ ’ਚੋਂ ਰੁਖ਼ਸਤ ਹੋਇਆ ਅਤੇ ਇਸ ਤੋਂ ਤੁਰੰਤ ਬਾਅਦ ਅਮਰੀਕੀਆਂ ਨੇ ਕਾਬੁਲ ’ਚੋਂ ਨਾਸਤਿਕ ਕਮਿਊਨਿਸਟਾਂ ਨੂੰ ਖਦੇੜਨ ਦੀ ਜਿੱਤ ਦੇ ਸਰੂਰ ਵਿੱਚ ਰਾਵਲਪਿੰਡੀ ਲਈ ਹੁੰਦੀ ਹਥਿਆਰਾਂ ਅਤੇ ਡਾਲਰਾਂ ਦੀ ਪਾਈਪਲਾਈਨ ਬੰਦ ਕਰ ਦਿੱਤੀ ਸੀ, ਉਸ ਤੋਂ ਬਾਅਦ ਪਹਿਲੀ ਵਾਰ ਅਮਰੀਕੀ ਪਾਕਿਸਤਾਨ ਪਰਤ ਰਹੇ ਹਨ।

ਹੁਣ ਜਦੋਂ ਇੱਕ ਵਾਰ ਫਿਰ ਇਸ ਅੰਤਹੀਣ ਮਹਾਂ ਖੇਡ ਦੀਆਂ ਨਰਦਾਂ ਸੁੱਟ ਦਿੱਤੀਆਂ ਗਈਆਂ ਹਨ, ਇਸ ਵਾਰ ਭਾਰਤ ਦੇ ਗੋਡੇ ਗਿੱਟੇ ਲੱਗਣੀ ਤੈਅ ਹੈ। ਯਾਦ ਰੱਖਣਾ ਕਿ ਪਾਕਿਸਤਾਨ ਚੀਨ ਦਾ ਸਹਿਯੋਗੀ ਮੁਲਕ ਹੈ। ਇਹ ਵੀ ਯਾਦ ਰੱਖਣਾ ਕਿ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਪੇਈਚਿੰਗ ਖ਼ਿਲਾਫ਼ ਅਤਿ ਦੇ ਟੈਰਿਫ ਲਗਾ ਕੇ ਕੀਤੀ ਸੀ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋਇਆ ਸੀ ਕਿ ਚੀਨ ਨੇ ਅਮਰੀਕੀ ਅਰਥਚਾਰੇ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਣ ਦੀ ਕੋਸ਼ਿਸ਼ ਕੀਤੀ ਹੈ; ਟਰੰਪ ਜਾਣਦੇ ਹਨ ਕਿ ਮਾਗਾ (ਮੇਕ ਅਮੈਰਿਕਾ ਗ੍ਰੇਟ ਅਗੇਨ) ਲਈ ਚੀਨ ਦੇ ਮੁਕਾਬਲੇ ਆਪਣੇ ਨਿਰਮਾਣ ਖੇਤਰ ’ਚ ਮੁੜ ਦਬਦਬਾ ਹਾਸਿਲ ਕਰਨਾ ਕਿੰਨਾ ਜ਼ਰੂਰੀ ਹੈ।

ਉਂਝ, ਟਰੰਪ ਨੇ ਪਾਕਿਸਤਾਨ ਨਾਲ ਸੰਧੀ ਕਰ ਕੇ ਅਤੇ ਭਾਰਤ ਦੇ ‘ਬੇਜਾਨ ਅਰਥਚਾਰੇ’ ਦੀ ਨੁਕਤਾਚੀਨੀ ਕਰ ਕੇ ਦੱਖਣੀ ਏਸ਼ੀਆ ਦਾ ਸ਼ਕਤੀ ਸਮਤੋਲ ਬਦਲ ਦਿੱਤਾ ਹੈ। ਇਹ ਜ਼ਰੂਰ ਵਾਸ਼ਿੰਗਟਨ ਡੀਸੀ ਦੀ ਗਰਮੀ ਦਾ ਅਸਰ ਹੋਵੇਗਾ ਜਾਂ ਉਨ੍ਹਾਂ ‘ਮਾਰਾ ਲਾਗੋ’ ਵਿੱਚ ਕੁਝ ਉਲਟਾ ਸਿੱਧਾ ਖਾ ਲਿਆ ਹੋਵੇਗਾ ਜਿਸ ਕਰ ਕੇ ਉਹ ਭੁੱਲ ਗਏ ਕਿ ਪੰਜ ਸਾਲ ਪਹਿਲਾਂ ਮੋਦੀ ਨੇ ਹਿਊਸਟਨ ਵਿੱਚ ਨਾਅਰਾ ਲਾਇਆ ਸੀ- ‘ਅਬ ਕੀ ਬਾਰ ਟਰੰਪ ਸਰਕਾਰ’ ਤਾਂ ਭਾਰਤੀ-ਅਮਰੀਕੀਆਂ ਦਾ ਹਜੂਮ ਪਾਗ਼ਲ ਹੋ ਗਿਆ ਸੀ ਤੇ ਇੰਝ ਭਾਰਤੀ-ਅਮਰੀਕੀਆਂ ਦੀਆਂ ਕੁਝ ਹੋਰ ਕੀਮਤੀ ਵੋਟਾਂ ਟਰੰਪ ਦੀ ਝੋਲੀ ਵਿੱਚ ਪਾ ਦਿੱਤੀਆਂ ਸਨ।



ਗ਼ਲਤ ਨਾ ਸਮਝਣਾ, ਟਰੰਪ ਦੀ ਸੱਤਾ ਦੀ ਖੇਡ ਨਾਲ ਕੌਮਾਂਤਰੀ ਸ਼ਤਰੰਜ ਦੀ ਬਿਸਾਤ ਵਿਗੜਨੀ ਤੈਅ ਹੈ। ਅੱਜ ਇਹ ਕਹਿਣਾ ਬਹੁਤ ਜਲਦੀ ਤੇ ਸਿੱਧ-ਪਧਰੀ ਗੱਲ ਹੈ ਕਿ ਪੁਰਾਣੀਆਂ ਦੋਸਤੀਆਂ ਹੁਣ 21ਵੀਂ ਸਦੀ ਵਾਲੀ ਠੰਢੀ ਜੰਗ ਵਾਲੇ ਰੂਪ ਮੁਤਾਬਿਕ ਪੁਨਰ-ਸੰਗਠਿਤ ਹੋਣਗੀਆਂ। ਬਿਨਾਂ ਸ਼ੱਕ ਹਰ ਕੋਈ ਅਜੇ ਵੀ ਹਰ ਕਿਸੇ ਨਾਲ ਗੱਲ ਕਰੇਗਾ, ਖ਼ਾਸਕਰ ਕੁਆਡ ਦੀਆਂ ਮੀਟਿੰਗਾਂ ’ਚ। ਨਵੰਬਰ ’ਚ ਦਿੱਲੀ ’ਚ ਮਹਾਂ ਸੰਮੇਲਨ ਹੋ ਰਿਹਾ ਹੈ ਜਿਸ ਦਾ ਮਤਲਬ ਹੈ, ਟਰੰਪ ਦਾ ਆਉਣਾ ਤੈਅ ਹੈ ਪਰ ਜਿਵੇਂ ਅਮਰੀਕੀ ਰਾਸ਼ਟਰਪਤੀ ਨੇ ਮੋਦੀ ਨੂੰ ਰੂਸ ਵੱਲ ਧੱਕ ਦਿੱਤਾ ਹੈ (‘ਭਾਰਤ ਤੇ ਰੂਸ ਦੇ ਬੇਜਾਨ ਅਰਥਚਾਰੇ’) ਤਾਂ ਮੋਦੀ ਕੋਲ ਰੂਸ ਵੱਲ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ।

ਦੋਸਤੀ ਤੇ ਵਿਦੇਸ਼ ਨੀਤੀ (ਲਾਜ਼ਮੀ ਤੌਰ ’ਤੇ ਦੇਸ਼ਾਂ ਵਿਚਕਾਰ ਦੋਸਤੀ ਹੁੰਦੀ ਹੈ) ਮੁਤੱਲਕ ਕਿਹਾ ਜਾਂਦਾ ਹੈ ਕਿ ਇਹ ਬਰਾਬਰ ਦੀਆਂ ਧਿਰਾਂ ਵਿਚਕਾਰ ਹੀ ਨਿਭਦੀ ਹੈ। ਇਹੀ ਕਾਰਨ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਗ਼ੈਰ-ਮਾਮੂਲੀ ਜੱਫੀ ਮਹਿਜ਼ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਲੋਕਤੰਤਰਾਂ ਵਿਚਕਾਰ ਨਹੀਂ ਸੀ ਜਾਂ ਸੁੰਦਰ ਪਿਚਾਈ ਤੋਂ ਲੈ ਕੇ ਸ਼ਾਂਤਨੂੰ ਨਰਾਇਣ ਤੇ ਸੰਜੈ ਮਹਿਰੋਤਰਾ ਜਿਹੇ ਭਾਰਤੀ-ਅਮਰੀਕੀਆਂ ਦੇ ਅਮਰੀਕਾ ’ਚ ਪ੍ਰਭਾਵਸ਼ਾਲੀ ਸਮੂਹ ਦਾ ਹਿੱਸਾ ਬਣਨ ਕਰ ਕੇ ਨਹੀਂ, ਸਗੋਂ ਇਸ ਕਰ ਕੇ ਸੀ ਕਿ ਆਰਥਿਕ ਨਾ-ਬਰਾਬਰੀ ਦੇ ਬਾਵਜੂਦ ਦੋਵੇਂ ਦੇਸ਼ ਇੱਕ ਦੂਜੇ ਨਾਲ ਸਹਿਯੋਗੀਆਂ ਦੇ ਰੂਪ ’ਚ ਵਿਹਾਰ ਕਰਨ ਤੋਂ ਝਿਜਕ ਨਹੀਂ ਰਹੇ ਸਨ।

ਰੂਜ਼ਵੈਲਟ ਨੇ ਭਾਰਤ ਦੀ ਖ਼ਾਸੀਅਤ ਨੂੰ ਸਮਝਿਆ ਸੀ, ਭਾਵੇਂ ਆਇਜ਼ਨਹਾਵਰ ਨੇ ਨਹੀਂ ਸਮਝੀ। ਕਿਸਿੰਜਰ ਨੇ ਵੀ ਭਾਵੇਂ ਇਹ ਖ਼ਾਸੀਅਤ ਨਹੀਂ ਸਮਝੀ ਪਰ ਕੈਨੇਡੀ ਸਮਝ ਗਏ ਸੀ ਜਿਨ੍ਹਾਂ ਦੇ ਦੋਸਤ, ਭਾਰਤ ’ਚ ਤਤਕਾਲੀ ਰਾਜਦੂਤ ਜੌਹਨ ਕੈਨੇਥ ਗਾਲਬ੍ਰੇਥ ਦੀ ਤਸਵੀਰ ਚੰਡੀਗੜ੍ਹ ਦੇ ਸਰਕਾਰੀ ਮਿਊਜ਼ੀਅਮ ਦੀ ਛੋਟੀ ਜਿਹੀ ਲਾਇਬ੍ਰੇਰੀ ਦੇ ਥਮਲੇ ਉੱਪਰ ਲੱਗੀ ਹੋਈ ਹੈ। ਇਸ ਦੇ ਦੂਜੇ ਪਾਸੇ ਐੱਮਐੱਸ ਰੰਧਾਵਾ ਦੀ ਤਸਵੀਰ ਹੈ। ਤੇ ਇਹ ਵੀ ਕਿ ਜਦੋਂ ਕਿਸਿੰਜਰ ਨੇ ਖੁੱਲ੍ਹੇਆਮ ਆਪਣੇ ਪਾਕਿਸਤਾਨ ਪੱਖੀ ਝੁਕਾਅ ਨੂੰ ਸਹੀ ਠਹਿਰਾਇਆ ਸੀ ਤੇ 1971 ’ਚ ਪੱਛਮੀ ਬੰਗਾਲ ’ਚ ਇੱਕ ਕਰੋੜ ਬੰਗਲਾਦੇਸ਼ੀਆਂ ਦੇ ਪਲਾਇਨ ਦੀ ਨੁਕਤਾਚੀਨੀ ਕੀਤੀ ਸੀ ਤਾਂ ਉੱਘੇ ਰੱਖਿਆ ਸਮੀਖਿਅਕ ਕੇ। ਸੁਬਰਾਮਣੀਅਮ ਉਨ੍ਹਾਂ ਦੀ ਝਾੜ-ਝੰਬ ਕਰਨ ਤੋਂ ਝਿਜਕੇ ਨਹੀਂ ਸਨ ਅਤੇ ਉਨ੍ਹਾਂ ਤੋਂ ਪੁੱਛਿਆ ਸੀ ਕਿ ਕੀ ਉਨ੍ਹਾਂ ਨੂੰ ਉਨ੍ਹਾਂ ਦੇ ਯਹੂਦੀਆਂ ਦੇ ਜਰਮਨੀ ਤੋਂ ਦੌੜਨ ਦਾ ਚੇਤਾ ਹੈ (1998 ਦੇ ਪਰਮਾਣੂ ਤਜਰਬਿਆਂ ਦੇ ਮੱਦੇਨਜ਼ਰ ਜਦੋਂ ਆਖ਼ਿਰਕਾਰ ਠੰਢ-ਠੰਢਾਅ ਹੋਇਆ ਸੀ ਤਾਂ ਅਮਰੀਕਾ ਵਿੱਚ ਭਾਰਤੀ ਰਾਜਦੂਤ ਨਰੇਸ਼ ਚੰਦਰ ਅਤੇ ਕਿਸਿੰਜਰ ਗੂੜ੍ਹੇ ਮਿੱਤਰ ਬਣ ਗਏ ਸਨ)। ਇਸ ਦਾ ਉਲਟਾ ਪਾਸਾ ਵੀ ਸੱਚ ਹੈ। ਵਾਜਪਾਈ ਨੇ ਅਮਰੀਕਾ ਦੀ ਬੇਮਿਸਾਲ ਅਹਿਮੀਅਤ ਨੂੰ ਸਮਝਿਆ ਸੀ ਤੇ ਦੋਵੇਂ ਦੇਸ਼ਾਂ ਨੂੰ ‘ਸੁਭਾਵਿਕ ਸਹਿਯੋਗੀ’ ਦੇ ਰੂਪ ਵਿੱਚ ਦਰਸਾਇਆ; ਉਦੋਂ ਵੀ ਜਦੋਂ ਭਾਰਤ ਦੇ 1998 ਦੇ ਪਰਮਾਣੂ ਤਜਰਬਿਆਂ ਉੱਪਰ ਅਮਰੀਕਾ ਦਾ ਗੁੱਸਾ ਮਸੀਂ ਘੱਟ ਹੋਇਆ ਸੀ ਤੇ ਜਦੋਂ ਸ਼ਾਨਦਾਰ ਪਰ ਆਮ ਕਰ ਕੇ ਚੁੱਪ ਰਹਿਣੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਮਨਮੋਹਨ ਸਿੰਘ ਉੱਥੇ ਗਏ ਸਨ ਤੇ ਉਨ੍ਹਾਂ ਇੱਕ ਲੇਖੇ ਹੌਲੀਵੁਡ ਅੰਦਾਜ਼ ਵਿੱਚ ਜਾਰਜ ਬੁਸ਼ ਨੂੰ ਆਖਿਆ ਸੀ- “ਭਾਰਤ ਤੁਹਾਨੂੰ ਪਿਆਰ ਕਰਦਾ ਹੈ।”

2020 ਵਿੱਚ ਜਦੋਂ ਮੋਦੀ ਨੇ ‘ਅਬ ਕੀ ਬਾਰ ਟਰੰਪ ਸਰਕਾਰ’ ਨਾਅਰਾ ਲਾਇਆ ਸੀ ਤਾਂ ਸਮਝ ਲਿਆ ਸੀ ਕਿ ਖ਼ੁਸ਼ਾਮਦ ਹੀ ਵ੍ਹਾਈਟ ਹਾਊਸ ਲਈ ਸਿੱਧਾ ਰਾਹ ਹੈ। ਇਹ ਗੱਲ ਦਿਮਾਗ਼ ਹਿਲਾ ਦਿੰਦੀ ਹੈ ਕਿ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਾਰਲੀਮੈਂਟ ਵਿੱਚ ਬਹਿਸ ਦੌਰਾਨ ਵੀ ਅਪਰੇਸ਼ਨ ਸਿੰਧੂਰ ਟਕਰਾਅ ਖ਼ਤਮ ਕਰਾਉਣ ਦਾ ਸਿਹਰਾ ਟਰੰਪ ਨੂੰ ਦੇਣ ਤੋਂ ਸਾਫ਼ ਇਨਕਾਰ ਕਿਉਂ ਕਰ ਦਿੱਤਾ ਜਦੋਂਕਿ ਟਰੰਪ ਨੇ ਹੁਣ ਤੱਕ ਘੱਟੋ-ਘੱਟ 30 ਵਾਰ ਇਹ ਦਾਅਵਾ ਕੀਤਾ ਸੀ (ਦੂਜੇ ਪਾਸੇ, ਚਲਾਕ ਪਾਕਿਸਤਾਨੀਆਂ ਨੇ ਉਨ੍ਹਾਂ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਮਨੋਨੀਤ ਕੀਤਾ ਹੈ)।

ਨਿਰਪੱਖਤਾ ਨਾਲ ਕਹੀਏ ਤਾਂ ਭਾਰਤ ਨੇ ਭਾਰਤ ਤੇ ਪਾਕਿਸਤਾਨ ਦੇ ਮਾਮਲਿਆਂ ਵਿੱਚ ਤੀਜੀ ਧਿਰ ਦਾ ਦਖ਼ਲ ਹਮੇਸ਼ਾ ਰੱਦ ਕੀਤਾ ਹੈ, ਇਸ ਦਾ ਆਖਣਾ ਹੈ ਕਿ 1972 ਵਾਲੇ ਸ਼ਿਮਲਾ ਸਮਝੌਤੇ ਵਰਗਾ ਦੁਵੱਲਾ ਪ੍ਰਬੰਧ ਹੀ ਸਭ ਤੋਂ ਬਿਹਤਰ ਰਾਹ ਹੈ। ਉਂਝ, ਉਦੋਂ ਫਿਰ ਕੀ ਕਹੀਏ ਜਦੋਂ ਭਾਰਤ ਪਾਕਿਸਤਾਨ ਨਾਲ ਕਿਸੇ ਵੀ ਤਰ੍ਹਾਂ ਦਾ ਰਾਬਤਾ ਰੱਖਣ ਤੋਂ ਇਨਕਾਰ ਕਰ ਦਿੰਦਾ ਹੈ; ਇਹ ਭਾਵੇਂ ਪਾਣੀਆਂ ਦੀ ਵੰਡ ਦਾ ਸਵਾਲ ਹੋਵੇ ਜਾਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮਾਮਲਾ?

9-10 ਮਈ ਵਾਲੀ ਰਾਤ ਨੂੰ ਜਦੋਂ ਮੋਦੀ ਨੇ ਅਣਕਿਆਸੇ ਢੰਗ ਨਾਲ 11 ਪਾਕਿਸਤਾਨੀ ਠਿਕਾਣਿਆਂ ਉੱਪਰ ਬੰਬਾਰੀ ਦਾ ਆਦੇਸ਼ ਦਿੱਤਾ ਸੀ ਤਾਂ ਕੀ ਹੋਇਆ ਹੋਵੇਗਾ। ਭਾਰਤੀ ਹਵਾਈ ਸੈਨਾ ਦੀ ਕਾਰਵਾਈ ਨਾਲ ਪਾਕਿਸਤਾਨੀਆਂ ਨੂੰ ਬੁਰੀ ਤਰ੍ਹਾਂ ਝਟਕਾ ਵੱਜਿਆ ਸੀ। ਪਾਕਿਸਤਾਨੀਆਂ ਨੇ ਅਮਰੀਕੀਆਂ ਨਾਲ ਰਾਬਤਾ ਕਾਇਮ ਕੀਤਾ ਅਤੇ ਅਮਰੀਕੀਆਂ ਨੇ ਅਗਾਂਹ ਜੈਸ਼ੰਕਰ ਨਾਲ। ਜੈਸ਼ੰਕਰ ਨੇ ਜਵਾਬ ਦਿੱਤਾ, ‘ਪਾਕਿਸਤਾਨੀਆਂ ਨੂੰ ਆਖੋ ਕਿ ਉਹ ਸਾਡੇ ਨਾਲ ਗੱਲ ਕਰਨ।’ ਪਾਕਿਸਤਾਨੀ ਡੀਜੀਐੱਮਓ ਨੇ 10 ਮਈ ਦੀ ਦੁਪਹਿਰ ਨੂੰ ਆਪਣੇ ਭਾਰਤੀ ਹਮਰੁਤਬਾ ਨੂੰ ਫੋਨ ਕੀਤਾ ਅਤੇ ਦੋਵੇਂ ਧਿਰਾਂ ਇਸ ਨੂੰ ਬੰਦ ਕਰਨ ਲਈ ਸਹਿਮਤ ਹੋ ਗਈਆਂ। ਫਿਰ ਭਾਰਤ ਨੇ ਅੱਗੇ ਵਧ ਕੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਪਹਿਲਗਾਮ ਹਮਲੇ ਲਈ ਸਿਰਫ਼ ਪਾਕਿਸਤਾਨੀ ਅਤਿਵਾਦੀ ਸੰਗਠਨ ‘ਦਿ ਰਜ਼ਿਸਟੈਂਸ ਫਰੰਟ’ (ਟੀਆਰਐੱਫ) ਹੀ ਨਹੀਂ ਸਗੋਂ “ਪਾਕਿਸਤਾਨ” ਵੀ ਜ਼ਿੰਮੇਵਾਰ ਸੀ, ਜਦੋਂਕਿ ਟਰੰਪ ਵ੍ਹਾਈਟ ਹਾਊਸ ਵਿੱਚ ਹਲਾਲ ਲੰਚ ਕਰਨ ਲਈ ਪਾਕਿਸਤਾਨ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਆਓ ਭਗਤ ਦੀ ਤਿਆਰੀ ਕਰ ਰਹੇ ਸਨ। ਅਮਰੀਕੀ ਇਸ ਨੂੰ ਹਲਕੇ ਵਿੱਚ ਲੈਣ ਵਾਲੇ ਨਹੀਂ ਸਨ।

ਉਦੋਂ ਤੋਂ ਹੀ ਅਮਰੀਕਾ ਨੇ ਸਰਹੱਦ ਪਾਰ ਦਹਿਸ਼ਤਵਾਦ ਦੀ ਨਿੰਦਾ ਕਰ ਕੇ, ਇੱਥੋਂ ਤੱਕ ਕਿ ‘ਟੀਆਰਐੱਫ’ ਨੂੰ ਅਤਿਵਾਦੀ ਜਥੇਬੰਦੀ ਦੇ ਰੂਪ ਵਿੱਚ ਨਾਮਜ਼ਦ ਕਰ ਕੇ ਬਹੁਤ ਸੂਖਮ ਜਿਹਾ ਫ਼ਰਕ ਤਾਂ ਪਾਇਆ ਪਰ ਪਾਕਿਸਤਾਨ ਨੂੰ ਪਹਿਲਗਾਮ ਘਟਨਾ ਦਾ ਸਿੱਧੇ ਰੂਪ ਵਿੱਚ ਸੂਤਰਧਾਰ ਕਰਾਰ ਨਹੀਂ ਦਿੱਤਾ। ਬਾਕੀ ਦੀ ਕੌਮਾਂਤਰੀ ਬਰਾਦਰੀ ਵੀ ਇਸੇ ਲੀਹ ’ਤੇ ਚੱਲੀ।

ਤੇ ਹੁਣ ਦੁਨੀਆ ਪਿਛਲੇ ਹਫ਼ਤੇ ਤੋਂ ਐਨ ਵੱਖਰੀ ਹੈ। ਭਾਰਤ ਦੇ ਆਗੂ ਇਸ ਉਮੀਦ ਨਾਲ ਸਬਰ ਕਰ ਰਹੇ ਹਨ ਕਿ ਭਾਰਤ-ਅਮਰੀਕਾ ਸਬੰਧ ਹੌਲੀ-ਹੌਲੀ ਸਥਿਰ ਹੋ ਜਾਣਗੇ ਪਰ ਸਚਾਈ ਇਹ ਹੈ ਕਿ ਇਸ ਨੂੰ ਕਾਫ਼ੀ ਲੰਮਾ ਵਕਤ ਲੱਗੇਗਾ।

ਤੇ ਜਦੋਂ ਕਦੇ ਇਮਾਨਦਾਰੀ ਨਾਲ ਆਤਮ-ਝਾਤ ਮਾਰੀ ਜਾਵੇਗੀ ਤਾਂ ਮੋਦੀ ਸਰਕਾਰ ਨੂੰ ਖ਼ੁਦ ਨੂੰ ਸਵਾਲ ਕਰਨਾ ਚਾਹੀਦਾ ਕਿ ਪਾਕਿਸਤਾਨ, ਭਾਰਤ ਦੇ ਬਿਰਤਾਂਤ ਨੂੰ ਮਾਤ ਦੇਣ ਦੇਣ ’ਚ ਕਾਮਯਾਬ ਕਿਉਂ ਹੋ ਗਿਆ; ਜਦੋਂਕਿ ਇਹ ਦਹਿਸ਼ਤਵਾਦ ਨਾਲ ਗ੍ਰਸਿਆ ਦੇਸ਼ ਹੈ, ਇਸ ਦਾ ਅਰਥਚਾਰਾ ਖਸਤਾ ਹਾਲ ਹੈ, ਇਸ ਦਾ ਸਾਬਕਾ ਪ੍ਰਧਾਨ ਮੰਤਰੀ ਜੇਲ੍ਹ ਵਿੱਚ ਹੈ ਅਤੇ ਮੌਜੂਦਾ ਪ੍ਰਧਾਨ ਮੰਤਰੀ ਆਪਣੀ ਹੀ ਫ਼ੌਜ ਤੋਂ ਬੁਰੀ ਤਰ੍ਹਾਂ ਡਰਿਆ ਹੋਇਆ ਹੈ। ਸ਼ਾਇਦ ਮੌਨੂਸਨ ਦੀ ਕਿਸੇ ਸਵੇਰ ਇਸ ਇਮਾਨਦਾਰ ਸਵਾਲ ਦਾ ਕੋਈ ਨਾ ਕੋਈ ਜਵਾਬ ਮਿਲ ਜਾਵੇ।

# ਟੈਰਿਫ਼ ਕੀ ਹੁੰਦੇ ਹਨ ਅਤੇ ਇਹ ਕਿਵੇਂ ਕੰਮ ਕਰਦੇ ਹਨ




ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦਾ ਟੈਰਿਫ਼ ਦਾ ਵਿਆਪਕ ਗਲੋਬਲ ਪ੍ਰੋਗਰਾਮ ਹੁਣ ਲਾਗੂ ਹੋ ਗਿਆ ਹੈ। ਇਸਦਾ ਮਤਲਬ ਹੈ ਕਿ ਬਹੁਤ ਸਾਰੀਆਂ ਚੀਜ਼ਾਂ ਖਰੀਦਣ ਵਾਲੇ ਅਮਰੀਕੀ ਖਰੀਦਦਾਰਾਂ ਨੂੰ ਹੁਣ ਉਨ੍ਹਾਂ ਚੀਜ਼ਾਂ ਦੀ ਦਰਾਮਦ ਲਈ ਵਧੇਰੇ ਭੁਗਤਾਨ ਕਰਨਾ ਪਵੇਗਾ। ਬਤੌਰ ਅਮਰੀਕੀ ਰਾਸ਼ਟਰਪਤੀ ਆਪਣੇ ਨਵੇਂ ਕਾਰਜਕਾਲ 'ਚ ਟਰੰਪ ਨੇ ਇਹ ਦਰਾਮਦ ਟੈਕਸ ਪੇਸ਼ ਕੀਤੇ ਹਨ ਅਤੇ ਬਹੁਤ ਸਾਰੀਆਂ ਹੋਰ ਧਮਕੀਆਂ ਦਿੱਤੀਆਂ ਹਨ।

ਜਿਨ੍ਹਾਂ ਦਰਾਂ 'ਤੇ ਇਹ ਟੈਕਸ ਲਗਾਏ ਜਾਂਦੇ ਹਨ ਉਹ ਵਿਆਪਕ ਤੌਰ 'ਤੇ ਵੱਖ-ਵੱਖ ਹੁੰਦੇ ਹਨ। ਕੁਝ ਦੇਸ਼, ਜਿਨ੍ਹਾਂ ਨਾਲ ਟਰੰਪ ਦੀਆਂ ਨੂੰ ਸਿਆਸੀ ਤੌਰ 'ਤੇ ਕੁਝ ਸ਼ਿਕਾਇਤਾਂ ਹਨ, ਉਨ੍ਹਾਂ ਦੇਸ਼ਾਂ ਤੋਂ ਆਈਆਂ ਵਸਤੂਆਂ 'ਤੇ ਵਿਸ਼ੇਸ ਰੂਪ ਨਾਲ ਉੱਚੀਆਂ ਦਰਾਂ ਵਾਲੇ ਟੈਕਸ ਲਗਾਏ ਗਏ ਹਨ। ਬਾਕੀ ਦੇਸ਼, ਜਿਨ੍ਹਾਂ ਨਾਲ ਟਰੰਪ ਨੇ ਸਮਝੌਤੇ ਕੀਤੇ ਹਨ, ਉਨ੍ਹਾਂ ਤੋਂ ਆਈਆਂ ਵਸਤਾਂ 'ਤੇ ਘੱਟ ਦਰਾਂ ਲਾਗੂ ਕੀਤੀਆਂ ਗਈਆਂ ਹਨ। ਟਰੰਪ ਦਾ ਤਰਕ ਹੈ ਕਿ ਟੈਰਿਫ ਨਾਲ ਅਮਰੀਕਾ ਵਿੱਚ ਵਸਤੂਆਂ ਦਾ ਨਿਰਮਾਣ ਕਾਰਜ ਵਧੇਗਾ ਅਤੇ ਨੌਕਰੀਆਂ ਵਿੱਚ ਵੀ ਵਾਧਾ ਹੋਵੇਗਾ। ਹਾਲਾਂਕਿ, ਉਨ੍ਹਾਂ ਦੀ ਇਸ ਅਸਥਿਰ ਅੰਤਰਰਾਸ਼ਟਰੀ ਵਪਾਰ ਨੀਤੀ ਨੇ ਵਿਸ਼ਵ ਅਰਥਵਿਵਸਥਾ ਨੂੰ ਹਫੜਾ-ਦਫੜੀ ਵਿੱਚ ਪਾ ਦਿੱਤਾ ਹੈ, ਅਤੇ ਨਤੀਜੇ ਵਜੋਂ ਕਈ ਫਰਮਾਂ ਨੇ ਅਮਰੀਕੀ ਖਪਤਕਾਰਾਂ ਲਈ ਕੀਮਤਾਂ ਵਧਾ ਦਿੱਤੀਆਂ ਹਨ।

**ਟੈਰਿਫ ਕੀ ਹਨ ਅਤੇ ਇਹ ਕਿਵੇਂ ਕੰਮ ਕਰਦੇ ਹਨ**

ਟੈਰਿਫ਼ ਦੂਜੇ ਦੇਸ਼ਾਂ ਤੋਂ ਖਰੀਦੀਆਂ ਗਈਆਂ ਵਸਤਾਂ 'ਤੇ ਲਗਾਏ ਜਾਣ ਵਾਲੇ ਟੈਕਸ ਹਨ। ਆਮ ਤੌਰ 'ਤੇ, ਇਹ ਇੱਕ ਉਤਪਾਦ ਦੇ ਮੁੱਲ ਦਾ ਪ੍ਰਤੀਸ਼ਤ ਹੁੰਦੇ ਹਨ। 10% ਟੈਰਿਫ ਦਾ ਮਤਲਬ ਹੈ ਕਿ 10 ਡਾਲਰ ਦੇ ਉਤਪਾਦ 'ਤੇ 1 ਡਾਲਰ ਟੈਕਸ ਲੱਗਦਾ ਹੈ - ਇਸ ਤਰ੍ਹਾਂ ਉਤਪਾਦ ਬਰਾਮਦ ਕਰਨ ਵਾਲੇ ਨੂੰ ਕੁੱਲ ਲਾਗਤ 11 ਡਾਲਰ ਪੈਂਦੀ ਹੈ। ਅਮਰੀਕਾ ਵਿੱਚ ਵਿਦੇਸ਼ੀ ਸਮਾਨ ਲਿਆਉਣ ਵਾਲੀਆਂ ਕੰਪਨੀਆਂ ਨੂੰ ਸਰਕਾਰ ਨੂੰ ਟੈਕਸ ਦਾ ਭੁਗਤਾਨ ਕਰਨਾ ਪੈਂਦਾ ਹੈ।

ਹਾਲਾਂਕਿ ਉਹ ਇਸ ਪੂਰੇ ਵਾਧੂ ਖਰਚੇ ਨੂੰ ਜਾਂ ਇਸਦਾ ਕੁਝ ਹਿੱਸਾ ਗਾਹਕਾਂ ਦੇ ਸਿਰ ਪਾ ਸਕਦੇ ਹਨ। ਜਾਂ ਫਿਰ ਇਹ ਵੀ ਹੋਰ ਸਕਦਾ ਹੈ ਕਿ ਦਰਾਮਦ ਕਰਨ ਵਾਲੀਆਂ ਫਰਮਾਂ ਘੱਟ ਸਮਾਨ ਦਰਾਮਦ ਕਰਨ ਦਾ ਫੈਸਲਾ ਕਰਨ। ਮਈ ਮਹੀਨੇ ਦੇ ਅੰਤ ਵਿੱਚ, ਇੱਕ ਅਮਰੀਕੀ ਵਪਾਰ ਅਦਾਲਤ ਨੇ ਫੈਸਲਾ ਸੁਣਾਇਆ ਕਿ ਟਰੰਪ ਕੋਲ ਉਨ੍ਹਾਂ ਦੁਆਰਾ ਐਲਾਨੇ ਗਏ ਕੁਝ ਟੈਰਿਫ਼ ਲਗਾਉਣ ਦਾ ਅਧਿਕਾਰ ਨਹੀਂ ਹੈ, ਕਿਉਂਕਿ ਉਨ੍ਹਾਂ ਅਜਿਹਾ ਰਾਸ਼ਟਰੀ ਐਮਰਜੈਂਸੀ ਸ਼ਕਤੀਆਂ ਦੇ ਅਧੀਨ ਕੀਤਾ ਸੀ। ਪਰ ਅਗਲੇ ਹੀ ਦਿਨ, ਇੱਕ ਅਦਾਲਤ ਨੇ ਕਿਹਾ ਕਿ ਕੇਸ ਜਾਰੀ ਰਹਿਣ ਤੱਕ ਸੰਬੰਧਿਤ ਟੈਕਸ ਵੀ ਲਾਗੂ ਰਹਿ ਸਕਦੇ ਹਨ।

**ਟਰੰਪ ਟੈਰਿਫ ਕਿਉਂ ਲਗਾ ਰਹੇ ਹਨ**

ਟਰੰਪ ਦਾ ਕਹਿਣਾ ਹੈ ਕਿ ਟੈਰਿਫ ਅਮਰੀਕੀ ਖਪਤਕਾਰਾਂ ਨੂੰ ਅਮਰੀਕਾ 'ਚ ਬਣਿਆ ਸਮਾਨ ਵਧੇਰੇ ਖਰੀਦਣ ਲਈ ਉਤਸ਼ਾਹਿਤ ਕਰਨਗੇ, ਟੈਕਸਾਂ ਵਿੱਚ ਵਾਧਾ ਕਰਨਗੇ ਅਤੇ ਨਿਵੇਸ਼ ਨੂੰ ਵਧਾਉਣਗੇ। ਉਹ ਉਨ੍ਹਾਂ ਵਸਤੂਆਂ ਦੇ ਮੁੱਲ ਦੇ ਵਿਚਕਾਰਲੇ ਪਾੜੇ ਨੂੰ ਘਟਾਉਣਾ ਚਾਹੁੰਦੇ ਹਨ ਜੋ ਅਮਰੀਕਾ ਦੂਜੇ ਦੇਸ਼ਾਂ ਤੋਂ ਖਰੀਦਦਾ ਹੈ ਅਤੇ ਉਨ੍ਹਾਂ ਨੂੰ ਵੇਚਦਾ ਹੈ - ਜਿਸਨੂੰ ਵਪਾਰ ਘਾਟਾ ਕਿਹਾ ਜਾਂਦਾ ਹੈ (ਅਜਿਹੀ ਸਥਿਤੀ ਜਦੋਂ ਇੱਕ ਦੇਸ਼ ਵੱਧ ਮੁੱਲ 'ਤੇ ਵਸਤੂਆਂ ਦਰਾਮਦ ਕਰਦਾ ਹੈ ਅਤੇ ਘੱਟ ਮੁੱਲ 'ਤੇ ਵਸਤੂਆਂ ਬਰਾਮਦ ਕਰਦਾ ਹੈ)। ਉਹ ਦਲੀਲ ਦਿੰਦੇ ਹਨ ਕਿ "ਧੋਖੇਬਾਜ਼ਾਂ" ਨੇ ਅਮਰੀਕਾ ਦਾ ਫਾਇਦਾ ਉਠਾਇਆ ਹੈ ਅਤੇ ਵਿਦੇਸ਼ੀ ਲੋਕਾਂ ਨੇ "ਲੁੱਟ" ਕੀਤੀ ਹੈ। ਟਰੰਪ ਨੇ ਖਾਸ ਸਮਾਨ ਅਤੇ ਵਿਅਕਤੀਗਤ ਦੇਸ਼ਾਂ ਤੋਂ ਦਰਾਮਦ ਦੇ ਵਿਰੁੱਧ ਵੱਖ-ਵੱਖ ਟੈਰਿਫਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਦੇਸ਼ਾਂ ਸਬੰਧੀ ਟੈਰਿਫ ਦੇ ਐਲਾਨ ਵਿੱਚ ਬਾਅਦ ਵਿੱਚ ਸੋਧ ਵੀ ਕੀਤੀ ਗਈ, ਜਿਵੇਂ - ਕਈਆਂ ਲਈ ਟੈਰਿਫ ਲਾਗੂ ਹੋਣ ਦਾ ਸਮਾਂ ਅੱਗੇ ਵਧ ਦਿੱਤਾ ਤੇ ਕੁਝ ਲਈ ਇਨ੍ਹਾਂ ਨੂੰ ਬਿਲਕੁਲ ਖਤਮ ਕਰ ਦਿੱਤਾ।

ਆਲੋਚਕ ਟਰੰਪ 'ਤੇ ਇਲਜ਼ਾਮ ਲਗਾਉਂਦੇ ਹਨ ਕਿ ਉਹ ਨਾਟਕੀ ਅਤੇ ਕਈ ਵਾਰ ਵਿਰੋਧੀ ਨੀਤੀ ਬਿਆਨ ਦੇ ਕੇ ਆਪਣੇ ਵਪਾਰਕ ਭਾਈਵਾਲਾਂ ਨੂੰ ਅਜਿਹੇ ਸੌਦਿਆਂ 'ਤੇ ਸਹਿਮਤ ਹੋਣ ਲਈ ਉਤਸ਼ਾਹਿਤ ਕਰਦੇ ਹਨ, ਜੋ ਅਮਰੀਕਾ ਨੂੰ ਲਾਭ ਪਹੁੰਚਾਉਣ। ਟਰੰਪ ਨੇ ਟੈਰਿਫਾਂ ਦੇ ਨਾਲ-ਨਾਲ ਹੋਰ ਮੰਗਾਂ ਵੀ ਕੀਤੀਆਂ ਹਨ। ਆਪਣੇ ਮੌਜੂਦਾ ਕਾਰਜਕਾਲ ਦੇ ਪਹਿਲੇ ਟੈਰਿਫਾਂ ਨੂੰ ਚੀਨ, ਮੈਕਸੀਕੋ ਅਤੇ ਕੈਨੇਡਾ ਦੇ ਵਿਰੁੱਧ ਐਲਾਨਦੇ ਹੋਏ, ਉਨ੍ਹਾਂ ਕਿਹਾ ਕਿ ਤਿੰਨੋਂ ਦੇਸ਼ਾਂ ਨੂੰ, ਪਰਵਾਸੀਆਂ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਨੂੰ ਅਮਰੀਕਾ ਤੱਕ ਪਹੁੰਚਣ ਤੋਂ ਰੋਕਣ ਲਈ ਹੋਰ ਕੁਝ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, 14 ਜੁਲਾਈ ਨੂੰ ਟਰੰਪ ਨੇ ਧਮਕੀ ਦਿੱਤੀ ਕਿ ਜੇਕਰ ਯੂਕਰੇਨ ਵਿੱਚ ਯੁੱਧ

(ਬਾਕੀ ਸਫਾ 14 ‘ਤੇ)

# ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਨੂੰ ਮਿਲਿਆ 24 ਖੇਡ ਕਲੱਬਾਂ ਦਾ ਸਮਰਥਨ

## ਤੀਰਥ ਗਾਖਲ ਫੈਡਰੇਸ਼ਨ ਦੀ ਅਗਵਾਈ ‘ਚ ਟਰਾਂਟੋ ਕਬੱਡੀ ਕੱਪ ‘ਚ ਲਵਾਂਗੇ ਭਾਗ- ਬਲਜੀਤ ਸੰਧੂ



ਸਾਨ ਫਰਾਂਸਿਸਕੋ-(ਐਸ ਅਸ਼ੋਕ ਭੌਰਾ) ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੀ ਇੱਕ ਵਿਸ਼ੇਸ਼ ਇਕੱਤਰਤਾ ਇਥੇ ਮਡੈਸਟੋ ਵਿਖੇ ਪ੍ਰਧਾਨ ਤੀਰਥ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿਚ ਪ੍ਰਧਾਨ ਵਲੋਂ ਮੁੱਖ ਸ੍ਰਪਰਸਤ ਸ. ਸਤਵੰਤ ਸਿੰਘ ਸੰਘੇੜਾ ਤੇ ਸਲਾਹਕਾਰ ਕਮੇਟੀ ਤੇ ਹਾਜਰ ਖੇਡ ਕਲੱਬਾਂ ਦੇ ਮੁਖੀ, ਕਬੱਡੀ ਪ੍ਰੇਮੀ ਤੇ ਫੈਡਰੇਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਨ ਉਪਰੰਤ ਕਬੱਡੀ ਦੀ ਬਿਹਤਰੀ ਤੇ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਨੂੰ ਨਵੀਂ ਰੂਪ ਰੇਖਾ ਦੇਣ ‘ਤੇ ਵਿਚਾਰ ਕਰਨ ਲਈ ਫੈਡਰੇਸ਼ਨ ਦੇ ਜਨਰਲ ਸਕੱਤਰ ਬਲਜੀਤ ਸਿੰਘ ਸੰਧੂ ਨੂੰ ਅਗਲੀ ਕਾਰਵਾਈ ਕਰਨ ਲਈ ਕਿਹਾ। ਸ. ਸੰਧੂ ਨੇ ਮਾਂ ਖੇਡ ਕਬੱਡੀ ਲਈ ਸਿਰਜੇ ਜਾ ਰਹੇ ਇਤਿਹਾਸਕ ਕਾਰਜ ‘ਚ ਸਹਿਯੋਗ ਕਈ ਸਾਰਿਆਂ ਨੂੰ ਸਤਿਕਾਰ ਦੇਂਦਿਆ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨਾਲ ਅਮਰੀਕਾ ਦੀਆਂ 24 ਖੇਡ ਕਲੱਬਾਂ ਜੁੜ ਗਈਆਂ ਨੇ ਜੋ ਵਿਸ਼ਵ ਵਿੱਚ ਕਬੱਡੀ ਨੂੰ ਹੋਰ ਬੇਹਤਰੀਨ ਸੇਵਾਵਾਂ ਦੇਣ ਲਈ ਫੈਡਰੇਸ਼ਨ ਦਾ ਸਹਿਯੋਗ ਕਰਨਗੀਆਂ।

ਬਲਜੀਤ ਸਿੰਘ ਸੰਧੂ ਹੋਰਾਂ ਸਾਰੀਆਂ ਕਲੱਬਾਂ ਦਾ ਧੰਨਵਾਦ ਕਰਦੀਆਂ ਹਾਂ ਇਹ ਅਹਿਦ ਲਿਆ ਕਿ ਸਾਰੇ ਪ੍ਰਧਾਨ ਤੀਰਥ ਸਿੰਘ ਗਾਖਲ ਨਾਲ ਕਬੱਡੀ ਦੀ ਬੇਹਤਰੀ ਲਈ ਕੀਤੇ ਜਾ ਰਹੇ ਕਾਰਜਾਂ ‘ਚ ਮੋਢੇ ਨਾਲ ਮੋਢਾ ਲਾ ਕੇ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਮੀਟਿੰਗ ਵਿੱਚ ਫੈਡਰੇਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਕਰਨ ਦੇ ਨਾਲ ਨਾਲ ਸਮੂਹਿਕ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗੀ ਕਲੱਬਾਂ ਵੱਲੋਂ ਫੰਡ ਦੇਣਾ, ਟੋਰੋਂਟੋ ਵਿੱਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਵਿੱਚ ਫੈਡਰੇਸ਼ਨ ਦੀ ਅਗਵਾਈ ‘ਚ ਸ਼ਾਮਿਲ ਹੋਣਾ ਤੇ ਅਗਲੇ ਮਹੀਨਿਆਂ ਵਿੱਚ ਉੱਤਰੀ ਅਮਰੀਕਾ ‘ਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਦੀ ਰੂਪ ਰੇਖਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਨੂੰ ਸਾਰਿਆਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਇਸ ਮੌਕੇ ਤੇ ਕਬੱਡੀ ਪ੍ਰਮੋਟਰ ਬਾਬਾ ਜੋਹਨ ਸਿੰਘ ਗਿੱਲ ਤੇ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਨੇ ਵੀ ਆਪਣੇ ਵਿਚਾਰਾਂ 'ਚ ਕਿਹਾ ਕਿ ਨਵੀਂ ਫੈਡਰੇਸ਼ਨ ਤੀਰਥ ਸਿੰਘ ਗਾਖਲ ਦੀ ਅਗਵਾਈ ਹੇਠ ਕਬੱਡੀ ਦੇ ਵਿਕਾਸ ਤੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਯੋਗ ਅਗਵਾਈ ਦੇਣ ਦੇ ਪੂਰਨ ਸਮਰੱਥ ਹੈ ਤੇ ਸਾਰਿਆਂ ਨੂੰ ਫੈਡਰੇਸ਼ਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ।

ਜਨਰਲ ਸਕੱਤਰ ਬਲਜੀਤ ਸੰਧੂ ਨੇ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਉਹ ਕਬੱਡੀ ਨੂੰ ਸਮਰਪਿਤ ਨੇ ਤੇ ਉਹ ਇਹ ਅਹਿਮ ਜਿੰਮੇਵਾਰੀ ਨੂੰ ਨਿਭਾ ਕੇ ਹੋਰ ਵੀ ਖੁਸ਼ੀ ਮਹਿਸੂਸ ਕਰਨਗੇ ਤੇ ਤੀਰਥ ਸਿੰਘ ਗਾਖਲ ਨਾਲ ਕੰਮ ਕਰਕੇ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਵਿੱਚ ਉਨ੍ਹਾਂ ਹੌਸਲਾ ਤੇ ਬਲ ਵੀ ਮਿਲੇਗਾ।

# ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਸਿੱਖ ਬਜ਼ੁਰਗ ’ਤੇ ਨਸਲੀ ਹਮਲੇ ਦੀ ਨਿਖੇਧੀ

ਅੰਮ੍ਰਿਤਸਰ- ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਮਰੀਕਾ ’ਚ ਕੈਲੀਫੋਰਨੀਆ ਦੇ ਨਾਰਥ ਹੋਲੀਵੁੱਡ ਵਿੱਚ 70 ਸਾਲਾ ਸਿੱਖ ਹਰਪਾਲ ਸਿੰਘ ਉੱਤੇ ਹੋਏ ਨਫ਼ਰਤੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਸ ਏਂਜਲਸ ਪੁਲੀਸ ਵਿਭਾਗ (ਐੱਲ।ਏ।ਪੀ।ਡੀ) ਅਤੇ ਅਮਰੀਕੀ ਜਾਂਚ ਏਜੰਸੀਆਂ ਦੋਸ਼ੀ ਵਿਅਕਤੀ ਨੂੰ ਸਖ਼ਤ ਤੇ ਮਿਸਾਲੀ ਸਜ਼ਾ ਯਕੀਨੀ ਬਣਾਉਣ। ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਹਮਲੇ ਪਿੱਛੇ ਮੁਲਜ਼ਮ ਦੀ ਮਨਸ਼ਾ ਨੂੰ ਸਮਝਣਾ ਅਤਿ ਜ਼ਰੂਰੀ ਹੈ ਅਤੇ ਇਸ ਨੂੰ ਨਫ਼ਰਤੀ ਅਪਰਾਧ ਵਜੋਂ ਦਰਜ ਕੀਤਾ ਜਾਣਾ ਚਾਹੀਦਾ ਹੈ।

ਜਾਣਕਾਰੀ ਅਨੁਸਾਰ ਹਰਪਾਲ ਸਿੰਘ ਸੈਟੀਕੋਏ ਸਟ੍ਰੀਟ ਅਤੇ ਲੈਂਕਰਸ਼ਿਮ ਬੁਲੇਵਾਰਡ ਦੇ ਨੇੜੇ ਪੈਦਲ ਜਾ ਰਿਹ ਸੀ, ਜਦੋਂ ਇੱਕ ਵਿਅਕਤੀ ਨੇ ਉਨ੍ਹਾਂ ਦੇ ਉੱਪਰ ਹਮਲਾ ਕਰ ਦਿੱਤਾ ਅਤੇ ਉਹ ਹੁਣ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਪੁਲੀਸ ਵੱਲੋਂ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਥੇਦਾਰ




ਗੜਗੱਜ ਨੇ ਕਿਹਾ ਕਿ ਐੱਫ ਬੀ ਆਈ ਦੀ ਸਾਲ 2024 ਦੀ ਨਫ਼ਰਤੀ ਅਪਰਾਧ ਦੀ ਰਿਪੋਰਟ ਮੁਤਾਬਕ ਭਾਵੇਂ ਕਿ ਅਮਰੀਕਾ ਵਿੱਚ ਸਿੱਖਾਂ ਖ਼ਿਲਾਫ਼ ਨਫ਼ਰਤੀ ਹਮਲਿਆਂ ਵਿੱਚ ਕੁਝ ਕਮੀ ਆਈ ਹੈ ਪਰ ਸਿੱਖ ਤੀਜੇ ਸਭ ਤੋਂ ਵੱਧ ਨਿਸ਼ਾਨਾ ਬਣਾਏ ਜਾਣ ਵਾਲੇ ਧਾਰਮਿਕ ਸਮੂਹ ਵਿੱਚ ਦਰਜ ਕੀਤੇ ਗਏ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਮੁਤਾਬਕ ਸਾਲ 2024 ਵਿੱਚ ਸਿੱਖਾਂ ਵਿਰੁੱਧ 153 ਨਫ਼ਰਤੀ ਹਮਲੇ ਦਰਜ ਕੀਤੇ ਗਏ ਹਨ। ਜਥੇਦਾਰ ਨੇ ਕਿਹਾ ਕਿ ਇਨ੍ਹਾਂ ਨਫ਼ਰਤੀ ਹਮਲਿਆਂ ਨੂੰ ਰੋਕਣ ਲਈ ਅਮਰੀਕਾ ਸਮੇਤ ਹੋਰ ਦੇਸ਼ਾਂ ਵਿੱਚ ਵੀ ਸਾਂਝੇ ਯਤਨਾਂ ਨਾਲ ਸਿੱਖ ਪਛਾਣ ਬਾਰੇ ਜਾਗਰੂਕਤਾ ਲਿਆਉਣ ਦੀ ਲੋੜ ਹੈ। ਉਨ੍ਹਾਂ ਅਮਰੀਕਾ ਸਥਿਤ ਸਿੱਖ ਜਥੇਬੰਦੀਆਂ ਨੂੰ ਕਿਹਾ ਕਿ ਉਹ ਅਮਰੀਕੀ ਲੋਕਾਂ ਵਿੱਚ ਸਿੱਖ ਪਛਾਣ ਪ੍ਰਤੀ ਜਾਗਰੂਕਤਾ ਲਿਆਉਣ ਲਈ ਵਿਸ਼ੇਸ਼ ਯਤਨ ਕਰਨ ਅਤੇ ਜੇਕਰ ਕੋਈ ਪਰੇਸ਼ਾਨੀ ਹੈ ਤਾਂ ਇਸ ਲਈ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਹਿਯੋਗ ਲਿਆ ਜਾਵੇ।


GLOBAL ADVISORS, LLC.

168 S. Hillview Drive, Milpitas, CA 95035

contact@globaladvisors.llcwww.globaladvisors.llc

Phone: 408-613-3876 / 408-600-9471

Legal Documentation Services: Family Law, Estate Planning, Small Claims/ Civil Law, Unlawful Detainer, POA, Social Security Disability.



‘Sara’- Saraswatee Consultant

**Income Tax Preparation:** Strategic individual and business tax filings, tax planning, IRS audit, sales & use tax, and new company formation.

**Financial Accounting & Management:** Strategic accounting & reporting services, which are scalable, tactical, and team-driven.

**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others

**Live-Scan and Notary**

GLOBAL ADVISORS, LLC

contact@globaladvisors.llc 408-613-3876 / 408-600-9471



Eden's Liquor &

NEW YORK PIZZA

Phone:- 510-582-3333

1086 A ST, Hayward

HOME OF THE 30" SUPER KING KONG PIZZA

ADD Fries to any deal for $2.99

**Slice Deal**
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

**Everyday Special**
1 Large 14" Toppings Pizza
$21.99 *
FREE 2LT SODA

**Best Deal**
1X-Large 18" 1 Topping Pizza
$22.99 *
FREE 2LT SODA

**King Kong Deal**
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals

Sun - Thu 11AM - 10PM
Fri - Sat 11AM - 11PM

EdensLiquorandPizza.com

# ਸੰਪਾਦਕੀ

## ਟਰੰਪ ਦੇ ਟੈਰਿਫ ਦਾ ਅਸਰ

ਅਮਰੀਕੀ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ ਅੱਜਕਲ੍ਹ ਟੈਰਿਫ ਨੂੰ ਲੈ ਕੇ ਚਰਚਾ ਵਿਚ ਹਨ। ਉਹਨਾਂ ਨੇ ਕਈ ਮੁਲਕਾਂ ਤੇ ਵਪਾਰ ਵਿਚ ਟੈਰਿਫ ਯਾਨਿ ਟੈਕਸ ਵਧਾ ਦਿੱਤੇ ਹਨ। ਰਾਸ਼ਟਰਪਤੀ ਟਰੰਪ ਚਾਹੁੰਦੇ ਹਨ ਕਿ ਅਮਰੀਕਾ ਵਿਚ ਫਿਰ ਦੁਬਾਰਾ ਫੈਕਟਰੀਆਂ ਲੱਗਣ, ਮਾਲ ਬਣੇ ਅਤੇ ਬਣਿਆ ਮਾਲ ਦੁਨੀਆਂ ਭਰ ਵਿਚ ਨਿਰਯਾਤ ਹੋਵੇ। ਅਸਲ ਵਿਚ ਟਰੰਪ ਪਿਛਲੀ ਸਦੀ ਦੇ ਸ਼ੁਰੂਆਤੀ 20-30 ਸਾਲਾਂ ਦੇ ਇਤਿਹਾਸ ਨੂੰ ਦੁਹਰਾਉਣਾ ਚਾਹੁੰਦੇ ਹਨ, ਜਦੋਂ ਅਮਰੀਕਾ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਵਿਚ ਸਿੱਧਾ ਸ਼ਾਮਲ ਤਾਂ ਨਹੀਂ ਹੋਇਆ ਪਰ ਆਪਣੇ ਹਥਿਆਰ ਵੇਚ ਕੇ ਦੁਨੀਆਂ ਤੋਂ ਪੈਸਾ ਕਮਾਉਂਦਾ ਰਿਹਾ। ਟਰੰਪ ਹੁਣ ਇਸੇ ਮੋਡ ਵਿਚ ਆ ਗਏ ਲੱਗਦੇ ਹਨ। ਪਰ ਹੁਣ ਅਮਰੀਕਾ ਜਿਸ ਮੁਕਾਮ 'ਤੇ ਹੈ, ਅਮਰੀਕੀ ਲੋਕਾਂ ਦਾ ਜੀਵਨ ਪੱਧਰ ਜਿਸ ਕਿਸਮ ਦਾ ਹੈ, ਲੇਬਰ ਕਾਨੂੰਨ ਜੋ ਹੁਣ ਲਾਗੂ ਹਨ, ਕੀ ਟਰੰਪ ਨੂੰ ਪਿੱਛੇ ਮੁੜਨ ਦੇਣਗੇ?

ਦੁਨੀਆਂ ਵਿਚ ਇਸ ਵਕਤ ਅਮਰੀਕਾ ਦੀਆਂ ਹੀ ਕੰਪਨੀਆਂ ਮੈਨੂਫੈਕਚਰਿੰਗ ਕਰ ਰਹੀਆਂ ਹਨ। ਅਮਰੀਕਾ ਨੇ ਚੀਨ ਨੂੰ ਮਦਦ ਦੇਣੀ ਆਰੰਭ ਕੀਤੀ ਤਾਂ ਅਮਰੀਕੀ ਕੰਪਨੀਆਂ ਚੀਨ ਵਿਚ ਆ ਕੇ ਚੀਜ਼ਾਂ ਬਣਾਉਣ ਲੱਗੀਆਂ ਕਿਉਂਕਿ ਚੀਨ ਵਿਚ ਉਹਨਾਂ ਨੂੰ ਸਸਤੀ ਬਿਜਲੀ, ਸਸਤੀ ਲੇਬਰ ਅਤੇ ਸਸਤਾ ਕੱਚਾ ਮਾਲ ਮਿਲਣ ਲੱਗ ਪਿਆ। ਜਦੋਂ ਅਮਰੀਕਾ ਨੂੰ ਅਹਿਸਾਸ ਹੋਇਆ ਕਿ ਅਮਰੀਕੀ ਦੌਲਤ ਚੀਨ ਵੱਲ ਖਿਸਕਦੀ ਜਾ ਰਹੀ ਹੈ ਤਾਂ ਰਾਸ਼ਟਰਪਤੀ ਟਰੰਪ ਨੇ ਹੀ ਇਸ ਲਈ ਆਵਾਜ਼ ਉਠਾਈ ਪਰ ਪਹਿਲੇ ਕਾਰਜਕਾਲ ਵਿਚ ਉਹ ਜ਼ਿਆਦਾ ਕੁਝ ਨਹੀਂ ਕਰ ਸਕੇ ਪਰ ਇਕ ਅਜਿਹੀ ਹਵਾ ਬਣਾ ਦਿੱਤੀ ਕਿ ਜੇਕਰ ਟਰੰਪ ਦੁਬਾਰਾ ਆ ਗਏ ਤਾਂ ਚੀਨ ਨੂੰ ਆਰਥਿਕ ਤੌਰ ਤੇ ਕਮਜ਼ੋਰ ਕਰ ਦੇਣਗੇ। ਅਜਿਹੀ ਸ਼ੁਰੂਆਤ ਹੋਈ ਵੀ ਪਰ ਉਹੀ ਕੰਪਨੀਆਂ ਜੋ ਅਮਰੀਕਾ ਦੀਆਂ ਹੀ ਹਨ, ਨਿਕਲ ਕੇ ਵੀਅਤਨਾਮ, ਇੰਡੋਨੇਸ਼ੀਆ, ਬੰਗਲਾਦੇਸ਼, ਭਾਰਤ ਅਤੇ ਹੋਰ ਮੁਲਕਾਂ ਵੱਲ ਰੁਖ ਕਰ ਗਈਆਂ। ਹੁਣ ਇਹ ਕੰਪਨੀਆਂ ਇਹਨਾਂ ਮੁਲਕਾਂ ਤੋਂ ਸਮਾਨ ਤਿਆਰ ਕਰਕੇ ਅਮਰੀਕਾ ਨੂੰ ਭੇਜ ਰਹੀਆਂ ਹਨ। ਅਮਰੀਕਾ ਕਿਉਂਕਿ ਇਕ ਖਪਤ ਬੇਸਡ ਅਰਥਚਾਰਾ ਬਣ ਗਿਆ ਹੈ, ਲਈ ਵਾਪਸੀ ਇਸ ਕਰਕੇ ਅਸੰਭਵ ਹੈ ਕਿਉਂਕਿ ਅਮਰੀਕਾ ਵਿਚ ਲੇਬਰ ਸਬੰਧੀ ਕਾਨੂੰਨ ਬਹੁਤ ਸਖਤ ਹਨ।

ਹਾਲਾਤ ਇਹ ਹਨ ਕਿ ਜੇਕਰ ਤੁਹਾਡੇ ਘਰ ਦੀ ਟੂਟੀ ਵੀ ਖਰਾਬ ਹੋ ਗਈ ਹੈ ਤਾਂ ਟੂਟੀਆਂ ਠੀਕ ਕਰਨ ਵਾਲਾ ਆਪਣੀ ਮਹਿੰਗੀ ਕਾਰ ਵਿਚ ਆਵੇਗਾ ਅਤੇ ਚੰਗੀ ਫੀਸ ਲੈ ਕੇ ਜਾਵੇਗਾ। ਕੋਈ ਸਮਾਨ ਖਰਾਬ ਹੋ ਜਾਵੇ ਤਾਂ ਮੁਰੰਮਤ ਕਰਾਉਣ 'ਤੇ ਜਿੰਨਾ ਖਰਚਾ ਆਉਂਦਾ ਹੈ, ਉਨੇ ਪੈਸਿਆਂ ਨਾਲ ਨਵੀਂ ਹੀ ਚੀਨ ਆ ਜਾਂਦੀ ਹੈ। ਅਮਰੀਕਾ ਕੋਲ ਇਸ ਵਕਤ ਨਾ ਸਸਤੀ ਲੇਬਰ ਹੈ, ਨਾ ਹੀ ਸਸਤਾ ਕੱਚਾ ਮਾਲ, ਇਕੱਲੀ ਤਕਨੀਕ ਦੇ ਸਹਾਰੇ ਅਮਰੀਕਾ ਆਪਣੇ ਪੁਰਾਤਨ ਦੌਰ ਵਾਲਾ ਮਾਣ ਹਾਸਲ ਨਹੀਂ ਕਰ ਸਕਦਾ। ਡਾਲਰ ਦੀ ਸਰਦਾਰੀ ਨੂੰ ਢਾਅ ਲੱਗ ਰਹੀ ਹੈ ਕਿਉਂਕਿ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਨੇ ਆਪਣੀ ਕਰੰਸੀ ਵਿਚ ਵਪਾਰ ਕਰਨ ਦੇ ਸਮਝੌਤੇ ਕਰ ਲਏ ਹਨ, ਇਸ ਕਰਕੇ ਡਾਲਰ ਐਕਸਚੇਂਜ ਤੋਂ ਜੋ ਕਮਾਈ ਹੁੰਦੀ ਸੀ, ਉਸ ਵਿਚ ਵੀ ਕਮੀ ਆ ਰਹੀ ਹੈ। ਚੀਨ ਵਿਚ ਲੇਬਰ ਸਸਤੀ ਹੁਣ ਨਹੀਂ ਰਹੀ ਪਰ ਭਾਰਤ ਸਮੇਤ ਹੋਰ ਮੁਲਕਾਂ ਵਿਚ ਸਸਤੀ ਹੈ, ਸਸਤਾ ਕੱਚਾ ਮਾਲ ਮਿਲਦਾ ਹੈ, ਇਸ ਕਰਕੇ ਵਪਾਰੀ ਆਪਣਾ ਲਾਮ-ਲਸ਼ਕਰ ਲੈ ਕੇ ਹੋਰ ਮੁਲਕਾਂ ਵਿਚ ਜਾ ਰਹੇ ਹਨ। ਆਖਿਰ ਆਮ ਲੋਕਾਂ ਨੂੰ ਕੱਪੜੇ, ਦਵਾਈਆਂ, ਘਰੇਲੂ ਵਰਤੋਂ ਦੀਆਂ ਚੀਜ਼ਾਂ ਜੇਕਰ ਸਸਤੀਆਂ ਮਿਲਣਗੀਆਂ ਤਾਂ ਉਹ ਅਮਰੀਕਾ ਵਿਚ ਬਣੀਆਂ ਮਹਿੰਗੀਆਂ ਚੀਜ਼ਾਂ ਕਿਉਂ ਖਰੀਦਣਗੇ? ਇਸ ਲਈ ਤਾਂ ਅਮਰੀਕਾ ਨੂੰ ਆਪਣੇ ਮੁਲਕ ਵਿਚ ਹੀ ਉਥਲ-ਪੁਥਲ ਲਿਆਉਣੀ ਪੈਣੀ ਹੈ। ਬਾਹਰੋਂ ਸਸਤਾ ਮਾਲ ਪੂਰੀ ਤਰ੍ਹਾਂ ਬੰਦ ਨਹੀਂ ਹੋ ਸਕਦਾ ਪਰ ਜ਼ਿਆਦਾਤਰ ਬੰਦ ਹੋ ਸਕਦਾ ਹੈ ਪਰ ਇਸ ਦਾ ਖਮਿਆਜ਼ਾ ਅਮਰੀਕਾ ਦੀ ਜਨਤਾ ਨੂੰ ਭੁਗਤਣਾ ਪੈਣਾ ਹੈ। ਇਸ ਕਰਕੇ ਰਾਸ਼ਟਰਪਤੀ ਟਰੰਪ ਬੇਸ਼ੱਕ ਮੁਲਕ ਦਾ ਭਲਾ ਕਰਨਾ ਚਾਹੁੰਦੇ ਹਨ ਪਰ ਇਸ ਤੋਂ ਉਪਜਣ ਵਾਲੇ ਹਾਲਾਤਾਂ ਨਾਲ ਕਿਵੇਂ ਨਿਪਟਣਗੇ, ਇਹ ਫਿਲਹਾਲ ਸਪਸ਼ਟ ਨਹੀਂ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਕੀ ਸਮੇਂ ਦੀ ਲੋੜ ਰਿਹਾ ਹੈ ਅਕਾਲੀ-ਭਾਜਪਾ ਗੱਠਜੋੜ

ਅੱਜ ਕੱਲ੍ਹ ਪੰਜਾਬ ਦੀ ਰਾਜਨੀਤੀ ਵਿੱਚ ਅਕਾਲੀ-ਭਾਜਪਾ ਦੇ ਦੁਬਾਰਾ ਗੱਠਜੋੜ ਦੀ ਚਰਚਾ ਚੱਲ ਰਹੀ ਹੈ। ਪੰਜਾਬ ਭਾਜਪਾ ਦੇ ਵੱਡੇ ਲੀਡਰ ਤੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਇਸ ਗੱਠਜੋੜ ਦੀ ਵਕਾਲਤ ਲੰਮੇ ਸਮੇਂ ਤੋਂ ਕਰ ਰਹੇ ਹਨ। ਉਹ ਇਸ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਨਜਿੱਠਣ ਤੇ ਪ੍ਰਦੇਸ਼ ਵਿੱਚ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਵੀ ਜ਼ਰੂਰੀ ਸਮਝਦੇ ਹਨ। ਅਕਾਲੀ ਦਲ ਦੇ ਕਈ ਧੜੇ ਤੇ ਲੀਡਰ ਵੀ ਅਜਿਹੇ ਗੱਠਜੋੜ ਨੂੰ ਦੱਬੀ ਜ਼ੁਬਾਨ ਜਾਂ ਹੋਰ ਤਰੀਕਿਆਂ ਨਾਲ ਦੁਬਾਰਾ ਸ਼ੁਰੂ ਕਰਨ ਦੀ ਹਾਮੀ ਭਰਦੇ ਰਹੇ ਹਨ। 2014 ਤੋਂ ਬਾਅਦ ਅਕਾਲੀ ਦਲ ਦੇ ਲਗਾਤਾਰ ਨਿਘਾਰ ਕਾਰਨ ਦਲ ਵਿੱਚ ਵੱਡੀ ਟੁੱਟ-ਭੱਜ ਵੀ ਹੋਈ ਅਤੇ ਇਸ ਦੇ ਵੱਡੀ ਗਿਣਤੀ ਵਿੱਚ ਲੀਡਰ, ਸਾਬਕਾ ਐਮਐਲਏ ਤੇ ਕੇਡਰ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅਕਾਲੀ ਦਲ ਦੇ ਦੋਫਾੜ ਹੋਣ ਨਾਲ ਬਾਦਲ ਦਲ ਦੀ ਸਾਖ ਨੂੰ ਧੱਕਾ ਲੱਗਾ। ਤਖ਼ਤਾਂ ਦੇ ਜਥੇਦਾਰਾਂ ਦੇ ਮਸਲੇ ਤੇ ਉਨ੍ਹਾਂ ਨਾਲ ਸਬੰਧਿਤ ਝਗੜਿਆਂ ਨੇ ਅਕਾਲੀ ਦਲ ਦੀ ਲੀਡਰਸ਼ਿਪ ਲਈ ਵੱਡੇ ਸਵਾਲ ਪੈਦਾ ਕੀਤੇ ਜਿਨ੍ਹਾਂ ਦਾ ਅਸਰ ਅਕਾਲੀ ਦਲ ਦੀ ਰਾਜਸੀ ਤਾਕਤ 'ਤੇ ਪਿਆ।



ਜਗਰੂਪ ਸਿੰਘ ਸੇਖੋਂ

ਅਕਾਲੀ-ਭਾਜਪਾ ਦੇ ਪਹਿਲੇ ਗੱਠਜੋੜ ਦਾ ਧਰਾਤਲ ਅਕਾਲੀ ਦਲ ਦੇ 1996 ਵਾਲੇ ਐਲਾਨਨਾਮੇ ਨਾਲ ਦਲ ਦਾ ਆਧਾਰ ਵਧਾਉਣ ਵਾਸਤੇ ਬਣਿਆ। ਇਸ ਦਾ ਮੁੱਖ ਮੰਤਵ ਅਕਾਲੀ ਦਲ ਦੀ ਰਾਜਨੀਤਕ ਹੈਸੀਅਤ ਨੂੰ ਵਧਾ ਕੇ 'ਪੰਥਕ' ਤੋਂ ਪੰਜਾਬੀ ਬਣਾਉਣਾ ਸੀ। ਅਸਲ ਵਿੱਚ ਉਸ ਵੇਲੇ ਬਾਦਲ ਅਕਾਲੀ ਦਲ ਵੱਡੀ ਤਾਕਤ ਵਜੋਂ ਉੱਭਰ ਗਿਆ ਸੀ। 1995 ਵਿੱਚ ਕਾਂਗਰਸ ਦੇ ਰਾਜ ਦੌਰਾਨ ਪਾਰਟੀ ਨੇ ਅਜਨਾਲਾ ਅਤੇ ਲੰਬੀ ਉਪ ਚੋਣਾਂ ਜਿੱਤੀਆਂ ਸਨ। ਪਾਰਟੀ ਨੇ 1996 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਸਮਝੌਤਾ ਕਰ ਕੇ 28.72% ਵੋਟਾਂ ਲੈ ਕੇ ਕੁੱਲ 13 ਸੀਟਾਂ ਵਿੱਚੋਂ 8 'ਤੇ ਜਿੱਤ ਪ੍ਰਾਪਤ ਕੀਤੀ ਸੀ। ਸਭ ਤੋਂ ਵੱਡਾ ਕਾਰਨ ਦਲ ਦੀ 1996 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਸੀ ਜਿਸ ਕਰ ਕੇ ਇਸ ਨੇ ਪੰਜਾਬ ਦੀ ਰਾਜਨੀਤੀ ਅਤੇ ਪੰਥਕ ਹਲਕਿਆਂ ਵਿੱਚ ਆਪਣੀ ਧਾਕ ਜਮਾ ਲਈ ਸੀ।

1997 ਵਿੱਚ ਹੋਇਆ ਅਕਾਲੀ-ਭਾਜਪਾ ਸਮਝੌਤਾ ਅਕਾਲੀ ਦਲ ਦੀਆਂ ਸ਼ਰਤਾਂ 'ਤੇ ਰਾਜਨੀਤਕ ਤਾਕਤ ਦੀ ਵਜ੍ਹਾ ਕਰ ਕੇ ਹੋਇਆ ਸੀ। ਉਦੋਂ ਪੰਜਾਬ ਦੀ ਵਿਧਾਨ ਸਭਾ ਦੀਆਂ 117 ਸੀਟਾਂ ਵਿੱਚੋਂ 23 ਭਾਜਪਾ ਅਤੇ 94 ਅਕਾਲੀ ਦਲ ਦੇ ਹਿੱਸੇ ਵਿੱਚ ਆਈਆਂ। ਲੋਕ ਸਭਾ ਦੀਆਂ 13 ਸੀਟਾਂ ਵਿੱਚੋਂ 3 ਭਾਜਪਾ (ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ) ਅਤੇ 10 ਅਕਾਲੀ ਦਲ ਦੇ ਹਿੱਸੇ ਆਈਆਂ। ਅਕਾਲੀ ਦਲ-ਭਾਜਪਾ ਦਾ ਇਹ ਗੱਠਜੋੜ 1997 ਤੋਂ ਲੈ ਕੇ 2019 ਤੱਕ ਚੱਲਿਆ। ਇਸ ਦੌਰਾਨ ਪੰਜ ਵਿਧਾਨ ਸਭਾ ਚੋਣਾਂ ਹੋਈਆਂ ਅਤੇ ਤਿੰਨ ਵਾਰੀ ਗੱਠਜੋੜ ਨੇ ਸਫਲਤਾ ਪ੍ਰਾਪਤ ਕੀਤੀ। ਗੱਠਜੋੜ ਨੇ 6 ਲੋਕ ਸਭਾ ਚੋਣਾਂ ਲੜੀਆਂ ਅਤੇ ਕਈ ਉਤਰਾਅ-ਚੜ੍ਹਾਅ ਦੇਖੇ। ਅਕਾਲੀ-ਭਾਜਪਾ ਗੱਠਜੋੜ ਟੁੱਟਣ ਦਾ ਵੱਡਾ ਕਾਰਨ ਕੇਂਦਰ ਸਰਕਾਰ ਦੇ ਧੱਕੇ ਨਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨ (2020) ਬਣੇ। ਅਕਾਲੀ ਦਲ ਨੇ ਪਹਿਲਾਂ ਇਨ੍ਹਾਂ ਕਾਨੂੰਨਾਂ ਦੀ ਖੁੱਲ੍ਹ ਕੇ ਹਮਾਇਤ ਕੀਤੀ ਪਰ ਬਾਅਦ ਵਿੱਚ ਕਿਸਾਨ ਅੰਦੋਲਨ ਦੇ ਭਾਰੀ ਦਬਾਅ ਕਾਰਨ ਅਕਾਲੀ ਦਲ ਨੂੰ ਪਹਿਲਾਂ ਕੇਂਦਰ ਸਰਕਾਰ ਵਿੱਚੋਂ ਬਾਹਰ ਆਉਣਾ ਪਿਆ ਤੇ ਫਿਰ 2021 ਵਿੱਚ ਇਸ ਗੱਠਜੋੜ ਦਾ ਖ਼ਾਤਮਾ ਹੋ ਗਿਆ। ਵਰਣਨਯੋਗ ਹੈ ਕਿ ਭਾਜਪਾ (ਪਹਿਲਾਂ ਜਨਸੰਘ, ਜਨਤਾ ਪਾਰਟੀ) ਅਤੇ ਅਕਾਲੀ ਦਲ ਦਾ ਰਾਜਨੀਤਕ ਸੰਬਧ ਭਾਵੇਂ ਕਾਫ਼ੀ ਪੁਰਾਣਾ ਹੈ ਪਰ ਇਹ 1997 ਵਰਗਾ ਗੱਠਜੋੜ ਨਹੀਂ ਸੀ। ਅਕਾਲੀ ਦਲ ਦੀ ਅਗਵਾਈ ਵਿੱਚ 1967, 1969 ਤੇ 1970 ਵਿੱਚ ਬਣੀਆਂ ਸਰਕਾਰਾਂ ਨੂੰ ਜਨਸੰਘ ਦੀ ਹਮਾਇਤ ਪ੍ਰਾਪਤ ਸੀ। 1977 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਜਨਤਾ ਪਾਰਟੀ ਭਾਈਵਾਲ ਸੀ। 1979-80 ਵਿੱਚ ਜਨਤਾ ਪਾਰਟੀ ਟੁੱਟਣ ਤੋਂ ਬਾਅਦ 1980 ਵਿੱਚ ਭਾਜਪਾ ਦਾ ਜਨਮ ਹੋਇਆ। ਉਦੋਂ ਤੋਂ ਅੱਜ ਤੱਕ ਪਾਰਟੀ ਨੇ ਵੱਖ-ਵੱਖ ਰਾਜਾਂ ਅਤੇ ਕੇਂਦਰ ਦੀ ਰਾਜਨੀਤੀ ਵਿੱਚ ਵੱਡਾ ਦਬਦਬਾ ਕਾਇਮ ਕੀਤਾ। ਇਸ ਗੱਠਜੋੜ ਤੋਂ ਪਹਿਲਾਂ ਪੰਜਾਬ ਵਿੱਚ 1980 ਤੋਂ ਬਾਅਦ ਤਿੰਨ ਵਿਧਾਨ ਸਭਾ ਚੋਣਾਂ 1980, 1985 ਤੇ 1992 ਵਿੱਚ ਹੋਈਆਂ ਜਿਸ ਵਿੱਚ ਭਾਜਪਾ ਦੀ ਰਾਜਨੀਤਕ ਪ੍ਰਾਪਤੀ ਬਹੁਤ ਘੱਟ ਸੀ। 1980 ਦੀਆਂ ਚੋਣਾਂ ਵਿੱਚ ਪਾਰਟੀ ਨੇ ਇੱਕ, 1985 ਵਿੱਚ 6 ਅਤੇ 1992 ਵਿੱਚ ਵੀ 6 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਦੂਜੇ ਪਾਸੇ ਇਸ ਸਮੇਂ ਦੌਰਾਨ ਹੋਈਆਂ 4 ਲੋਕ ਸਭਾ ਚੋਣਾਂ ਵਿੱਚ ਪਾਰਟੀ ਇਕ ਵੀ ਸੀਟ ਨਹੀਂ ਜਿੱਤ ਸਕੀ।

ਹੁਣ 1997 ਵਿੱਚ ਗੱਠਜੋੜ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦਾ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਲੇਖਾ ਜੋਖਾ ਕਰਦੇ ਹਾਂ। 1997 ਤੋਂ 2019 ਤੱਕ ਗੱਠਜੋੜ ਵਿੱਚ ਭਾਜਪਾ ਨੇ ਛੋਟੇ ਭਰਾ ਵਾਲਾ ਹੱਕ ਨਿਭਾਇਆ, ਇਸ ਦੇ ਹਿੱਸੇ ਵਿਧਾਨ ਸਭਾ ਦੀਆਂ ਕੁੱਲ 117 ਸੀਟਾਂ ਵਿੱਚੋਂ 23 ਮਿਲੀਆਂ ਅਤੇ ਲੋਕ ਸਭਾ ਦੀਆਂ 13 ਸੀਟਾਂ ਵਿੱਚ 3 ਮਿਲੀਆਂ। 1997 ਵਾਲੀਆਂ ਚੋਣਾਂ ਵਿੱਚ ਪਾਰਟੀ ਨੇ ਕੁੱਲ 22 ਸੀਟਾਂ 'ਤੇ ਚੋਣ ਲੜੀ ਤੇ ਕੁੱਲ ਪਈਆਂ ਵੋਟਾਂ ਦਾ ਕੇਵਲ 8.33% ਲੈ ਕੇ 18 ਸੀਟਾਂ ਜਿੱਤੀਆਂ। ਅਕਾਲੀ ਦਲ ਨੇ 37.6% ਵੋਟਾਂ ਲੈ ਕੇ 75 ਸੀਟਾਂ ਜਿੱਤੀਆਂ ਤੇ ਗੱਠਜੋੜ ਦੀ ਸਰਕਾਰ ਬਣਾਈ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਪੰਜਾਬ ਵਿੱਚ ਕਿਸੇ ਗ਼ੈਰ-ਕਾਂਗਰਸੀ ਸਰਕਾਰ ਨੇ 5 ਸਾਲ ਪੂਰੇ ਕੀਤੇ।

2002 ਵਾਲੀਆਂ ਚੋਣਾਂ ਵਿੱਚ ਗੱਠਜੋੜ ਨੂੰ ਕਾਫ਼ੀ ਧੱਕਾ ਲੱਗਾ ਤੇ ਭਾਜਪਾ ਕੇਵਲ 5.67% ਵੋਟਾਂ ਲੈ ਕੇ 3 ਸੀਟਾਂ ਹੀ ਜਿੱਤ ਸਕੀ; ਅਕਾਲੀ ਦਲ ਨੇ 30.5% ਵੋਟਾਂ ਨਾਲ 41 ਸੀਟਾਂ ਜਿੱਤੀਆਂ। ਉਦੋਂ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣੀ। 2007 ਦੀਆਂ ਚੋਣਾਂ ਵਿੱਚ ਅਕਾਲੀ-ਗੱਠਜੋੜ ਫਿਰ ਸੱਤਾ ਵਿੱਚ ਆ ਗਿਆ। ਭਾਜਪਾ ਇਨ੍ਹਾਂ ਚੋਣਾਂ ਵਿੱਚ 8.2% ਵੋਟਾਂ ਲੈ ਕੇ 19 ਸੀਟਾਂ 'ਤੇ ਜਿੱਤ ਪ੍ਰਾਪਤ ਕਰਦੀ ਹੈ ਜੋ ਇਸ ਦਾ ਅਜੇ ਤੱਕ ਦਾ ਰਿਕਾਰਡ ਹੈ। ਅਕਾਲੀ ਦਲ 37.20% ਵੋਟਾਂ ਲੈ ਕੇ 49 ਸੀਟਾਂ ਜਿੱਤਦਾ ਹੈ ਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਇਕ ਵਾਰ ਫਿਰ ਗੱਠਜੋੜ ਸਰਕਾਰ ਬਣਦੀ ਹੈ। 2012 ਦੀਆਂ ਚੋਣਾਂ ਵਿੱਚ ਗੱਠਜੋੜ ਨੇ ਇਤਿਹਾਸਕ ਜਿੱਤ ਪ੍ਰਾਪਤ ਕਰ ਕੇ 1967 ਤੋਂ ਚਲੇ ਆ ਰਹੇ ਹਰ ਚੋਣਾਂ ਵਿੱਚ ਸਰਕਾਰ ਬਦਲਣ ਦੇ ਨਿਯਮ ਨੂੰ ਤੋੜ ਕੇ ਲਗਾਤਾਰ ਦੂਜੀ ਵਾਰੀ ਸਰਕਾਰ ਬਣਾਈ। ਇਨ੍ਹਾਂ ਚੋਣਾਂ ਵਿੱਚ ਭਾਜਪਾ ਕੁੱਲ ਪਈਆਂ ਵੋਟਾਂ ਦਾ 7.13% ਲੈ ਕੇ 12 ਸੀਟਾਂ ਜਿੱਤਦੀ ਹੈ ਅਤੇ ਅਕਾਲੀ ਦਲ 37.75% ਵੋਟਾਂ ਨਾਲ 56 ਸੀਟਾਂ। ਇਸ ਦੌਰਾਨ ਗੱਠਜੋੜ ਸਰਕਾਰ ਦੀਆਂ ਨੀਤੀਆਂ, ਕੰਮ ਅਤੇ ਹੋਰ ਬਹੁਤ ਸਾਰੇ ਕਾਰਨਾਂ ਕਰ ਕੇ ਹਾਕਮ ਧਿਰਾਂ ਨੂੰ ਵੱਡਾ ਧੱਕਾ ਲਗਦਾ ਹੈ ਜੋ ਬਾਅਦ ਵਿੱਚ ਇਨ੍ਹਾਂ ਪਾਰਟੀਆਂ ਲਈ ਰਾਜਨੀਤਕ ਤੌਰ 'ਤੇ ਸਾਰਥਕ ਰਹਿਣ ਦੇ ਰਸਤੇ ਵਿੱਚ ਰੁਕਾਵਟ ਪਾਉਂਦਾ ਹੈ। ਇਹ ਵਰਤਾਰਾ ਹੁਣ ਤੱਕ ਚੱਲ ਰਿਹਾ ਹੈ। ਇਸ ਦਾ ਅਸਰ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਇਲਾਵਾ 2014 ਤੇ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। 2017 ਦੀਆਂ ਚੋਣਾਂ ਵਿੱਚ ਭਾਜਪਾ 5.40% ਵੋਟਾਂ ਲੈ ਕੇ ਕੇਵਲ 3 ਸੀਟਾਂ ਜਿੱਤਦੀ ਹੈ ਅਤੇ ਅਕਾਲੀ ਦਲ 25.20% ਵੋਟਾਂ ਲੈ ਕੇ ਕੇਵਲ 15 ਸੀਟਾਂ ਹੀ ਜਿੱਤਦਾ ਹੈ ਤੇ ਵਿਰੋਧੀ ਧਿਰ ਦਾ ਰੁਤਬਾ ਵੀ ਗੁਆ ਲੈਂਦਾ ਹੈ।

ਭਾਜਪਾ ਨੂੰ ਗੱਠਜੋੜ ਤਹਿਤ ਲੋਕ ਸਭਾ ਚੋਣਾਂ ਦੌਰਾਨ 1998 ਵਿੱਚ 3; 1999 'ਚ 1; 2004 'ਚ 3; 2009 2014 ਤੇ 2019 ਵਿੱਚ 1-1 ਸੀਟ ਜਿੱਤੀ ਅਤੇ 2024 ਵਿੱਚ ਇਸ ਨੂੰ ਕੋਈ ਸੀਟ ਨਹੀਂ ਮਿਲੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਦਾ ਕੁੱਲ ਵੋਟਾਂ ਵਿੱਚ ਹਿੱਸਾ 10-11% ਰਿਹਾ। ਅਕਾਲੀ ਦਲ ਨੇ 1998 ਵਿੱਚ 8, 1999 ਵਿੱਚ 2, 2004 ਵਿੱਚ 8, 2009 ਤੇ 2014 ਵਿੱਚ 4-4, 2019 ਵਿੱਚ 2, 2024 ਵਿੱਚ 1 ਸੀਟਾਂ ਜਿੱਤੀਆਂ ਤੇ ਵੋਟ ਸ਼ੇਅਰ 27-28% ਰਿਹਾ।

2021 ਵਿੱਚ ਗੱਠਜੋੜ ਟੁੱਟਣ ਪਿੱਛੋਂ ਦੋਹਾਂ ਪਾਰਟੀਆਂ ਨੇ 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਵੱਖ-ਵੱਖ ਲੜੀਆਂ ਤੇ ਵੱਡੀਆਂ ਹਾਰਾਂ ਦਾ ਸਾਹਮਣਾ ਕੀਤਾ। ਅਮਰਿੰਦਰ ਸਿੰਘ, ਸੁਨੀਲ ਜਾਖੜ ਤੇ ਹੋਰ ਬਹੁਤ ਸਾਰੇ ਲੀਡਰਾਂ ਦਾ ਇਨ੍ਹਾਂ ਚੋਣਾਂ ਤੋਂ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਭਾਜਪਾ ਲਈ ਚੋਣ ਨਤੀਜੇ ਨਿਰਾਸ਼ਜਨਕ ਰਹੇ। 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪਾਰਟੀ ਕੁੱਲ ਵੋਟਾਂ ਦਾ 6।60% ਲੈ ਕੇ ਕੇਵਲ 2 ਸੀਟਾਂ ਜਿੱਤ ਸਕੀ। ਅਕਾਲੀ ਦਲ 18।40% ਵੋਟਾਂ ਨਾਲ ਕੇਵਲ 3 ਸੀਟਾਂ ਜਿੱਤੀਆਂ। 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਵੀ ਦੋਹਾਂ ਪਾਰਟੀਆਂ ਲਈ ਕਾਫ਼ੀ ਨਮੋਸ਼ੀ ਵਾਲੇ ਸਨ।

ਹੁਣ ਵੱਡਾ ਸਵਾਲ ਇਹ ਹੈ ਕਿ ਬਦਲੀਆਂ ਰਾਜਨੀਤਕ ਹਾਲਤਾਂ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਕੋਈ ਸੰਭਾਵਨਾ ਬਣਦੀ ਹੈ। ਦੋਵੇਂ ਧਿਰਾਂ ਕਈ ਕਿਸਮ ਦੀਆਂ ਉਲਝਣਾਂ ਨਾਲ ਜੂਝ ਰਹੀਆਂ ਹਨ। ਭਾਜਪਾ ਕੋਲ ਅਥਾਹ ਸਾਧਨ ਤੇ ਤਾਕਤ ਹੋਣ ਦੇ ਬਾਵਜੂਦ ਇਹ ਅਜੇ ਤੱਕ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਨਹੀਂ ਬਣ ਸਕੀ ਤੇ ਨਾ ਹੀ ਇਸ ਦੇ ਦੁਆਰਾ ਚਲਾਏ ਏਜੰਡੇ ਦਾ ਲੋਕਾਂ 'ਤੇ ਕੋਈ ਵੱਡਾ ਅਸਰ ਹੋਇਆ ਹੈ। ਦੂਜੇ ਪਾਸੇ, ਅਕਾਲੀ ਦਲ ਕਈ ਕਿਸਮ ਦੇ ਢਾਂਚਾਗਤ ਸੰਕਟਾਂ ਵਿੱਚ ਘਿਰਿਆ ਹੋਇਆ ਹੈ ਤੇ ਇਸ ਨੂੰ ਰਾਜਨੀਤਕ ਤੌਰ 'ਤੇ ਸਾਰਥਕ ਬਣਾਉਣ ਵਾਸਤੇ ਪਹਾੜ ਜਿੰਨੀਆਂ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਦੇ ਨਾਲ ਹੀ ਮੌਜੂਦਾ ਸਮੇਂ ਦੀ ਰਾਜਨੀਤੀ ਵਿੱਚ ਦੋਹਾਂ ਧਿਰਾਂ ਦੇ ਰਾਜਨੀਤਕ ਸਮੀਕਰਨਾਂ ਵਿੱਚ ਵੱਡੀ ਤਬਦੀਲੀ ਆਈ ਹੈ। ਵੱਡਾ ਸਵਾਲ ਤਾਂ ਇਹ ਹੋਵੇਗਾ ਕਿ ਸੀਟਾਂ ਦੀ ਵੰਡ ਦਾ ਫਾਰਮੂਲਾ ਕੀ ਹੋਵੇਗਾ? ਲੱਗਦਾ ਹੈ, ਭਾਜਪਾ ਇਸ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਦੀ ਜ਼ਿੱਦ ਕਰੇਗੀ; ਅਕਾਲੀ ਦਲ ਲਈ ਇਹ ਵੱਡੀ ਚੁਣੌਤੀ ਹੋਵੇਗੀ। ਲੀਡਰਸ਼ਿਪ ਦੇ ਵੱਕਾਰ 'ਤੇ ਵੀ ਅਸਰ ਪਵੇਗਾ। ਇਵੇਂ ਵੀ ਲੱਗਦਾ ਹੈ ਕਿ ਮੌਜੂਦਾ ਅਕਾਲੀ ਲੀਡਰਸ਼ਿਪ ਪਾਸ 1996 ਵਾਲੀ ਤਾਕਤ ਤੇ ਰਾਜਨੀਤਕ ਮਾਨਤਾ ਨਹੀਂ ਹੈ। ਜੇ ਕੋਈ ਸਮਝੌਤਾ ਹੁੰਦਾ ਵੀ ਹੈ ਤਾਂ ਕੀ ਲੋਕ ਉਸ ਨੂੰ ਮਾਨਤਾ ਦੇਣਗੇ? ਪੰਜਾਬ ਅਜਿਹਾ ਰਾਜ ਹੈ ਜਿਹੜਾ ਭਾਜਪਾ ਦੇ ਦਿੱਲੀ ਦਰਬਾਰ ਨੂੰ ਹਮੇਸ਼ਾ ਸ਼ੱਕ ਦੀ ਨਿਗ੍ਹਾ ਨਾਲ ਦੇਖਦਾ ਹੈ। ਇਸ ਤੋਂ ਇਲਾਵਾ ਕੀ ਅਕਾਲੀ ਦਲ ਗੱਠਜੋੜ ਤਹਿਤ ਭਾਜਪਾ ਦੀ ਨਵੀਂ ਰਾਜਨੀਤਕ ਚਾਲ, ਕਿਸਾਨੀ ਤੇ ਗ਼ੈਰ-ਕਿਸਾਨੀ ਵੋਟਰਾਂ ਦੀ ਵੰਡ ਨਾਲ ਸਹਿਮਤ ਹੋਵੇਗੀ? ਸਭ ਤੋਂ ਵੱਡਾ ਸਵਾਲ ਕਿ ਕੀ ਦੋਹਾਂ ਪਾਰਟੀਆਂ ਦੀ ਲੀਡਰਸ਼ਿਪ ਆਪਣੇ ਰਾਜਨੀਤਕ ਸਵਾਰਥਾਂ ਤੋਂ ਉਪਰ ਉੱਠ ਕੇ ਪੰਜਾਬ ਦੇ ਢਾਂਚਾਗਤ ਮੁੱਦਿਆਂ ਦੇ ਹੱਲ ਲਈ ਸੰਜੀਦਾ ਹੋ ਸਕਦੇ ਹਨ?

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ










'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Bio-chemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

### ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)

# ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਸੰਘਰਸ਼

ਜ਼ਿੰਦਗੀ ਇਕ ਯਾਤਰਾ ਹੈ, ਜਿਸ ਦੇ ਰਸਤੇ ਹਮੇਸ਼ਾ ਸਿੱਧੇ ਨਹੀਂ ਹੁੰਦੇ। ਕਦੇ-ਕਦੇ ਇਹ ਰਸਤੇ ਪਹਾੜਾਂ ਵਾਂਗ ਹੋ ਜਾਂਦੇ ਹਨ, ਜਿੱਥੇ ਇਕ-ਇਕ ਕਦਮ ਰੱਖਣਾ ਵੀ ਮੁਸ਼ਕਲ ਲੱਗਦਾ ਹੈ ਪਰ ਇਨ੍ਹਾਂ ਔਖੇ ਪਲਾਂ ਨੂੰ ਹੀ ਸੰਘਰਸ਼ ਕਹਿੰਦੇ ਹਨ। ਸੰਘਰਸ਼ ਉਹ ਅਨਮੋਲ ਅਨੁਭਵ ਹੈ, ਜੋ ਸਾਡੀ ਆਤਮਾ ਨੂੰ ਮਜ਼ਬੂਤੀ ਦਿੰਦਾ ਹੈ ਤੇ ਕਾਬਲੀਅਤ ਨੂੰ ਨਿਖਾਰਦਾ ਹੈ। ਸੰਘਰਸ਼ ਤੋਂ ਬਿਨਾਂ ਜੀਵਨ ਦੀ ਕਮਾਈ ਅਧੂਰੀ ਰਹਿ ਜਾਂਦੀ ਹੈ। ਜਿਵੇਂ ਸੋਨੇ ਨੂੰ ਅੱਗ 'ਚ ਤਪਾ ਕੇ ਹੀ ਕੱਢਿਆ ਜਾਂਦਾ ਹੈ, ਓਸੇ ਤਰ੍ਹਾਂ ਮਨੁੱਖੀ ਜੀਵਨ ਵੀ ਮੁਸ਼ਕਲਾਂ ਵਿੱਚੋਂ ਲੰਘ ਕੇ ਹੀ ਅਸਲ ਅਰਥ ਪਾਉਂਦਾ ਹੈ। ਜੇ ਵਿਦਿਆਰਥੀ ਦੇ ਜੀਵਨ ਦੀ ਗੱਲ ਕਰੀਏ ਤਾਂ ਉਸ ਲਈ ਇਮਤਿਹਾਨ, ਅਸਫਲਤਾਵਾਂ, ਮਾਤਾ-ਪਿਤਾ ਦੀ ਉਮੀਦ, ਸਮਾਜ ਦਾ ਦਬਾਅ ਇਹ ਸਭ ਸੰਘਰਸ਼ ਦੇ ਰੂਪ ਹਨ ਪਰ ਜੇ ਉਹ ਵਿਦਿਆਰਥੀ ਹਾਰ ਮੰਨ ਲਵੇ, ਤਾਂ ਉਹ ਕਦੇ ਵੀ ਆਪਣਾ ਮਕਸਦ ਹਾਸਿਲ ਨਹੀਂ ਕਰ ਸਕਦਾ।



ਸੰਘਰਸ਼ ਹੀ ਸਾਡਾ ਅਸਲ ਦੋਸਤ ਹੈ, ਜੋ ਸਾਨੂੰ ਸਿਖਾਉਂਦਾ ਹੈ ਕਿ ਹਾਰ ਅੰਦਰ ਵੀ ਅਨੁਭਵ ਲੁਕਿਆ ਹੋਇਆ ਹੈ। ਜਦੋਂ ਵੀ ਕਿਸੇ ਨੇ ਵੱਡੀ ਕਾਮਯਾਬੀ ਹਾਸਿਲ ਕੀਤੀ, ਉਸ ਤੋਂ ਪਹਿਲਾਂ ਉਸ ਨੇ ਬੇਅੰਤ ਨਾਕਾਮੀਆਂ ਦੇ ਦੌਰ ਵੇਖੇ। ਐਨਸਟਾਈਨ, ਇਬਾਰਹਨ ਲਿੰਕਨ, ਸ਼ਹੀਦ-ਏ-ਆਜ਼ਮ ਭਗਤ ਸਿੰਘ ਜਾਂ ਡਾ। ਏਪੀਜੇ ਅਬਦੁਲ ਕਲਾਮ ਇਨ੍ਹਾਂ ਸਭ ਦੀ ਜ਼ਿੰਦਗੀ 'ਚ ਕਈ ਉਤਾਰਅ-ਚੜ੍ਹਾਅ ਆਏ ਪਰ ਉਹ ਕਦੇ ਥੱਕੇ ਨਹੀਂ। ਇਹੀ ਸੰਘਰਸ਼ ਨੂੰ ਅਸਲੀ ਮਾਣ ਦੇਣ ਵਾਲੇ ਲੋਕ ਹਨ।

ਸੰਘਰਸ਼ ਮਨੁੱਖ ਨੂੰ ਅੰਦਰੋਂ ਤਾਕਤਵਰ ਬਣਾਉਂਦਾ ਹੈ। ਇਹ ਸਾਡੀ ਸੋਚ ਨੂੰ ਮਜ਼ਬੂਤ ਕਰਦਾ ਹੈ, ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਇਕ ਨੌਜਵਾਨ ਜਦੋਂ ਨੌਕਰੀ ਦੀ ਤਲਾਸ਼ ਕਰ ਰਿਹਾ ਹੁੰਦਾ ਹੈ, ਜਦੋਂ ਉਹ ਮੁਕਾਬਲੇ ਦੇ ਇਮਤਿਹਾਨਾਂ ਵਿਚ ਰੋਜ਼ ਹਾਰਦਾ ਹੈ ਪਰ ਫਿਰ ਵੀ ਅਗਲੀ ਸਵੇਰ ਨਵੀਂ ਉਮੀਦ ਨਾਲ ਉੱਠਦਾ ਹੈ। ਉਹੀ ਜ਼ਿੰਦਗੀ ਦਾ ਅਸਲ ਹੀਰੋ ਹੈ। ਉਸ ਦੇ ਦਿਲ ਵਿਚ ਇਕ ਚੰਗਿਆਰੀ ਹੁੰਦੀ ਹੈ, ਜੋ ਕਹਿੰਦੀ ਹੈ, 'ਮੈਂ ਹਾਰਿਆ ਨਹੀਂ ਹਾਂ, ਮੈਂ ਸਿੱਖ ਰਿਹਾ ਹਾਂ।' ਇਕ ਮਾਂ ਦਾ ਸੰਘਰਸ਼ ਵੇਖੋ, ਜੋ ਆਪਣੇ ਬੱਚਿਆਂ ਦੀ ਖ਼ਾਤਰ ਰਾਤਾਂ ਨੂੰ ਜਾਗਦੀ ਹੈ, ਉਨ੍ਹਾਂ ਖ਼ਾਤਰ ਆਪਣੇ ਸੁਪਨੇ ਵੀ ਕੁਰਬਾਨ ਕਰ ਦਿੰਦੀ ਹੈ।

ਸੰਘਰਸ਼ ਸਾਡੀ ਅੰਦਰਲੀ ਆਵਾਜ਼ ਨੂੰ ਜਗਾਉਂਦਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਜੇ ਰਸਤੇ 'ਚ ਹਨੇਰਾ ਹੋਵੇ ਤਾਂ ਚਾਨਣ ਆਪ ਬਣੋ। ਜੇ ਦੁਨੀਆ ਤੁਹਾਡੀ ਆਵਾਜ਼ ਨਾ ਸੁਣੇ, ਤਾਂ ਅਜਿਹੇ ਬੋਲ ਬਣੋ, ਜੋ ਦਿਲਾਂ ਤੱਕ ਪਹੁੰਚੇ। ਇਹੀ ਸੰਘਰਸ਼ ਦੀ ਮਹਾਨਤਾ ਹੈ। ਕਈ ਵਾਰੀ ਅਸੀਂ ਜ਼ਿੰਦਗੀ 'ਚ ਹਾਰ ਮੰਨ ਲੈਂਦੇ ਹਾਂ। ਹਰ ਨਾਕਾਮੀ 'ਚ ਨਵੀਂ ਦਿਸ਼ਾ ਹੁੰਦੀ ਹੈ ਪਰ ਸਾਡਾ ਧਿਆਨ ਸਿਰਫ਼ ਹਾਰ ਉੱਤੇ ਟਿਕਿਆ ਹੋਇਆ ਹੁੰਦਾ ਹੈ। ਸੰਘਰਸ਼ ਸਾਡੀ ਸਫਲਤਾ ਦਾ ਰਾਹ ਹੈ। ਇਹ ਰਸਤੇ ਉੱਤੇ ਪੈਦਾ ਹੋਣ ਵਾਲੇ ਕੰਡੇ ਨਹੀਂ, ਸਾਡੀ ਮੰਜ਼ਿਲ ਦੇ ਇਸ਼ਾਰੇ ਹਨ। ਇਹ ਸਾਨੂੰ ਸਿਖਾਉਂਦੇ ਹਨ ਕਿ ਹੌਸਲੇ, ਮਿਹਨਤ ਤੇ ਸੱਚਾਈ ਨਾਲ ਚੱਲੋ, ਤੁਸੀਂ ਕਾਮਯਾਬ ਜ਼ਰੂਰ ਹੋਵੋਗੇ।

**– ਮੰਜੂ ਰਾਇਕਾ**

# ਨਾਵਲਕਾਰ ਸੁਰਿੰਦਰ ਧਨੋਆ ਦੇ ਨਾਂ - ਏਥੇ ਨੀ ਹੁਣ ਮਾਂ ਲੱਭਣੀ

ਦੁਨੀਆਂ ਦੀ ਆਬਾਦੀ 8 ਅਰਬ ਹੋ ਚੁੱਕੀ ਹੈ। ਇਹ ਸਭ ਮਾਵਾਂ ਦੇ ਸਦਕੇ ਹੀ ਹੋਇਆ ਹੈ, ਜੋ ਵੀ ਬੱਚਾ ਇਸ ਧਰਤੀ ’ਤੇ ਆਉਂਦਾ ਹੈ, ਉਸਦੀ ਮਾਂ ਜ਼ਰੂਰ ਹੋਵੇਗੀ ਤੇ ਮਾਵਾਂ ਦੇ ਉਹ ਪਰਛਾਵੇਂ ਜੋ ਔਲਾਦਾਂ ਹਨ, ਉਹ ਹਮੇਸ਼ਾ ਹੀ ਮਾਵਾਂ ਦੇ ਇਸ ਅਹਿਸਾਨ ਦਾ ਬਦਲਾ ਤਾਂ ਭਾਵੇਂ ਜਿਉਂਦੇ ਜੀਅ ਨਹੀਂ ਉਤਾਰ ਸਕਦੇ। ਮਾਵਾਂ ਦਾ ਰੂਪ ਹਮੇਸ਼ਾ ਰੱਬ ਦਾ ਰੂਪ ਕਹਾਉਂਦਾ ਹੈ ਤੇ ਰੱਬ ਦੇ ਇਸ ਰੂਪ ਨੂੰ ਉਸਦੇ ਧੀਆਂ-ਪੁੱਤਰ ਹਮੇਸ਼ਾ ਪੂਜਦੇ



ਰਹਿੰਦੇ ਹਨ ਤੇ ਸ਼ਾਇਦ ਰਹਿਣਗੇ।

ਮਾਵਾਂ ਦੀ ਉਮਰ ਲੰਮੇਰੀ ਕਰਨ ਲਈ ਉਸਦੇ ਧੀ-ਪੁੱਤਰ ਹਮੇਸ਼ਾ ਦੁਆਵਾਂ ਕਰਦੇ ਰਹਿੰਦੇ ਹਨ ਪਰ ਇਕ ਦਿਨ ਉਹ ਵਕਤ ਆ ਜਾਂਦਾ ਹੈ, ਜਿਸ ਦਿਨ ਮਾਂ-ਬਾਪ ਦਾ ਸਾਡੇ ਸਿਰਾਂ ਤੇ ਆਖਰੀ ਵਾਰ ਹੱਥ ਰੱਖਿਆ ਜਾਂਦਾ ਹੈ ਤੇ ਬੱਸ ਫਿਰ ਮਾਵਾਂ ਇਸ ਜਹਾਨੋਂ ਤੁਰ ਜਾਂਦੀਆਂ ਹਨ, ਉਦੋਂ ਔਲਾਦ ਮਾਂ-ਬਾਪ ਦੀਆਂ ਕੀਤੀਆਂ ਚੰਗਿਆਈਆਂ ਨੂੰ ਹਮੇਸ਼ਾ ਯਾਦ ਕਰਕੇ ਡੁਲਕਦਾ ਹੈ ਤੇ ਫਿਰ ਖਾਲੀ-ਖਾਲੀ ਜ਼ਿੰਦਗੀ ਲੱਗਣ ਲੱਗ ਪੈਂਦੀ ਹੈ।

ਪਿਛਲੇ ਹਫਤੇ ਸ. ਸੁਰਿੰਦਰ ਸਿੰਘ ਧਨੋਆ ਦੀ ਮਾਤਾ ਸਰਦਾਰਨੀ ਅਜਮੇਰ ਕੌਰ ਜੋ ਅਪ੍ਰੈਲ 16, 1928 ਨੂੰ ਜਨਮੇ ਸੀ, 97 ਸਾਲਾਂ ਦੀ ਜ਼ਿੰਦਗੀ ਜੋ ਉਹਨਾਂ ਨੇ ਹਮੇਸ਼ਾ ਚੜ੍ਹਦੀਕਲਾ ’ਚ ਕੱਟੀ, ਅਗਸਤ 2, 2025 ਨੂੰ ਹਮੇਸ਼ਾ ਲਈ ਆਪਣੇ ਪੰਜ ਪੁੱਤਰਾਂ-ਧੀਆਂ ਨੂੰ ਛੱਡ ਕੇ ਚਲੇ ਗਏ। ਉਹਨਾਂ ਨੇ ਆਪਣੀ ਜ਼ਿੰਦਗੀ ਆਪਣੇ ਬੱਚਿਆਂ ਨੂੰ ਪੰਜਾਬੀ ਰਹੂ ਰੀਤਾਂ/ਰਿਵਾਜ਼ਾਂ ਤੇ ਬੋਲੀ ਨਾਲ ਜੋੜੀਂ ਰੱਖਿਆ।

ਮਾਵਾਂ ਦੇ ਪਿਆਰ/ਦੁਲਾਰ ਸਦਕਾ ਉਸਦੇ ਪੰਜੇ ਬੱਚੇ ਬਹੁਤ ਹੀ ਸੁਚੱਜੇ ਤੇ ਪੰਜਾਬੀ ਬੋਲੀ ਨਾਲ ਜੁੜੇ ਹੋਏ ਹਨ। ਮਾਤਾ ਅਜਮੇਰ ਕੌਰ ਦਾ ਹਰ ਵੇਲੇ ਹੱਸ ਕੇ ਗੱਲ ਕਰਨਾ ਆਪਣੇ ਬੱਚਿਆਂ ਨਾਲ ਬੈਠ ਕੇ ਪੰਜਾਬੀ ਵਿਰਸੇ ਦੀਆਂ ਗੱਲਾਂ ਕਰਨੀਆਂ ਇਹ ਹੁਣ ਸਿਰਫ ਇਕ ਯਾਦ ਬਣ ਕੇ ਰਹਿ ਜਾਵੇਗੀ। ਜੇਠੇ ਪੁੱਤਰ ਸ. ਸੁਰਿੰਦਰ ਸਿੰਘ ਧਨੋਆ ਨੂੰ ਮਾਤਾ ਨੇ ਆਖਰੀ ਵੇਲੇ ਹਸਪਤਾਲ ਜਾਣ ਵੇਲੇ ਹੀ ਉਹੀ ਗੱਲ ਪੁੱਛੀ ਜੋ ਸਾਰੀਆਂ ਮਾਵਾਂ ਦੇ ਦਿਲ ’ਚ ਹੁੰਦਾ ਹੈ ਕਿ ’’ਬੇਟਾ ਖੇਤਾਂ ’ਚ ਮਿੱਟੀ ਨਾਲ ਮਿੱਟੀ ਹੋਇਆ ਰਹਿਨਾ ਏਂ, ਰੋਟੀ-ਪਾਣੀ ਖਾਂਦਾ-ਪੀਤਾ ਕਿ ਨਹੀਂ।’’

ਸਿਰਫ ਮਾਵਾਂ ਹੀ ਆਪਣੇ ਜ਼ਿਗਰ ਦੇ ਟੁਕੜਿਆਂ ਨੂੰ ਇਹ ਕਹਿ ਸਕਦੀਆਂ ਨੇ। ਮਾਵਾਂ ਨੂੰ ਪੁੱਤਰਾਂ ਦੀ ਅਮੀਰੀ ਨਾਲ ਬਹੁਤਾ ਮੋਹ ਨਹੀਂ ਹੁੰਦਾ, ਜੇ ਮੋਹ ਹੁੰਦਾ ਹੈ ਤਾਂ ਸਰਫ ਆਪਣੇ ਪੁੱਤਰ ਦੀ ਦੇਖ-ਰੇਖ ’ਚ।

ਕਿਉਂਕਿ ਮਾਂ ਬ੍ਰਹਿਮੰਡ ਹੈ ਜੋ ਸਾਨੂੰ ਸਾਰੀ ਦੁਨੀਆਂ ਦਿਖਾਉਂਦੀ ਹੈ ਤੇ ਆਪ ਦੂਰ ਕਿਧਰੇ ਹਨੇਰੇ ’ਚ ਅਲੋਪ ਹੋ ਜਾਂਦੀ ਹੈ, ਜ਼ਰਾ ਸੋਚੋ, ਮਾਵਾਂ ਨਾ ਹੋਣ ਤਾਂ ਪੁੱਤਰ-ਧੀਆਂ ਇਸ ਜਹਾਨ ’ਚ ਕਿਵੇਂ ਆਉਣਗੇ। ਇਸੇ ਲਈ ਮਾਂ ਨੂੰ ਰੱਬ ਦਾ ਦੂਸਰਾ ਰੂਪ ਕਿਹਾ ਗਿਆ ਹੈ।

ਮਾਵਾਂ ਦੇ ਵਿਛੋੜੇ ਸਹਿਣੇ ਬਹੁਤ ਹੀ ਅਸਹਿ ਹਨ, ਬੱਸ ਸਾਨੂੰ ਹੁਣ ਮਾਂ ਦੇ ਪਰਛਾਵੇਂ ਨਹੀਂ ਲੱਭਣੇ, ਉਹ ਕਲਾਵੇ ’ਚ ਲੈ ਕੇ ਬੁੱਕਲ ’ਚ ਲੁਕਾਉਣ ਵਾਲੀਆਂ ਲੋਰੀਆਂ ਦੇਂਦੀ, ਮਮਤਾ ਦੀ ਉਹ ਮੂਰਤ ਹੁਣ ਆਪਣੇ ਰੱਬ ਦੇ ਘਰੇ ਚਲੀ ਗਈ।

’’ਸ਼ਾਅਲਾ ਸਾਡੀਆਂ ਮਾਵਾਂ ਹਮੇਸ਼ਾ ਜਿਊਂਦੀਆਂ ਰਹਿਣ ਸਾਡੇ ਦਿਲਾਂ ’ਚ।’’

**ਅਫਸੋਸ ਦੇ ਦੋ ਸ਼ਬਦ ਕਹਿਣ ਲਈ ਸੰਪਰਕ ਕਰੋ:**
ਸੁਰਿੰਦਰ ਸਿੰਘ ਧਨੋਆ 510-377-4197
ਹਰਿੰਦਰ ਸਿੰਘ ਧਨੋਆ 559-304-4913

**- ਬਲਬੀਰ ਸਿੰਘ ਐਮ. ਏ.**

# ਰੂਸ ਕੋਲ ਯੂਕਰੇਨ ਦੀ ਕਿੰਨੀ ਜ਼ਮੀਨ ਹੈ?

ਯੂਕਰੇਨ ਅਤੇ ਰੂਸ ਵਿਚਕਾਰ ਜੰਗ ਖ਼ਤਮ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਆਪਣੀ ਜ਼ਮੀਨ ਦਾ ਕੁਝ ਹਿੱਸਾ ਛੱਡਣਾ ਪਵੇਗਾ ਪਰ ਸਵਾਲ ਇਹ ਉੱਠਦਾ ਹੈ ਕਿ ਰੂਸ ਨੇ ਯੂਕਰੇਨ ਦੀ ਕਿੰਨੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ। ਰੂਸ ਨੇ ਯੂਕਰੇਨ ਦੇ ਲਗਪਗ 19% ਹਿੱਸੇ 'ਤੇ ਕਬਜ਼ਾ ਕਰ ਲਿਆ ਹੈ, ਯਾਨੀ ਕਿ ਲਗਪਗ 1,14,500 ਵਰਗ ਕਿਲੋਮੀਟਰ। ਇਸ ਵਿੱਚ ਕਰੀਮੀਆ, ਪੂਰਬੀ ਤੇ ਦੱਖਣ-ਪੂਰਬੀ ਖੇਤਰ ਸ਼ਾਮਲ ਹਨ। ਦੂਜੇ ਪਾਸੇ ਯੂਕਰੇਨ ਦਾ ਕਹਿਣਾ ਹੈ ਕਿ ਉਹ ਆਪਣੀ ਜ਼ਮੀਨ ਦਾ ਇੱਕ ਇੰਚ ਵੀ ਰੂਸ ਨੂੰ ਨਹੀਂ ਦੇਵੇਗਾ।

ਰੂਸ ਦਾ ਦਾਅਵਾ ਹੈ ਕਿ ਕਰੀਮੀਆ, ਡੋਨੇਟਸਕ, ਲੁਹਾਨਸਕ, ਜ਼ਾਪੋਰਿਜ਼ੀਆ ਅਤੇ ਖੇਰਸਨ ਹੁਣ ਇਸ ਦੇ ਹਿੱਸੇ ਹਨ। ਮਾਸਕੋ 1991 ਵਿੱਚ ਸੋਵੀਅਤ ਯੂਨੀਅਨ ਦੇ ਢਹਿਣ ਤੋਂ ਬਾਅਦ ਇਨ੍ਹਾਂ ਖੇਤਰਾਂ ਨੂੰ ਯੂਕਰੇਨ ਦਾ ਹਿੱਸਾ ਮੰਨਦਾ ਸੀ ਪਰ ਹੁਣ ਉਹ ਉਨ੍ਹਾਂ ਨੂੰ ਰੂਸ ਦਾ ਹਿੱਸਾ ਕਹਿੰਦਾ ਹੈ। ਯੂਕਰੇਨ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਰੂਸ ਦੇ ਇਸ ਕਬਜ਼ੇ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ। ਜ਼ਿਆਦਾਤਰ ਦੇਸ਼ ਯੂਕਰੇਨ ਦੀਆਂ 1991 ਦੀਆਂ ਸਰਹੱਦਾਂ ਨੂੰ ਮਾਨਤਾ ਦਿੰਦੇ ਹਨ।

**ਰੂਸ ਲੰਬੇ ਸਮੇਂ ਤੋਂ ਕਰੀਮੀਆ ਦਾ ਦਾਅਵਾ ਕਰਦਾ ਆ ਰਿਹਾ ਹੈ**

2014 ਵਿੱਚ ਰੂਸ ਨੇ ਕਾਲੇ ਸਾਗਰ 'ਤੇ ਸਥਿਤ 27,000 ਵਰਗ ਕਿਲੋਮੀਟਰ ਦੇ ਖੇਤਰਫਲ, ਕਰੀਮੀਆ 'ਤੇ ਕਬਜ਼ਾ ਕਰ ਲਿਆ। ਇੱਕ ਵਿਵਾਦਪੂਰਨ ਜਨਮਤ ਸੰਗ੍ਰਹਿ ਤੋਂ ਬਾਅਦ ਰੂਸ ਨੇ ਇਸ ਨੂੰ ਆਪਣੇ ਦੇਸ਼ ਵਿੱਚ ਸ਼ਾਮਲ ਕਰ ਲਿਆ। ਰੂਸ ਕਹਿੰਦਾ ਹੈ ਕਿ ਕਰੀਮੀਆ ਹੁਣ ਇਸਦਾ ਹਿੱਸਾ ਹੈ ਪਰ ਯੂਕਰੇਨ ਇਸ ਨੂੰ ਆਪਣਾ ਮੰਨਦਾ ਹੈ। ਕੁਝ ਯੂਕਰੇਨੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਰੀਮੀਆ ਨੂੰ ਵਾਪਸ ਲੈਣਾ ਆਸਾਨ ਨਹੀਂ ਹੋਵੇਗਾ। 18ਵੀਂ ਸਦੀ ਵਿੱਚ ਰੂਸੀ ਮਹਾਰਾਣੀ ਕੈਥਰੀਨ ਨੇ ਕਰੀਮੀਆ ਨੂੰ ਰੂਸੀ ਸਾਮਰਾਜ ਵਿੱਚ ਸ਼ਾਮਲ ਕੀਤਾ। 1954 ਵਿੱਚ ਸੋਵੀਅਤ ਨੇਤਾ ਖਰੁਸ਼ਚੇਵ ਨੇ ਇਸ ਨੂੰ ਯੂਕਰੇਨ ਨੂੰ ਸੌਂਪ ਦਿੱਤਾ।

ਰੂਸ ਨੇ ਡੋਨੇਟਸਕ ਦੇ 88%, ਯਾਨੀ 46,570 ਵਰਗ ਕਿਲੋਮੀਟਰ 'ਤੇ ਕਬਜ਼ਾ ਕਰ ਲਿਆ ਹੈ। ਇਸ ਵਿੱਚ ਲੁਹਾਨਸਕ ਪੂਰੀ ਤਰ੍ਹਾਂ ਅਤੇ ਡੋਨੇਟਸਕ ਦਾ 75% ਹਿੱਸਾ ਸ਼ਾਮਲ ਹੈ। ਯੂਕਰੇਨ ਕੋਲ ਸਿਰਫ਼ 6,600 ਵਰਗ ਕਿਲੋਮੀਟਰ ਬਾਕੀ ਹੈ। 2014 ਵਿੱਚ ਰੂਸ-ਸਮਰਥਿਤ ਵੱਖਵਾਦੀਆਂ ਨੇ ਇਨ੍ਹਾਂ ਖੇਤਰਾਂ ਨੂੰ 'ਸੁਤੰਤਰ ਗਣਰਾਜ' ਐਲਾਨ ਦਿੱਤਾ।

2022 ਵਿੱਚ ਪੁਤਿਨ ਨੇ ਯੂਕਰੇਨ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਸੁਤੰਤਰ ਦੇਸ਼ ਮੰਨ ਲਿਆ। ਰੂਸ ਹੁਣ ਡੋਨੇਟਸਕ ਦੇ ਬਾਕੀ ਸ਼ਹਿਰਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

**ਰੂਸ ਨੇ ਖਾਰਕਿਵ, ਸੂਮੀ ਤੇ ਹੋਰ ਖੇਤਰਾਂ 'ਤੇ ਵੀ ਕਬਜ਼ਾ**

ਰੂਸ ਨੇ ਖਾਰਕਿਵ, ਸੂਮੀ, ਮਾਈਕੋਲਾਈਵ ਅਤੇ ਡਨੀਪ੍ਰੋਪੇਟ੍ਰੋਵਸਕ ਦੇ ਛੋਟੇ ਹਿੱਸਿਆਂ 'ਤੇ ਵੀ ਕਬਜ਼ਾ ਕਰ ਲਿਆ ਹੈ। ਸੂਮੀ ਅਤੇ ਖਾਰਕਿਵ ਵਿੱਚ ਇਸ ਦਾ ਕਬਜ਼ਾ ਲਗਪਗ 400 ਵਰਗ ਕਿਲੋਮੀਟਰ ਹੈ। ਰੂਸ ਦਾ ਕਹਿਣਾ ਹੈ ਕਿ ਉਹ ਸੂਮੀ ਵਿੱਚ ਇੱਕ ਬਫਰ ਜ਼ੋਨ ਬਣਾ ਰਿਹਾ ਹੈ ਤਾਂ ਜੋ ਇਸ ਦਾ ਕੁਰਸਕ ਖੇਤਰ ਸੁਰੱਖਿਅਤ ਰਹੇ।

ਰੂਸ ਨੇ ਜ਼ਪੋਰੀਜ਼ੀਆ ਅਤੇ ਖੇਰਸਨ ਦੇ 74%, ਯਾਨੀ 41,176 ਵਰਗ ਕਿਲੋਮੀਟਰ 'ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਕੋਲ ਇਨ੍ਹਾਂ ਵਿੱਚੋਂ 14,500 ਵਰਗ ਕਿਲੋਮੀਟਰ ਬਚਿਆ ਹੈ। 2024 ਵਿੱਚ ਪੁਤਿਨ ਨੇ ਕਿਹਾ ਕਿ ਜੇਕਰ ਯੂਕਰੇਨ ਰੂਸ ਦੁਆਰਾ ਦਾਅਵਾ ਕੀਤੇ ਗਏ ਖੇਤਰਾਂ ਤੋਂ ਪਿੱਛੇ ਹਟ ਜਾਂਦਾ ਹੈ ਤੇ ਨਾਟੋ ਵਿੱਚ ਸ਼ਾਮਲ ਹੋਣ ਦਾ ਆਪਣਾ ਇਰਾਦਾ ਛੱਡ ਦਿੰਦਾ ਹੈ ਤਾਂ ਉਹ ਸ਼ਾਂਤੀ ਸਮਝੌਤੇ ਲਈ ਤਿਆਰ ਹੈ। ਰੂਸ ਨੇ ਇਹ ਵੀ ਕਿਹਾ ਕਿ ਯੂਕਰੇਨ ਨੂੰ ਨਿਰਪੱਖ ਰਹਿਣਾ ਪਵੇਗਾ ਅਤੇ ਆਪਣੀ ਫੌਜ ਨੂੰ ਸੀਮਤ ਕਰਨਾ ਪਵੇਗਾ।

**ਦੁਨੀਆ ਕੀ ਕਹਿੰਦੀ ਹੈ?**

ਰੂਸ ਕ੍ਰੀਮੀਆ, ਡੋਨੇਟਸਕ, ਲੁਹਾਨਸਕ, ਜ਼ਾਪੋਰਿਜ਼ੀਆ ਅਤੇ ਖੇਰਸਨ ਨੂੰ ਆਪਣਾ ਹਿੱਸਾ ਮੰਨਦਾ ਹੈ ਪਰ ਯੂਕਰੇਨ ਉਨ੍ਹਾਂ ਨੂੰ ਆਪਣੀ ਧਰਤੀ ਕਹਿੰਦਾ ਹੈ। 2014 ਵਿੱਚ ਸੰਯੁਕਤ ਰਾਸ਼ਟਰ ਨੇ ਕ੍ਰੀਮੀਆ ਦੇ ਰੂਸ ਵਿੱਚ ਸ਼ਾਮਲ ਹੋਣ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ। ਸੀਰੀਆ, ਉੱਤਰੀ ਕੋਰੀਆ ਅਤੇ ਨਿਕਾਰਾਗੁਆ ਵਰਗੇ ਕੁਝ ਹੀ ਦੇਸ਼ ਕ੍ਰੀਮੀਆ ਨੂੰ ਰੂਸ ਦਾ ਹਿੱਸਾ ਮੰਨਦੇ ਹਨ। ਪੁਤਿਨ ਨੇ ਕੋਸੋਵੋ ਦੀ ਆਜ਼ਾਦੀ ਦਾ ਹਵਾਲਾ ਦੇ ਕੇ ਪੱਛਮੀ ਦੇਸ਼ਾਂ 'ਤੇ ਦੋਹਰਾ ਮਾਪਦੰਡ ਅਪਣਾਉਣ ਦਾ ਦੋਸ਼ ਲਗਾਇਆ ਸੀ।








Issue- 476, Vol-19, August 18, 2025

# ਗੱਲਾਂ- ਦੱਸ ਲਾਹੌਰ ਦੀਆਂ (ਕਿਸ਼ਤ ਪੰਜਵੀ)



ਗੁਰਦੁਆਰਾ ਸ਼ਹੀਦ ਗੰਜ ਸਿੰਘਾਂ-ਸਿੰਘਣੀਆਂ, ਨੌਲਖਾ ਬਾਜ਼ਾਰ ਲਾਹੌਰ


ਸਿੰਘਾਂ/ਸਿੰਘਣੀਆਂ ਦੀ ਹਿੰਮਤ ਦੀ ਦਾਦ ਦਿੰਦਾ ਭੌਰਾ



ਸਿੰਘਾਂ/ਸਿੰਘਣੀਆਂ 'ਤੇ ਹੋਏ ਜਬਰ-ਜੁਲਮ ਦੀ ਗਵਾਹੀ ਭਰਦਾ ਬੋਰਡ


ਬਲਬੀਰ ਸਿੰਘ ਐਮ. ਏ.

ਹਰ ਰੋਜ਼ ਦੀ ਤਰ੍ਹਾਂ ਅੱਜ ਵੀ ਅਸੀਂ ਉੱਠ ਕੇ ਹੋਟਲ ਦੇ ਰੈਸਟੋਰੈਂਟ 'ਚ ਸਵੇਰੇ-ਸਵੇਰੇ ਚਾਹ-ਪਾਣੀ ਪੀ ਕੇ ਤੇ ਤਿਆਰ ਹੋਣ ਲੱਗ ਪਏ ਤੇ ਜਨਾਬ ਇਕਬਾਲ ਕੈਸਰ ਸਾਹਿਬ ਵੀ ਕਾਰ ਵਾਲੇ ਨੂੰ ਨਾਲ ਲੈ ਕੇ ਸਮੇਂ ਸਿਰ ਹੀ ਪਹੁੰਚ ਗਏ। ਉਹਨਾਂ ਨੇ ਜਿੱਥੇ ਸਾਨੂੰ ਬਹੁਤ ਸਾਰੀਆਂ ਹੋਰ ਥਾਵਾਂ ਦਿਖਾਈਆਂ, ਉਥੇ ਗੁਰਦੁਆਰਾ ਸ਼ਹੀਦ ਗੰਜ ਸਿੰਘਾਂ-ਸਿੰਘਣੀਆਂ ਵੀ ਵਿਖਾਉਣ ਲਈ ਤਿਆਰ ਰਹਿਣ ਲਈ ਕਿਹਾ ਸੀ ਤੇ ਅਸੀਂ ਉਹਨਾਂ ਦੇ ਪਹੁੰਚਦੇ ਹੀ ਕਾਰ 'ਚ ਸਵਾਰ ਹੋ ਕੇ ਨਾਲ ਚੱਲ ਪਏ।

ਇਹ ਗੁਰੂ ਘਰ ਚੌਂਕ ਨੌਲਖਾ ਬਾਜ਼ਾਰ ਲਾਹੌਰ 'ਚ ਹੈ।

ਇੱਥੇ ਬੀਬੀਆਂ ਸਿੰਘਣੀਆਂ ਨੇ ਆਪਣੇ ਛੋਟੇ-ਛੋਟੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਲਏ ਸਨ ਪਰ ਈਨ ਨਹੀਂ ਮੰਨੀ ਸੀ ਅਤੇ ਧਰਮ ਨਹੀਂ ਛੱਡਿਆ। ਆਪਣੇ ਬੱਚਿਆਂ ਦੀਆਂ ਆਂਦਰਾਂ ਦੇ ਹਹਾਰ ਗ਼ਲਾਂ 'ਚ ਪਵਾ ਲਏ। ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ (ਭਾਵ ਚੱਪਾ-ਚੱਪਾ ਰੋਟੀ)। ਇਕ ਰੋਟੀ ਦੇ ਚੌਥੇ ਹਿੱਸੇ 'ਤੇ ਗੁਜ਼ਾਰਾ ਕੀਤਾ, ਸਵਾ-ਸਵਾ ਮਣ ਦਾਣੇ ਪੀਸੇ, ਲੱਖਾਂ ਬੀਬੀਆਂ ਤੇ ਸਿੰਘ ਸ਼ਹੀਦ ਕੀਤੇ ਗਏ ਪਰ ਕਿਸੇ ਨੇ ਵੀ ਸੀਅ ਨਹੀਂ ਕੀਤੀ, ਧਰਮ ਨਹੀਂ ਛੱਡਿਆ।

ਵਾਹਿਗੁਰੂ ਵਾਹਿਗੁਰੂ ਕਰਦਿਆਂ ਖੇਡ ਪਿਆਰ ਕਰ ਗਈਆਂ ਤੇ ਉਥੇ ਜੋ ਖੂਹ ਹਨ, ਉਸ ਵਿਚ ਆਪਣੀਆਂ ਇੱਜ਼ਤਾਂ ਬਚਾਉਣ ਲਈ ਛਾਲਾਂ ਮਾਰ ਕੇ ਸ਼ਹੀਦੀਆਂ ਪਾ ਦਿੱਤੀਆ ਪਰ ਸੀਅ ਨਹੀਂ ਕੀਤੀ।

ਉਥੇ ਹਾਲੇ ਵੀ ਉਹ ਖੂਨੀ ਖੂਹ ਹੈ ਤੇ ਜਿਸ ਵਿਚ ਦੂਰ ਤੱਕ ਕੁਝ ਨਹੀਂ ਦਿਸਦਾ ਅਤੇ ਨਾਲ ਹੀ ਇਕ ਭੌਰਾ ਹੈ, ਜਿਸ ਦੇ ਥੱਲੇ ਜਾਂਦਿਆਂ ਹੀ ਉਹਨਾਂ 'ਚੋਂ ਇਕ ਚੱਕੀ ਹਾਲੇ ਵੀ ਪਈ ਹੈ, ਜਿਸ ਦੇ ਦੋਵੇਂ ਪੁੜ ਉਥੇ ਜ਼ਮੀਨ 'ਤੇ ਪਏ ਹਨ ਤੇ ਉਹ ਭੌਰਾ ਸਾਡੀਆਂ ਸਿੰਘਣੀਆਂ ਦੀ ਹਿੰਮਤ ਦੀ ਦਾਦ ਦਿੰਦੀਆਂ ਕੰਧਾਂ ਹਾਲੇ ਵੀ ਗਵਾਹੀ ਭਰਦੀਆਂ ਹਨ ਕਿ ਸਿੰਘਣੀਆਂ ਨੇ ਉਸ ਛੋਟੇ ਜਿਹੇ ਭੌਰੇ 'ਚ ਕਿੰਨੇ ਜ਼ਿੰਦਗੀ ਦੇ ਤੰਗ ਦਿਨ ਕੱਟੇ ਹੋਣਗੇ ਤੇ ਕਿਵੇਂ ਉਥੇ ਰਾਤਾਂ ਗੁਜ਼ਾਰੀਆਂ ਹੋਣਗੀਆਂ।

ਉਸ ਗੁਰੂ ਘਰ ਵਿਚ ਅੱਜਕਲ੍ਹ ਦੀ ਕਮੇਟੀ 'ਚ ਇਕੋ-ਇਕ ਮੁਸਲਿਮ ਵੀਰ ਵੀ ਮੈਂਬਰ ਹਨ, ਉਹ ਹਨ ਜਨਾਬ ਪ੍ਰੋਫੈਸਰ ਇਕਬਾਲ ਕੈਸਰ ਜੀ, ਜੋ ਸਾਨੂੰ ਨਾਲ ਲੈ ਕੇ ਗਏ, ਉਥੇ ਦੇ ਮੁੱਖ ਗ੍ਰੰਥੀ ਸਾਹਿਬਾਨ ਨੂੰ ਮਿਲ ਕੇ ਹੀ ਸਾਨੂੰ ਇਕਬਾਲ ਜੀ ਦੇ ਮੈਂਬਰ ਹੋਣ ਦਾ ਪਤਾ ਲੱਗਿਆ।

ਪ੍ਰੋ. ਇਕਬਾਲ ਕੈਸਰ ਜੀ ਪੰਜਾਬੀ ਲਿਪੀ ਤੇ ਬੋਲੀ ਦੀ ਚੰਗੀ ਪਹਿਚਾਣ ਰੱਖਦੇ ਹਨ। ਗੁਰਮੁਖੀ ਪੜ੍ਹ-ਲਿਖ ਲੈਂਦੇ ਹਨ। ਉਸ ਗੁਰੂ ਘਰ ਵਿਚ ਅਸੀਂ ਸਾਰੇ ਪਾਸੇ ਜਾ ਕੇ ਨਾਲ ਵਾਲੀਆਂ ਤਸਵੀਰਾਂ ਵੀ ਖਿੱਚੀਆਂ ਤੇ ਦਰਸ਼ਨ ਕਰਕੇ ਆਪਣੇ ਸ਼ਹੀਦੀਆਂ ਪਾ ਗਏ ਸਿੰਘ-ਸਿੰਘਣੀਆਂ ਲਈ ਅਰਦਾਸ ਵੀ ਕੀਤੀ। ਉਸ ਗੁਰੂ ਘਰ 'ਚ ਲਾਹੌਰ ਰਹਿੰਦੇ ਸਿੱਖ ਬੱਚੇ ਵੀ ਆ ਕੇ ਪਾਠ ਦੀ ਰੋਲ਼ ਲਾਉਣ ਵਿਚ ਸਹਾਇਤਾ ਕਰਦੇ ਹਨ, ਜਿਸ ਨਾਲ ਸਾਡੇ ਸਿੱਖ ਬੱਚੇ ਸਿੱਖ ਧਰਮ ਦੀ ਬਿਹਤਰੀ ਲਈ ਅੱਗੇ ਜਾ ਕੇ ਕੰਮ ਕਰਦੇ ਰਹਿਣਗੇ।

ਭਾਵੇਂ ਹੁਣ ਕੁਝ ਦੇਰ ਲਈ ਕੁਝ ਖਹਿਬਾਜ਼ੀ ਕਰਕੇ ਦੋਵੇਂ ਮੁਲਕਾਂ ਦੇ ਸਬੰਧਾਂ 'ਚ ਕੁਝ ਖਿੱਚੋਤਾਣ ਹੈ ਪਰ ਹੁਣ ਇਹ ਕਾਫਲਾ ਰੁਕਣਾ ਨਹੀਂ ਚਾਹੀਦਾ। ਸਿੱਖਾਂ ਨੂੰ ਆਪਣੇ ਗੁਰੂ ਘਰਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਸਾਡੇ ਸ਼ਹੀਦੀਆਂ ਪਾ ਗਏ ਸਿੰਘ-ਸਿੰਘਣੀਆਂ ਲਈ ਸਾਡੀ ਸ਼ਰਧਾਂਜਲੀ ਹੁਣ ਇਹੀ ਹੋਵੇਗੀ ਕਿ ਅਸੀਂ ਲਹਿੰਦੇ ਪੰਜਾਬ ਦੇ ਗੁਰੂ ਘਰਾਂ 'ਚ ਜਾ ਕੇ ਆਪਣੇ ਸ਼ਰਧਾ ਦੇ ਫੁੱਲ ਉਹਨਾਂ ਸ਼ਹੀਦੀਆਂ ਪਾ ਗਏ ਸਿੰਘ-ਸਿੰਘਣੀਆਂ ਦੀਆਂ ਉਹਨਾਂ ਥਾਵਾਂ ਤੇ ਜਾ ਕੇ ਰੱਖੀਏ ਤੇ ਉਹਨਾਂ ਨੂੰ ਯਾਦ ਕਰਕੇ ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਵੀ ਕਰੀਏ ਤਾਂ ਕਿ ਸਿੱਖ ਸਿਧਾਂਤ ਦੀ ਗੱਲ ਪੂਰੀ ਹੋ ਸਕੇ। ਮੈਂ ਉਮੀਦ ਕਰਦੇ ਹਾਂ ਕਿ ਲਹਿੰਦੇ ਪੰਜਾਬ ਦੇ ਰਸਤੇ ਸਿੱਖਾਂ ਵਾਸਤੇ ਫਿਰ ਖੁੱਲ੍ਹ ਜਾਣਗੇ ਤੇ ਲੋਕ ਵਹੀਰਾਂ ਘੱਤ ਕੇ ਫਿਰ ਆਪਣੇ ਗੁਰੂਆਂ ਦੀ ਧਰਤੀ ਦੇ ਦਰਸ਼ਨ ਕਰ ਸਕਣਗੇ। ਉਮੀਦ ਹੈ ਦੋਵੇਂ ਸਰਕਾਰਾਂ ਇਸ ਗੱਲ 'ਤੇ ਜਲਦੀ ਹੀ ਵਿਚਾਰਾਂ ਵੀ ਕਰਨਗੀਆਂ। ਅਸੀਂ ਇਕਬਾਲ ਦਾ ਬਹੁਤ ਧੰਨਵਾਦ ਕਰਕੇ ਪੰਜਾਬ ਵੱਲ ਚਾਲੇ ਪਾ ਦਿੱਤੇ। ਜੋ ਵੇਖਿਆ ਇਕ ਯਾਦਗਾਰ ਬਣ ਕੇ ਸਾਡੇ ਲਈ ਰਹੇਗੀ।


# ਹਫ਼ਤੇ 'ਚ ਚਾਰ ਦਿਨ ਕੰਮ ਕਰਨਾ ਸਿਹਤ ਲਈ ਚੰਗਾ ਹੈ

ਹਫ਼ਤੇ ਵਿੱਚ ਪੰਜ ਦਿਨ ਕੰਮ ਕਰੋ, ਵੀਕਐਂਡ ਦਾ ਆਨੰਦ ਮਾਣੋ ਅਤੇ ਫਿਰ ਕੰਮ 'ਤੇ ਵਾਪਸ ਪਰਤਣ ਲਈ ਆਪਣੇ ਮਨ ਨੂੰ ਤਿਆਰ ਕਰੋ। ਪਰ ਜੇ ਇਹ ਇਸ ਤੋਂ ਕੁਝ ਵੱਖਰਾ ਹੁੰਦਾ ਤਾਂ ਕੀ ਹੁੰਦਾ? ਜਰਨਲ ਨੇਚਰ ਹਿਊਮਨ ਬਿਹੇਵੀਅਰ ਵਿੱਚ ਪ੍ਰਕਾਸ਼ਿਤ ਇੱਕ ਇਤਿਹਾਸਕ ਅਧਿਐਨ ਜੋ ਕਿ ਆਪਣੀ ਕਿਸਮ ਦਾ ਸਭ ਤੋਂ ਵੱਡਾ ਅਧਿਐਨ ਹੈ, ਦਰਸਾਉਂਦਾ ਹੈ ਕਿ ਕੰਮਕਾਜੀ ਹਫ਼ਤੇ ਨੂੰ ਚਾਰ ਦਿਨਾਂ ਤੱਕ ਘਟਾਉਣ ਨਾਲ ਲੋਕਾਂ ਦੇ ਤੰਦਰੁਸਤੀ ਦੇ ਪੱਧਰ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਬੋਸਟਨ ਕਾਲਜ ਦੇ ਖੋਜਕਾਰਾਂ ਨੇ ਅਮਰੀਕਾ, ਯੂਕੇ, ਆਸਟ੍ਰੇਲੀਆ, ਕੈਨੇਡਾ, ਆਇਰਲੈਂਡ ਅਤੇ ਨਿਊਜ਼ੀਲੈਂਡ ਦੀਆਂ 141 ਕੰਪਨੀਆਂ ਵਿੱਚ ਚਾਰ ਮੁੱਖ ਸੂਚਕਾਂ ਬਰਨਆਊਟ, ਨੌਕਰੀ ਤੋਂ ਸੰਤੁਸ਼ਟੀ, ਸਰੀਰਕ ਅਤੇ ਮਾਨਸਿਕ ਸਿਹਤ ਨੂੰ ਟਰੈਕ ਕੀਤਾ। ਇਸ ਅਧਿਐਨ ਦੇ ਮੁੱਖ ਲੇਖਕ ਵੇਨ ਫੈਨ ਨੇ ਦੱਸਿਆ, "ਸਾਨੂੰ ਕਾਮਿਆਂ ਦੀ ਤੰਦਰੁਸਤੀ ਵਿੱਚ ਬਹੁਤ ਸੁਧਾਰ ਮਿਲੇ ਹਨ।"

ਕੰਪਨੀਆਂ ਨੇ ਉਤਪਾਦਕਤਾ ਅਤੇ ਮਾਲੀਏ ਵਿੱਚ ਵੀ ਵਾਧਾ ਦੇਖਿਆ। ਹੁਣ ਜਦੋਂ ਟ੍ਰਾਇਲ ਖ਼ਤਮ ਹੋ ਗਿਆ ਹੈ ਤਾਂ 90 ਫ਼ੀਸਦ ਸ਼ਾਮਲ ਲੋਕਾਂ ਨੇ ਚਾਰ ਦਿਨਾਂ ਦਾ ਹਫ਼ਤਾ ਜਾਰੀ ਰੱਖਣ ਦੀ ਚੋਣ ਕੀਤੀ ਹੈ।" ਇਹ ਖੋਜ ਅਜਿਹੇ ਲੋਕਾਂ ਦੇ ਹੱਕ ਵਿੱਚ ਖੜਦੀ ਹੈ ਤੇ ਹਫ਼ਤੇ ਵਿੱਚ ਕੰਮ ਦੇ ਥੋੜ੍ਹੇ ਦਿਨਾਂ ਨੂੰ ਬਿਹਤਰ ਸਿਹਤ, ਬਿਹਤਰ ਵਰਕ-ਲਾਈਫ਼ ਬੈਲੇਂਸ ਅਤੇ ਸਮੁੱਚੀ ਜੀਵਨ ਸੰਤੁਸ਼ਟੀ ਨਾਲ ਜੋੜਦਾ ਹੈ। ਇੱਕ ਤਾਜ਼ਾ ਅਧਿਐਨ ਸਾਹਮਣੇ ਆਇਆ ਹੈ ਕਿ ਲੰਬੇ ਕੰਮ ਕਰਨ ਦੇ ਘੰਟੇ ਦਿਮਾਗ਼ ਦੀ ਬਣਤਰ ਨੂੰ ਬਦਲ ਸਕਦੇ ਹਨ।ਤਾਂ, ਜੇਕਰ ਸਿਹਤ ਲਾਭ ਇੰਨੇ ਸਪੱਸ਼ਟ ਹਨ ਤਾਂ ਸਾਨੂੰ ਕੀ ਰੋਕ ਰਿਹਾ ਹੈ?

### ਜ਼ਿਆਦਾ ਕੰਮ ਕਰਨ ਦਾ ਸੱਭਿਆਚਾਰ

ਚੀਨ ਆਪਣੇ '996' ਕਾਰਜ ਸੱਭਿਆਚਾਰ ਲਈ ਜਾਣਿਆ ਜਾਂਦਾ ਹੈ, ਜਿੱਥੇ ਕਰਮਚਾਰੀ ਹਫ਼ਤੇ ਦੇ ਛੇ ਦਿਨ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਕੰਮ ਕਰਦੇ ਹਨ। ਭਾਰਤ ਦੇ ਤੇਜ਼ੀ ਨਾਲ ਵਧ ਰਹੇ ਤਕਨੀਕੀ ਅਤੇ ਵਿੱਤ ਖੇਤਰਾਂ ਵਿੱਚ ਕਰਮਚਾਰੀਆਂ ਨੂੰ ਅਕਸਰ ਵਿਸ਼ਵਵਿਆਪੀ ਮੰਗਾਂ ਨੂੰ ਪੂਰਾ ਕਰਨ ਲਈ ਲੰਬੇ, ਅਨਿਯਮਿਤ ਘੰਟੇ ਕੰਮ ਕਰਨ ਲਈ ਲਗਾਤਾਰ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰੋਫੈਸਰ ਫੈਨ ਕਹਿੰਦੇ ਹਨ, "ਚੀਨ, ਭਾਰਤ, ਅਮਰੀਕਾ ਅਤੇ ਯੂਕੇ ਵਰਗੀਆਂ ਥਾਵਾਂ 'ਤੇ, ਲੰਬੇ ਸਮੇਂ ਤੱਕ ਕੰਮ ਕਰਨ ਨੂੰ ਸਨਮਾਨ ਦੇ ਤਮਗ਼ੇ ਵਜੋਂ ਦੇਖਿਆ ਜਾਂਦਾ ਹੈ।" ਜਪਾਨ ਵਿੱਚ ਬਿਨ੍ਹਾਂ ਤਨਖ਼ਾਹ ਵਾਲਾ ਵਰਟਾਈਮ ਇੰਨਾ ਆਮ ਹੈ ਕਿ ਦੇਸ਼ ਵਿੱਚ ਜ਼ਿਆਦਾ ਕੰਮ ਕਰਕੇ ਮੌਤ ਲਈ ਇੱਕ ਸ਼ਬਦ ਵੀ ਹੈ 'ਕਰੋਸ਼ੀ'। ਜਾਪਾਨ ਵਿੱਚ ਕਿਰਤ ਬਾਜ਼ਾਰਾਂ ਅਤੇ ਕਾਰਜ ਸਥਾਨਾਂ ਦੇ ਸੱਭਿਆਚਾਰ ਦੇ ਮਾਹਰ ਹਿਰੋਸ਼ੀ ਨੇ ਕਹਿੰਦੇ ਹਨ, "ਜਾਪਾਨ ਵਿੱਚ, ਕੰਮ ਸਿਰਫ਼ ਕੰਮ ਨਹੀਂ ਹੁੰਦਾ, ਇਹ ਇੱਕ ਸਮਾਜਿਕ ਰਸਮ ਵਰਗਾ ਹੁੰਦਾ ਹੈ।" "ਲੋਕ ਜਲਦੀ ਪਹੁੰਚਦੇ ਹਨ ਅਤੇ ਦੇਰ ਤੱਕ ਆਪਣੇ ਕੰਮ ਵਾਲੀਆਂ ਥਾਵਾਂ ਉੱਤੇ ਰੁਕਦੇ ਹਨ ਭਾਵੇਂ ਕੋਈ ਅਸਲ ਕੰਮ ਨਾ ਵੀ ਹੋਵੇ, ਮਹਿਜ਼ ਆਪਣੀ ਵਚਨਬੱਧਤਾ ਦਿਖਾਉਣ ਲਈ। ਇਹ ਪ੍ਰਦਰਸ਼ਨਕਾਰੀ ਹੈ। ਮਾਰਸ਼ਲ ਆਰਟਸ ਵਾਂਗ ਇਸ ਨੂੰ ਕਰਨ ਦਾ ਇੱਕ ਤਰੀਕਾ ਹੈ।" ਉਹ ਦੱਸਦੇ ਹਨ ਕਿ ਜਾਪਾਨ ਦਾ ਸਮੂਹਿਕ ਸੱਭਿਆਚਾਰ ਇਸ ਨੂੰ ਵਧਾਉਂਦਾ ਹੈ, "ਕਿਸੇ ਦਿਨ ਵਿਹਲ ਮਾਨਣ ਦੀ ਇੱਛਾ ਰੱਖਣ ਵਾਲਿਆਂ ਲਈ ਸਮਾਜਿਕ ਸਟਿਗਮਾ ਹੈ। ਜੇ ਕੋਈ ਵਿਅਕਤੀ ਸ਼ੁੱਕਰਵਾਰ ਨੂੰ ਛੁੱਟੀ ਲੈਣਾ ਸ਼ੁਰੂ ਕਰ ਦਿੰਦਾ ਹੈ, ਤਾਂ ਦੂਸਰੇ ਸੋਚਣ ਲੱਗਦੇ ਹਨ ਕਿ ਉਹ ਕੰਮ ਕਿਉਂ ਛੱਡ ਰਿਹਾ ਹੈ?" ਜਪਾਨ ਵਿੱਚ ਇੱਕ ਹੈਰਾਨੀਜਨਕ ਗੱਲ ਇਹ ਵੀ ਹੈ ਕਿ ਕਾਨੂੰਨੀ ਤੌਰ ਉੱਤੇ ਮਰਦ ਪੈਟਰਨਿਟੀ ਲੀਵ ਦੇ ਯੋਗ ਹੁੰਦੇ ਹਨ ਪਰ ਬਹੁਤ ਘੱਟ ਲੋਕ ਹਨ ਜੋ ਇਸ ਨੂੰ ਵਰਤਦੇ ਹਨ। ਨੇ ਕਹਿੰਦੇ ਹਨ, "ਮਰਦ ਇੱਕ ਸਾਲ ਤੱਕ ਦੀ ਛੁੱਟੀ ਲੈ ਸਕਦੇ ਹਨ ਪਰ ਬਹੁਤ ਘੱਟ ਲੋਕ ਅਜਿਹਾ ਕਰਦੇ ਹਨ। ਉਹ ਆਪਣੇ ਸਾਥੀਆਂ ਨੂੰ ਅਸੁਵਿਧਾ ਨਹੀਂ ਦੇਣਾ ਚਾਹੁੰਦੇ।"



ਫਿਰ ਵੀ, ਪ੍ਰੋਫੈਸਰ ਵੇਨ ਫੈਨ ਦਾ ਮੰਨਣਾ ਹੈ ਕਿ ਅਜਿਹੇ ਟ੍ਰਾਇਲ ਧਾਰਨਾਵਾਂ ਨੂੰ ਬਦਲਣਾ ਸ਼ੁਰੂ ਕਰ ਰਹੇ ਹਨ। ਇੱਥੋਂ ਤੱਕ ਕਿ ਉਨ੍ਹਾਂ ਥਾਵਾਂ 'ਤੇ ਵੀ ਜਿੱਥੇ ਜ਼ਿਆਦਾ ਕੰਮ ਕਰਨ ਦੀਆਂ ਸਖ਼ਤ ਰਵਾਇਤਾਂ ਹਨ। ਆਈਸਲੈਂਡ ਵਿੱਚ ਤਕਰੀਬਨ 90 ਫ਼ੀਸਦ ਲੋਕ ਹੁਣ ਘੱਟ ਘੰਟੇ ਕੰਮ ਕਰਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਕੰਮ ਦੇ ਹਫ਼ਤੇ ਨੂੰ ਘਟਾਉਣ ਦਾ ਅਧਿਕਾਰ ਹੈ। ਦੱਖਣੀ ਅਫ਼ਰੀਕਾ, ਬ੍ਰਾਜ਼ੀਲ, ਫ਼ਰਾਂਸ, ਸਪੇਨ, ਡੋਮਿਨਿਕਨ ਰੀਪਬਲਿਕ, ਬੋਤਸਵਾਨਾ ਸਣੇ ਕਈ ਦੇਸ਼ਾਂ ਵਿੱਚ ਟ੍ਰਾਇਲ ਹੋਏ ਹਨ ਜਾਂ ਚੱਲ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਟੋਕੀ ਨੇ ਸਰਕਾਰੀ ਕਰਮਚਾਰੀਆਂ ਲਈ ਚਾਰ ਦਿਨਾਂ ਦਾ ਹਫ਼ਤਾ ਸ਼ੁਰੂ ਕੀਤਾ ਸੀ। ਦੁਬਈ ਨੇ ਹਾਲ ਹੀ ਵਿੱਚ ਆਪਣੇ ਸਰਕਾਰੀ ਕਰਮਚਾਰੀਆਂ ਲਈ ਇੱਕ ਅਜਿਹੀ ਹੀ ਗਰਮੀਆਂ ਦੇ ਮੌਸਮ ਲਈ ਪਹਿਲਕਦਮੀ ਸ਼ੁਰੂ ਕੀਤੀ ਸੀ, ਜਿਸ ਵਿੱਚ ਕੰਮ ਕਰਨ ਦੇ ਹਫ਼ਤੇ ਦੇ ਦਿਨ ਘੱਟ ਕੀਤੇ ਗਏ ਹਨ। ਇਸ ਦੌਰਾਨ ਅਕਤੂਬਰ 2025 ਤੋਂ ਸ਼ੁਰੂ ਕਰਦੇ ਹੋਏ, ਦੱਖਣੀ ਕੋਰੀਆ 67 ਕੰਪਨੀਆਂ ਵਿੱਚ ਹਫ਼ਤੇ ਵਿੱਚ 4.5 ਦਿਨ ਕੰਮ ਕਰਨ ਬਾਰੇ ਜਾਂਚ ਕਰੇਗਾ।

4 ਡੇਅ ਵੀਕ ਗਲੋਬਲ ਦੇ ਸੀਈ ਕੈਰਨ ਲੋਵ ਕਹਿੰਦੇ ਹਨ, "ਕੋਵਿਡ ਤੋਂ ਬਾਅਦ, ਜ਼ਿਆਦਾ ਤੋਂ ਜ਼ਿਆਦਾ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਕੰਮ ਅਤੇ ਜ਼ਿੰਦਗੀ ਆਪਸ ਵਿੱਚ ਮੇਲ ਨਹੀਂ ਖਾ ਰਹੇ ਹਨ ਅਤੇ ਤੁਸੀਂ ਉਸ ਰੁਝਾਨ ਨੂੰ ਉਲਟਾ ਨਹੀਂ ਸਕਦੇ।" ਉਨ੍ਹਾਂ ਦੀ ਸੰਸਥਾ ਦੁਨੀਆ ਭਰ ਦੀਆਂ ਕੰਪਨੀਆਂ ਨੂੰ ਚਾਰ-ਦਿਨਾਂ ਦੇ ਮਾਡਲ ਦੀ ਪਰਖ ਕਰਨ ਵਿੱਚ ਮਦਦ ਕਰਦੀ ਹੈ ਬ੍ਰਾਜ਼ੀਲ ਤੋਂ ਨਾਮੀਬੀਆ ਤੋਂ ਜਰਮਨੀ ਤੱਕ ਇਹ ਸੰਸਥਾ ਕੰਮ ਕਰਦੀ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਸਫ਼ਲਤਾ ਦੀ ਕਹਾਣੀ ਕੋਲੋਰਾਡੋ ਦੇ ਗੋਲਡਨ ਸ਼ਹਿਰ ਵਿੱਚ ਇੱਕ ਪੁਲਿਸ ਵਿਭਾਗ ਦੀ ਹੈ ਜਿੱਥੇ 250 ਸਟਾਫ਼ ਮੈਂਬਰ ਕੰਮ ਕਰਦੇ ਹਨ।

ਚਾਰ ਦਿਨਾਂ ਦਾ ਹਫ਼ਤਾ ਸ਼ੁਰੂ ਕਰਨ ਤੋਂ ਬਾਅਦ ਓਵਰਟਾਈਮ ਦੇ ਖਰਚੇ ਤਕਰੀਬਨ 80 ਫ਼ੀਸਦ ਤੱਕ ਘੱਟ ਗਏ ਹਨ ਅਤੇ ਅਸਤੀਫ਼ੇ ਦੇਣ ਵਾਲਿਆਂ ਦੀ ਗਿਣਤੀ ਵੀ ਅੱਧੀ ਰਹਿ ਗਈ ਹੈ। ਲੋਵ ਕਹਿੰਦੇ ਹਨ, "ਜੇਕਰ ਇਹ ਪੁਲਿਸ ਵਿਭਾਗ ਵਿੱਚ ਕੰਮ ਕਰ ਸਕਦਾ ਹੈ ਜਿੱਥੇ ਅਧਿਕਾਰੀ ਗਸ਼ਤ 'ਤੇ ਹਨ, ਐਮਰਜੈਂਸੀ ਨਾਲ ਨਜਿੱਠ ਰਹੇ ਹਨ ਤਾਂ ਇਹ ਹਰ ਜਗ੍ਹਾ ਕੰਮ ਕਰ ਸਕਦਾ ਹੈ।" "ਜਦੋਂ ਅਸੀਂ 2019 ਵਿੱਚ ਪਹਿਲਾ ਟ੍ਰਾਇਲ ਸ਼ੁਰੂ ਕੀਤਾ ਸੀ, ਤਾਂ ਸਿਰਫ਼ ਕੁਝ ਕੰਪਨੀਆਂ ਹੀ ਦਿਲਚਸਪੀ ਰੱਖਦੀਆਂ ਸਨ। ਹੁਣ ਇਹ ਗਿਣਤੀ ਹਜ਼ਾਰਾਂ ਵਿੱਚ ਹਨ। ਸਬੂਤ ਮੌਜੂਦ ਹਨ।" ਲੋਅ ਕਹਿੰਦੇ ਹਨ ਕਿ ਇੱਕ ਆਮ ਗ਼ਲਤ ਧਾਰਨਾ ਇਹ ਹੈ ਕਿ ਛੋਟਾ ਹਫ਼ਤਾ ਘੱਟ ਉਤਪਾਦਕਤਾ ਦਾ ਕਾਰਨ ਬਣੇਗਾ। ਉਹ ਦਲੀਲ ਦਿੰਦੇ ਹਨ ਕਿ ਉਤਪਾਦਕਤਾ ਦੇ ਮਾਮਲੇ ਵਿੱਚ ਤਾਂ ਇਹ ਅਕਸਰ ਇਸ ਦੇ ਉਲਟ ਸਾਬਤ ਹੁੰਦਾ ਹੈ।

2019 ਵਿੱਚ ਮਾਈਕ੍ਰੋਸਾਫਟ ਜਾਪਾਨ ਨੇ ਚਾਰ ਦਿਨਾਂ ਦੇ ਹਫ਼ਤੇ ਦੀ ਪਰਖ ਕੀਤੀ ਅਤੇ ਪਿਛਲੇ ਸਾਲ ਦੇ ਮੁਕਾਬਲੇ ਪ੍ਰਤੀ ਕਰਮਚਾਰੀ ਵੱਲੋਂ ਕੀਤੀ ਗਈ ਵਿਕਰੀ ਵਿੱਚ 40 ਫ਼ੀਸਦ ਵਾਧਾ ਦੇਖਿਆ। ਹਾਲਾਂਕਿ, ਕੰਪਨੀ ਨੇ ਇਸ ਬਦਲਾਅ ਨੂੰ ਸਥਾਈ ਤੌਰ 'ਤੇ ਲਾਗੂ ਨਾ ਕਰਨ ਦਾ ਫ਼ੈਸਲਾ ਲਿਆ। ਲੋਵ ਕਹਿੰਦੇ ਹਨ ਕਿ ਵੱਡੀਆਂ ਕੰਪਨੀਆਂ ਨੂੰ ਬਹੁਤ ਜ਼ਿਆਦਾ ਜਟਿਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਕੋਲ ਕਈ ਵਿਭਾਗ ਹੁੰਦੇ ਹਨ ਅਤੇ ਉਹ ਵੱਖ-ਵੱਖ ਦੇਸ਼ਾਂ ਅਤੇ ਸਮਾਂ ਖੇਤਰਾਂ ਵਿੱਚ ਕੰਮ ਕਰਦੇ ਹਨ। ਪ੍ਰੋਫ਼ੈਸਰ ਫੈਨ ਦੇ ਅਧਿਐਨ ਵਿੱਚ ਉਤਪਾਦਕਤਾ ਨੂੰ ਮੁੱਖ ਰੱਖਿਆ ਗਿਆ ਸੀ। ਅਸਲ ਵਿੱਚ ਇਸ ਲਈ ਕੰਪਨੀਆਂ ਨੇ ਇੱਕ ਬਦਲ ਕੀਤਾ ਸੀ। ਬੇਲੋੜੀਆਂ ਮੀਟਿੰਗਾਂ ਦੀ ਥਾਂ ਫ਼ੋਨ ਕਾਲਾਂ ਜਾਂ ਸੁਨੇਹਿਆਂ ਨੇ ਲੈ ਲਈ ਸੀ। ਲੋਵ ਕਹਿੰਦੇ ਹਨ ਕਿ ਇੱਕ ਹੋਰ ਗ਼ਲਤ ਧਾਰਨਾ ਇਹ ਹੈ ਕਿ ਕਰਮਚਾਰੀਆਂ ਨੂੰ ਉਸ ਦਿਨ ਦੀ ਛੁੱਟੀ ਦੀ ਭਰਪਾਈ ਲਈ ਵਾਧੂ ਮਿਹਨਤ ਕਰਨੀ ਪਵੇਗੀ। ਉਹ ਕਹਿੰਦੇ ਹਨ, "ਮੁੱਖ ਉਦੇਸ਼ ਪੰਜ ਦਿਨਾਂ ਨੂੰ ਚਾਰ ਵਿੱਚ ਬਦਲਣਾ ਨਹੀਂ ਹੈ ਬਲਕਿ ਬਰਬਾਦੀ ਨੂੰ ਘਟਾਉਣਾ ਹੈ।" "ਏਆਈ ਨੇ ਹੁਣ ਬਹੁਤ ਸਾਰੇ ਕੰਮਾਂ ਨੂੰ ਸਵੈਚਾਲਿਤ ਕਰ ਦਿੱਤਾ ਹੈ ਅਤੇ ਅਸੀਂ ਬਹੁਤ ਸਾਰੇ ਕੰਮਾਂ ਵਿੱਚ ਆਉਣ ਵਾਲੀਆਂ ਦਿੱਕਤਾਂ ਦੀ ਪਛਾਣ ਸੌਖਿਆਂ ਕਰ ਸਕਦੇ ਹਾਂ।"

# ਬੇਤਰਤੀਬਾ ਸ਼ਹਿਰੀਕਰਨ ਅਤੇ ਹੜ੍ਹਾਂ ਦੀ ਰੋਕਥਾਮ



**ਦਿਨੇਸ਼ ਸੀ. ਸ਼ਰਮਾ**

ਭਾਰਤੀ ਮੌਸਮ ਵਿਗਿਆਨ ਵਿਭਾਗ ਦੀ ਪੇਸ਼ੀਨਗੋਈ ਮੁਤਾਬਿਕ ਚਲੰਤ ਮੌਨਸੂਨ ਰੁੱਤ ਵਿੱਚ ਦੇਸ਼ ਭਰ ਵਿੱਚ ਆਮ ਨਾਲੋਂ ਜ਼ਿਆਦਾ ਮੀਂਹ ਪਏ ਹਨ। ਕਈ ਸੂਬਿਆਂ ਅੰਦਰ ਭਾਰੀ ਮੀਂਹ ਪਏ, ਪਹਾੜੀ ਖੇਤਰਾਂ ਵਿੱਚ ਮੀਂਹ ਕਰ ਕੇ ਕੁਝ ਥਾਵਾਂ ’ਤੇ ਢਿੱਗਾਂ ਡਿੱਗਣ ਅਤੇ ਹੜ੍ਹ ਜਿਹੀਆਂ ਆਫ਼ਤਾਂ ਦਰਜ ਕੀਤੀਆਂ ਗਈਆਂ ਹਨ।

ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ ਕਸ਼ਮੀਰ ਦੀ ਹਿਮਾਲਿਆ ਪੱਟੀ ਵਿਚ ਵਿਆਪਕ ਪੱਧਰ ’ਤੇ ਮੋਹਲੇਧਾਰ ਮੀਂਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਸਮ ਦੀਆਂ ਸਭ ਤੋਂ ਭਿਆਨਕ ਆਫਤਾਂ ’ਚੋਂ ਇੱਕ ਉੱਤਰਕਾਸ਼ੀ ਜ਼ਿਲ੍ਹੇ ਦੇ ਪਿੰਡ ਧਰਾਲੀ ਵਿੱਚ ਵਾਪਰੀ ਹੈ ਜਿੱਥੇ ਕਿਹਾ ਜਾਂਦਾ ਹੈ ਕਿ ਬੱਦਲ ਫਟਣ ਤੋਂ ਬਾਅਦ ਆਏ ਮੀਂਹ ਦੇ ਪਾਣੀ ਅਤੇ ਚਿੱਕੜ ਦੇ ਹੜ੍ਹ ਕਾਰਨ ਕਾਫ਼ੀ ਜਾਨੀ ਮਾਲੀ ਨੁਕਸਾਨ ਹੋਇਆ ਹੈ। ਇਹ ਘਟਨਾ ਵਾਤਾਵਰਨ ਦੇ ਲਿਹਾਜ਼ ਤੋਂ ਨਾਜ਼ੁਕ ਖੇਤਰਾਂ ਵਿੱਚ ਬੇਲਗ਼ਾਮ ਵਿਕਾਸ ਦੇ ਖ਼ਤਰੇ ਦੀ ਤਿੱਖੀ ਯਾਦਦਹਾਨੀ ਕਰਾਉਂਦੀ ਹੈ।

ਮੈਦਾਨੀ ਇਲਾਕਿਆਂ ਵਿੱਚ ਵੀ ਮੌਨਸੂਨ ਦੇ ਮੀਂਹ ਨੇ ਕਾਫ਼ੀ ਤਬਾਹੀ ਮਚਾਈ ਹੈ, ਕਈ ਪ੍ਰਮੁੱਖ ਸ਼ਹਿਰਾਂ ਵਿੱਚ ਹੜ੍ਹ, ਮਰਨ ਵਾਲਿਆਂ ਦੀ ਗਿਣਤੀ ਅਤੇ ਪੁਰਾਣੇ ਢਾਂਚਿਆਂ ਦੇ ਡਿੱਗਣ ਦੀਆਂ ਖ਼ਬਰਾਂ ਮਿਲੀਆਂ ਹਨ। ਸੋਸ਼ਲ ਮੀਡੀਆ ਤਾਂ ਸ਼ਹਿਰਾਂ ਦੇ ਨੀਵੇਂ ਖੇਤਰਾਂ ਵਿੱਚ ਪਾਣੀ ਇਕੱਠਾ ਹੋਣ ਕਾਰਨ ਜਾਨਲੇਵਾ ਟ੍ਰੈਫਿਕ ਜਾਮ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ: ਸ਼ਹਿਰਾਂ ਦੀਆਂ ਸੜਕਾਂ ਤੇ ਰਾਜਮਾਰਗਾਂ ਉੱਪਰ ਕਾਰਾਂ ਤੇ ਟਰੱਕਾਂ ਦੇ ਟੋਇਆਂ ਵਿੱਚ ਡਿੱਗਣ; ਸਕੂਲੀ ਬੱਚੇ ਤੇ ਦਫ਼ਤਰ ਜਾਣ ਵਾਲੇ ਲੋਕ ਕਈ ਕਈ ਘੰਟੇ ਜਾਮ ਵਿੱਚ ਫਸੇ ਰਹੇ; ਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤਾਂ ਜਿਹੀਆਂ ਬਹੁਤ ਸਾਰੀਆਂ ਖ਼ਬਰਾਂ।

ਹਵਾਈ ਅੱਡਿਆਂ ਦੀਆਂ ਕੁਝ ਨਵੀਆਂ ਬਣੀਆਂ ਇਮਾਰਤਾਂ ਮੀਂਹ ਦਾ ਸਾਹਮਣਾ ਨਹੀਂ ਕਰ ਸਕੀਆਂ। ਇਸ ਤੋਂ ਪ੍ਰਭਾਵਿਤ ਸ਼ਹਿਰਾਂ ਵਿੱਚ ਬੰਗਲੁਰੂ, ਹੈਦਰਾਬਾਦ, ਚੇਨਈ ਅਤੇ ਮੁੰਬਈ ਜਿਹੇ ਅਹਿਮ ਆਰਥਿਕ ਸਰਗਰਮੀਆਂ ਅਤੇ ਆਊਟਸੋਰਸਿੰਗ ਸਰਗਰਮੀਆਂ ਦੇ ਕੇਂਦਰ ਸ਼ਾਮਿਲ ਹਨ। ਮੀਂਹ ਨਾਲ ਜੁੜੀਆਂ ਘਟਨਾਵਾਂ ਨੂੰ ‘ਕੁਦਰਤੀ ਕਹਿਰ’ ਕਹਿ ਕੇ ਆਈ ਗਈ ਕਰ ਦੇਣਾ ਬਹੁਤ ਗ਼ਲਤ ਹੋਵੇਗਾ। ਮੌਨਸੂਨ ਸੀਜ਼ਨ ਦੌਰਾਨ ਭਾਰਤ ਦੇ ਸ਼ਹਿਰਾਂ ਨੂੰ ਜੋ ਕੁਝ ਹੰਢਾਉਣਾ ਪੈਂਦਾ ਹੈ, ਉਹ ਮਾੜੀ ਸ਼ਹਿਰੀ ਯੋਜਨਾਬੰਦੀ, ਬੁਨਿਆਦੀ ਢਾਂਚੇ ਦੀ ਅਣਦੇਖੀ, ਨਗਰਪਾਲਿਕਾਵਾਂ ਦੇ ਨੇਮਾਂ ਦੇ ਉਲੰਘਣ, ਹਰੇ ਭਰੇ ਅਤੇ ਖੁੱਲ੍ਹੇ ਖੇਤਰਾਂ ਨੂੰ ਖ਼ੋਰਾ, ਵੱਡੇ ਪੱਧਰ ’ਤੇ ਕੀਤੇ ਜਾ ਰਹੇ ਕੰਕਰੀਟੀਕਰਨ ਆਦਿ ਦਾ ਸੰਯੁਕਤ ਤੇ ਸਮੂਹਿਕ ਸਿੱਟਾ ਹੈ। ਇਨ੍ਹਾਂ ਸਭ ਤੋਂ ਉੱਪਰ ਜਲਵਾਯੂ ਤਬਦੀਲੀ ਦਾ ਖ਼ਤਰਾ ਮੰਡਰਾ ਰਿਹਾ ਹੈ ਜੋ ਆਪਣੇ-ਆਪ ਵਿੱਚ ਇਨਸਾਨ ਵੱਲੋਂ ਪੈਦਾ ਕੀਤੀ ਗਈ ਘਟਨਾ/ਸਮੱਸਿਆ ਹੈ। ਕਈ ਦਹਾਕਿਆਂ ਤੋਂ ਵਿਗਿਆਨੀ ਜਲਵਾਯੂ ਤਬਦੀਲੀ ਦੇ ਸਿੱਟੇ ਵਜੋਂ ਮੀਂਹ ਤੇ ਸੋਕੇ ਦੀਆਂ ਹੱਦ ਦਰਜੇ ਦੀਆਂ ਘਟਨਾਵਾਂ ਵਾਪਰਨ ਦੀਆਂ ਚਿਤਾਵਨੀਆਂ ਦਿੰਦੇ ਰਹੇ ਹਨ।

ਹੱਦ ਦਰਜੇ ਦੀਆਂ ਮੌਸਮੀ ਘਟਨਾਵਾਂ ਉਦੋਂ ਵਾਪਰਦੀਆਂ ਹਨ ਜਦੋਂ ਕਿਸੇ ਇੱਕ ਜਗ੍ਹਾ ’ਤੇ ਪੈਣ ਵਾਲੇ ਮੀਂਹ ਜਾਂ ਬਰਫ਼ਬਾਰੀ ਦੀ ਮਾਤਰਾ ਆਮ ਨਾਲੋਂ ਬਹੁਤ ਜ਼ਿਆਦਾ ਵਧ ਜਾਂਦੀ ਹੈ ਜਿਵੇਂ ਸਾਡੇ ਕਈ ਸ਼ਹਿਰਾਂ ਵਿੱਚ ਹੋ ਰਿਹਾ ਹੈ। ਕਿਸੇ ਸ਼ਹਿਰ ਜਾਂ ਖੇਤਰ ਲਈ ਔਸਤ ਮੀਂਹ ਆਮ ਹੱਦ ਦੇ ਅੰਦਰ ਰਹਿ ਸਕਦੀ ਹੈ ਪਰ ਕੁਝ ਦਿਨਾਂ ਜਾਂ ਸਥਾਨਾਂ ਉੱਪਰ ਥੋੜ੍ਹੇ ਸਮੇਂ ਵਿੱਚ ਬਹੁਤ ਜ਼ਿਆਦਾ ਮੀਂਹ ਪੈਂਦਾ ਹੈ ਜਿਸ ਦੇ ਸਿੱਟੇ ਵਜੋਂ ਪਾਣੀ ਬੇਕਾਬੂ ਹੋ ਕੇ ਵਹਿ ਤੁਰਦਾ ਹੈ ਅਤੇ ਹੜ੍ਹ ਆ ਜਾਂਦਾ ਹੈ।

ਭਾਰਤ ਵਿੱਚ ਜਿਸ ਤੇਜ਼ ਰਫ਼ਤਾਰ ਨਾਲ ਸ਼ਹਿਰੀਕਰਨ ਹੋ ਰਿਹਾ ਹੈ, ਉਸ ਲਿਹਾਜ਼ ਤੋਂ ਸਥਿਤੀ ਬਦ ਤੋਂ ਬਦਤਰ ਹੁੰਦੀ ਜਾਵੇਗੀ। ਇਸ ਵੇਲੇ ਲਾਏ ਜਾ ਰਹੇ ਅਨੁਮਾਨਾਂ ਮੁਤਾਬਿਕ 2050 ਤੱਕ ਕਰੀਬ ਇੱਕ ਅਰਬ ਲੋਕ ਸ਼ਹਿਰਾਂ ਵਿੱਚ ਰਹਿ ਰਹੇ ਹੋਣਗੇ ਪਰ ਸੰਸਾਰ ਬੈਂਕ ਦੀ ਸੱਜਰੀ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਭਾਰਤ ਦੇ ਸ਼ਹਿਰ ਆਪਣੇ ਮੌਜੂਦਾ ਵਿਕਾਸ ਰਾਹ ਉੱਪਰ ਚਲਦੇ ਰਹੇ ਤਾਂ ਉਹ ਆਪਣੀ ਪੂਰੀ ਸਮੱਰਥਾ ਨੂੰ ਕਾਰਜਸ਼ੀਲ ਕਰਨ ਵਿੱਚ ਸਫਲ ਨਹੀਂ ਹੋ ਸਕਣਗੇ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਚ ਮਾਨਵੀ ਘਣਤਾ (ਘੱਟ ਜਗ੍ਹਾ ਵਿੱਚ ਜ਼ਿਆਦਾ ਲੋਕਾਂ ਦੇ ਵਸੇਬੇ) ਅਤੇ ਕੁਝ ਲੋਕਾਂ ਦੇ ਹੱਥਾਂ ਵਿੱਚ ਬਹੁਤ ਜ਼ਿਆਦਾ ਅਸਾਸੇ ਇਕੱਤਰ ਹੋਣ ਕਰ ਕੇ ਭਾਰਤੀ ਸ਼ਹਿਰ ਜਲਵਾਯੂ ਤਬਦੀਲੀ ਦੇ ਅਸਰਾਂ ਦੀ ਮਾਰ ਨੂੰ ਝੱਲ ਨਹੀਂ ਸਕਣਗੇ। ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਨੂੰ ਜਲਵਾਯੂ ਤਬਦੀਲੀ ਦੇ ਅਸਰਾਂ ਅਤੇ ਆਫ਼ਤਾਂ ਦਾ ਜ਼ਿਆਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਹ (ਸ਼ਹਿਰ) ਪਰਸਪਰ ਰੂਪ ਵਿੱਚ ਜੁੜੀਆਂ ਪ੍ਰਣਾਲੀਆਂ ’ਤੇ ਜ਼ਿਆਦਾ ਨਿਰਭਰ ਹਨ। ਜਦੋਂ ਰਾਜਮਾਰਗ ਜਾਂ ਬਿਜਲੀ ਗਰਿੱਡ ਵਰਗਾ ਪ੍ਰਮੁੱਖ ਬੁਨਿਆਦੀ ਢਾਂਚਾ ਟੁੱਟ ਜਾਂਦਾ ਹੈ ਤਾਂ ਇਹ ਸਿਲਸਿਲੇਵਾਰ ਪ੍ਰਤੀਕਿਰਿਆ ਦਾ ਕਾਰਨ ਬਣ ਸਕਦਾ ਹੈ ਜਿਸ ਦੇ ਸਿੱਟੇ ਵਜੋਂ ਬੁਨਿਆਦੀ ਢਾਂਚਾ ਫੇਲ੍ਹ ਹੋ ਸਕਦਾ ਹੈ ਜਾਂ ਸ਼ਹਿਰ ਠੱਪ ਹੋ ਸਕਦੇ ਹਨ। ਹੜ੍ਹ ਕਰ ਕੇ ਸੜਕਾਂ ਬੰਦ ਹੋ ਸਕਦੀਆਂ ਹਨ ਅਤੇ ਆਵਾਜਾਈ ਵਿੱਚ ਵਿਘਨ ਪੈ ਸਕਦਾ ਹੈ, ਬਿਜਲੀ ਲਾਈਨਾਂ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਇਸ ਨਾਲ, ਜਿਵੇਂ ਇਸ ਸਮੇਂ ਮਾਪਿਆ ਜਾਂਦਾ ਹੈ, ਆਰਥਿਕ ਨੁਕਸਾਨ ਹੋ ਸਕਦਾ ਹੈ।

ਹਰ ਸਾਲ ਮੌਨਸੂਨ ਦੀ ਅਫ਼ਰਾ-ਤਫ਼ਰੀ ਨੂੰ ਦੇਖਦਿਆਂ, ਇਹ ਸਪੱਸ਼ਟ ਹੈ ਕਿ ਸਾਡੇ ਸ਼ਹਿਰ ਜਲਵਾਯੂ ਤਬਦੀਲੀ ਤੇ ਵਧਦੇ ਸ਼ਹਿਰੀਕਰਨ ਦੀ ਦੋਹਰੀ ਚੁਣੌਤੀ ਨਾਲ ਨਜਿੱਠਣ ਲਈ ਚੰਗੀ ਤਰ੍ਹਾਂ ਤਿਆਰ ਨਹੀਂ ਹਨ। ਇਨ੍ਹਾਂ ਅਸਰਾਂ ਦਾ ਟਾਕਰਾ ਕਰਨ ਦੀ ਉਨ੍ਹਾਂ ਦੀ ਸਮਰੱਥਾ ਸੀਮਤ ਹੈ। ਉਨ੍ਹਾਂ ਦੀ ਯੋਜਨਾਬੰਦੀ ਅਤੇ ਪ੍ਰਬੰਧਕੀ ਢਾਂਚਾ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ, ਜਲਵਾਯੂ ਤਬਦੀਲੀ ਦੇ ਅਸਰਾਂ ਤੇ ਵਿਕਾਸ ਅਤੇ ਸੇਵਾਵਾਂ ਦੀ ਮੰਗ ਦੇ ਮੁਕਾਬਲੇ ਪੱਛੜ ਰਿਹਾ ਹੈ।

ਬਹੁਤੇ ਮਾਮਲਿਆਂ ਵਿੱਚ ਵਰਤਮਾਨ ਢਾਂਚੇ ਮਿਆਦ ਪੁਗਾ ਚੁੱਕੇ ਹਨ, ਉਹ ਬਸਤੀਵਾਦੀ ਜਾਂ ਉਸ ਤੋਂ ਵੀ ਪਹਿਲਾਂ ਰਾਜੇ-ਮਹਾਰਾਜਿਆਂ ਦੇ ਸਮਿਆਂ ਦੇ ਹਨ। ਮਸਲਨ, ਹੈਦਰਾਬਾਦ ’ਚ ਨਿਕਾਸੀ ਤੇ ਮੀਂਹ ਦੇ ਪਾਣੀ ਲਈ ਢਾਂਚਾ ਇੱਕ ਸਦੀ ਪਹਿਲਾਂ ਸਰ ਐੱਮ ਵਿਸਵੇਸ਼ਵਰਿਆ ਨੇ ਤਿਆਰ ਕੀਤਾ ਸੀ ਜੋ ਪੰਜ ਲੱਖ ਦੀ ਆਬਾਦੀ ਲਈ ਸੀ। ਇਸ ਢਾਂਚੇ ਨੂੰ ਉਦੋਂ ਆਧੁਨਿਕ ਮੰਨਿਆ ਗਿਆ ਸੀ ਤੇ ਭਵਿੱਖੀ ਵਾਧੇ, ਸ਼ਹਿਰੀ ਯੋਜਨਾਬੰਦੀ ਅਤੇ ਸੁੰਦਰਤਾ ਵਰਗੇ ਬਾਕੀ ਸਰੋਕਾਰਾਂ ਦੇ ਲਿਹਾਜ਼ ਨਾਲ ਵੀ ਇਹ ਠੀਕ ਸੀ। ਹੈਦਰਾਬਾਦ ਨੂੰ ਝੀਲਾਂ ਅਤੇ ਬਾਗ਼ਾਂ ਦਾ ਸ਼ਹਿਰ ਮੰਨਿਆ ਗਿਆ ਸੀ ਜਿਸ ਦਾ ਕੁਦਰਤੀ ਨਿਕਾਸੀ ਢਾਂਚਾ ਚੰਗੀ ਤਰ੍ਹਾਂ ਇੱਕ-ਦੂਜੇ ਨਾਲ ਜੁੜਿਆ ਹੋਇਆ ਸੀ। ਇਹ ਸਭ ਕੁਝ ਉਸਾਰੀਆਂ ਦੇ ਤੇਜ਼ੀ ਨਾਲ ਹੋਏ ਵਿਸਤਾਰ ਤੇ ਵਧੀ ਆਬਾਦੀ ਕਾਰਨ ਨੁਕਸਾਨਿਆ ਗਿਆ ਹੈ। ਨਤੀਜਾ ਹੜ੍ਹਾਂ ਦੇ ਰੂਪ ਵਿੱਚ ਸਭ ਦੇ ਸਾਹਮਣੇ ਹੈ।

ਭਾਰਤ ਦੇ ਤਕਰੀਬਨ ਹਰ ਵੱਡੇ ਸ਼ਹਿਰ ਦਾ ਇਹੀ ਹਾਲ ਹੈ। ਬਹੁਤੇ ਸ਼ਹਿਰ ਸਮੁੰਦਰੀ ਤੱਟਾਂ ਦੇ ਨਾਲ ਹਨ ਜਾਂ ਵੱਡੀਆਂ-ਛੋਟੀਆਂ ਨਦੀਆਂ ਦੇ ਬਰਸਾਤੀ ਮੈਦਾਨਾਂ ’ਚ ਹਨ। ਸ਼ਹਿਰੀਕਰਨ ਨੇ ਪਾਣੀ ਦੇ ਪ੍ਰਵਾਹ ’ਚ ਰੁਕਾਵਟ ਖੜ੍ਹੀ ਕੀਤੀ ਹੈ, ਜਿਸ ਕਾਰਨ ਪਹਿਲਾਂ ਜਿਹੜੇ ਇਲਾਕੇ ਹੜ੍ਹਾਂ ਦੀ ਜ਼ਿਆਦਾ ਮਾਰ ਹੇਠ ਨਹੀਂ ਸਨ, ਉਹ ਵੀ ਹੁਣ ਹੜ੍ਹਾਂ ਦਾ ਵੱਧ ਤੋਂ ਵੱਧ ਸ਼ਿਕਾਰ ਹੋ ਰਹੇ ਹਨ। ਸ਼ਹਿਰ ਬਰਸਾਤੀ ਮੈਦਾਨਾਂ ’ਤੇ ਉਸਰ ਰਹੇ ਹਨ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਿਕ 1985 ਤੋਂ ਲੈ ਕੇ 2015 ਤੱਕ ਹੜ੍ਹਾਂ ਤੋਂ ਸੁਰੱਖਿਅਤ ਖੇਤਰਾਂ ਵਿੱਚ ਉਸਰਿਆ ਜਾਂ ਆਬਾਦ ਹੋਇਆ ਇਲਾਕਾ 82 ਪ੍ਰਤੀਸ਼ਤ ਦੀ ਦਰ ਨਾਲ ਵਧਿਆ ਹੈ; ਹੜ੍ਹਾਂ ਤੋਂ ਵੱਧ ਜੋਖ਼ਿਮ ਵਾਲੇ ਇਲਾਕਿਆਂ ’ਚ ਇਹ ਦਰ 102 ਪ੍ਰਤੀਸ਼ਤ ਹੈ। ਜਲਵਾਯੂ ਤਬਦੀਲੀ ਤੇ ਸ਼ਹਿਰੀਕਰਨ ਦੇ ਸਾਂਝੇ ਅਸਰਾਂ ਦੀ ਬਦੌਲਤ ਮੀਂਹ ਜਾਂ ਬਰਸਾਤੀ ਪਾਣੀ ਕਾਰਨ ਹੜ੍ਹਾਂ ਦਾ ਖ਼ਤਰਾ ਆਉਣ ਵਾਲੇ ਸਮਿਆਂ ’ਚ ਕਈ ਗੁਣਾ ਵਧਣ ਦੀ ਸੰਭਾਵਨਾ ਹੈ।


ਇਸ ਦਾ ਹੱਲ ਸਾਡੇ ਸ਼ਹਿਰਾਂ ਨੂੰ ਜਲਵਾਯੂ ਤਬਦੀਲੀ ਦੇ ਅਸਰਾਂ ਮੁਤਾਬਿਕ ਤਿਆਰ ਕਰਨ ਵਿੱਚ ਹੀ ਹੈ। ਇਸ ਵਾਸਤੇ ਸਾਨੂੰ ਵੱਖ-ਵੱਖ ਸ਼ਹਿਰਾਂ ਦੇ ਮੁਤਾਬਿਕ ਵਿਲੱਖਣ ਕਾਰਜ ਯੋਜਨਾ ਬਣਾਉਣ ਦੀ ਲੋੜ ਹੈ। ਮੌਜੂਦਾ ਸਮੇਂ ਵਿੱਚ ਇਹ ਕੋਸ਼ਿਸ਼ਾਂ ਇਕਜੁੱਟ ਨਹੀਂ ਹਨ। ਸਾਰੇ ਸੂਬਿਆਂ ਦੀਆਂ ਆਪੋ-ਆਪਣੀਆਂ ਕਾਰਜ ਯੋਜਨਾਵਾਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਮਾੜੇ ਤਰੀਕੇ ਨਾਲ ਲਾਗੂ ਕੀਤੀਆਂ ਗਈਆਂ ਹਨ ਜਾਂ ਅਮਲੀ ਰੂਪ ਵਿੱਚ ਲਾਗੂ ਹੀ ਨਹੀਂ ਹੋਈਆਂ। ਸ਼ਹਿਰੀ ਇਲਾਕਿਆਂ ਦੀਆਂ ਚੁਣੌਤੀਆਂ ਵੱਖੋ-ਵੱਖਰੀਆਂ ਹਨ, ਜਿਨ੍ਹਾਂ ਲਈ ਏਕੀਕ੍ਰਿਤ ਪਹੁੰਚ ਦੀ ਲੋੜ ਹੈ। ਸ਼ਹਿਰੀ ਖੇਤਰਾਂ ਦੇ ਹੜ੍ਹਾਂ ਦੇ ਹੱਲ ਲਈ ਵਿਸ਼ੇਸ਼ ਰਣਨੀਤੀਆਂ ਘੜਨ ਦੀ ਲੋੜ ਹੈ, ਜੋ ਖ਼ਤਰੇ ਦੀ ਮੁਕਾਮੀ ਰੂਪ-ਰੇਖਾ ’ਤੇ ਆਧਾਰਿਤ ਹੋਣ। ਪਹਾੜੀ ਇਲਾਕਿਆਂ ਲਈ ਵੀ ਇਸੇ ਤਰ੍ਹਾਂ ਦੀਆਂ ਕਾਰਜ ਯੋਜਨਾਵਾਂ ਦੀ ਲੋੜ ਹੈ।

ਬਰਸਾਤੀ ਮੈਦਾਨਾਂ ਦੇ ਨਿਯਮਿਤ ਸੁਧਾਰ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਲਈ ਸ਼ਹਿਰਾਂ ਨੂੰ ਜਲ ਗ੍ਰਹਿਣ ਪ੍ਰਬੰਧ (ਵਾਟਰਸ਼ੈੱਡ) ਆਧਾਰਿਤ ਹੜ੍ਹ ਬਚਾਓ ਯੋਜਨਾਵਾਂ ਦੀ ਲੋੜ ਹੈ। ਸ਼ਹਿਰੀ ਇਕਾਈਆਂ ਨੂੰ ਡਰੇਨਾਂ ਤੇ ਬੰਨ੍ਹਾਂ ਉੱਤੇ ਪੈਸਾ ਖਰਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਜਿਹੀਆਂ ਖੁੱਲ੍ਹੀਆਂ ਥਾਵਾਂ ਪੈਦਾ ਕਰਨ ਜਾਂ ਬਚਾਉਣ ਉੱਤੇ ਨਿਵੇਸ਼ ਕਰਨਾ ਜ਼ਰੂਰੀ ਹੈ ਜਿਹੜੀਆਂ ਹੜ੍ਹ ਦੇ ਪਾਣੀ ਨੂੰ ਸਮੇਟ ਲੈਣ, ਜਾਂ ਟਿਕਾਊ ਸ਼ਹਿਰੀ ਨਿਕਾਸੀ ਢਾਂਚੇ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੇਨਈ ਨੇ ਸ਼ਹਿਰ ਦੇ ਮੁਤਾਬਿਕ ਜਲਵਾਯੂ ਕਾਰਜ ਯੋਜਨਾ ਵਿਕਸਿਤ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਲਈ ਪਹਿਲਾਂ ਜੋਖ਼ਿਮ ਦਾ ਮੁਲਾਂਕਣ ਕੀਤਾ ਗਿਆ ਹੈ। ਕੋਲਕਾਤਾ ਹੜ੍ਹਾਂ ਦੀ ਭਵਿੱਖਬਾਣੀ ਤੇ ਅਗੇਤੇ ਚਿਤਾਵਨੀ ਢਾਂਚੇ ਉੱਤੇ ਕੰਮ ਕਰ ਰਿਹਾ ਹੈ।

ਸਬੰਧਿਤ ਪ੍ਰਸ਼ਾਸਕੀ ਸੁਧਾਰਾਂ ਤੋਂ ਬਿਨਾਂ ਸ਼ਹਿਰਾਂ ਲਈ ਜਲਵਾਯੂ ਕਾਰਜ ਯੋਜਨਾਵਾਂ ਕੰਮ ਨਹੀਂ ਕਰਨਗੀਆਂ। ਫ਼ਿਲਹਾਲ, ਕਈ ਏਜੰਸੀਆਂ ਹੜ੍ਹਾਂ ਤੋਂ ਬਚਾਅ, ਸ਼ਹਿਰੀ ਯੋਜਨਾਬੰਦੀ, ਨਿਕਾਸੀ ਆਦਿ ਨਾਲ ਸਬੰਧਿਤ ਮੁੱਦੇ ਦੇਖ ਰਹੀਆਂ ਹਨ, ਜਿਨ੍ਹਾਂ ਦੇ ਉਦੇਸ਼ ਇੱਕ-ਦੂਜੇ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਇਲਾਵਾ ਸਰਕਾਰੀ ਏਜੰਸੀਆਂ ਨੂੰ ਜਲਵਾਯੂ ਕਾਰਜ ਯੋਜਨਾਵਾਂ ਉਲੀਕਣ ਅਤੇ ਲਾਗੂ ਕਰਨ ਲਈ ਵਿਗਿਆਨੀਆਂ, ਨਾਗਰਿਕ ਸਮੂਹਾਂ ਅਤੇ ਕਾਰੋਬਾਰੀਆਂ ਨਾਲ ਵੀ ਕੰਮ ਕਰਨਾ ਪੈਂਦਾ ਹੈ। ਸ਼ਹਿਰਾਂ ਵਿੱਚ ਆ ਰਹੇ ਹੜ੍ਹਾਂ ਜਾਂ ਪਹਾੜਾਂ ਵਿੱਚ ਲਗਾਤਾਰ ਹੋ ਰਹੀ ਤਬਾਹੀ ਦਾ ਕੋਈ ਸੌਖਾ ਹੱਲ ਨਹੀਂ ਹੈ।

## ਹਮਲਾਵਰ ਹੋਣ ਨਾਲ ਨਹੀਂ ਹੋਵੇਗਾ ਭਾਰਤ ਨਾਲ ਵਪਾਰ ਸਮਝੌਤਾ - ਅਮਰੀਕੀ ਪ੍ਰਸ਼ਾਸਨ ਵੀ ਸਹਿਮਤ

ਵਾਸ਼ਿੰਗਟਨ- ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਅਤੇ ਟੈਰਿਫ ਤਣਾਅ ਦੇ ਵਿਚਕਾਰ, ਟਰੰਪ ਪ੍ਰਸ਼ਾਸਨ ਨੇ ਹੁਣ ਸਵੀਕਾਰ ਕਰ ਲਿਆ ਹੈ ਕਿ ਭਾਰਤ ਅਜਿਹਾ ਦੇਸ਼ ਨਹੀਂ ਹੈ ਜੋ ਕਿਸੇ ਵੀ ਦੇਸ਼ ਦੇ ਦਬਾਅ ਹੇਠ ਫੈਸਲੇ ਲੈਂਦਾ ਹੈ। ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਭਾਰਤ ਦੇ ਰੁਖ਼ ਤੋਂ ਨਾਰਾਜ਼ ਹੋਣ ਤੋਂ ਬਾਅਦ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਨਾਲ ਵਪਾਰਕ ਗੱਲਬਾਤ ਵਿੱਚ 'ਥੋੜ੍ਹਾ ਜਿਹਾ ਜ਼ਿੱਦੀ' ਰਵੱਈਆ ਦਿਖਾ ਰਿਹਾ ਹੈ।



ਅਮਰੀਕਾ ਦੇ ਇਸ ਬਿਆਨ ਤੋਂ ਸਪੱਸ਼ਟ ਹੈ ਕਿ ਟਰੰਪ ਸਰਕਾਰ ਦੀ ਚਲਾਕੀ ਭਾਰਤੀ ਕੂਟਨੀਤੀ ਦੇ ਸਾਹਮਣੇ ਫਿੱਕੀ ਪੈ ਗਈ ਹੈ। ਸਕਾਟ ਬੇਸੈਂਟ ਨੇ ਇਹ ਜਵਾਬ ਉਦੋਂ ਦਿੱਤਾ ਜਦੋਂ ਉਨ੍ਹਾਂ ਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਬਾਰੇ ਇੱਕ ਸਵਾਲ ਪੁੱਛਿਆ ਗਿਆ। ਉਨ੍ਹਾਂ ਕਿਹਾ, "ਇਹ ਥੋੜ੍ਹਾ ਮੁਸ਼ਕਲ ਟੀਚਾ ਹੈ। ਪਰ ਅਸੀਂ ਚੰਗੀ ਸਥਿਤੀ ਵਿੱਚ ਹਾਂ। ਜਿਨ੍ਹਾਂ ਵੱਡੇ ਵਪਾਰਕ ਸੌਦਿਆਂ 'ਤੇ ਅਜੇ ਤੱਕ ਸਮਝੌਤਾ ਨਹੀਂ ਹੋਇਆ ਹੈ, ਉਨ੍ਹਾਂ ਵਿੱਚ ਸਵਿਟਜ਼ਰਲੈਂਡ ਅਤੇ ਭਾਰਤ ਸ਼ਾਮਲ ਹਨ। ਭਾਰਤ ਥੋੜ੍ਹਾ ਜ਼ਿੱਦੀ ਰਿਹਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਅਮਰੀਕੀ ਵਪਾਰ ਪ੍ਰਤੀਨਿਧੀ ਜੇਮਸਨ ਗ੍ਰੀਰ ਅਤੇ ਵਕੀਲਾਂ ਦੀਆਂ ਟੀਮਾਂ ਇਨ੍ਹਾਂ ਸੌਦਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਰੁੱਝੀਆਂ ਹੋਈਆਂ ਹਨ।

**ਗੱਲਬਾਤ ਜਾਰੀ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸ ਵਿੱਚੋਂ 25 ਪ੍ਰਤੀਸ਼ਤ ਟੈਰਿਫ ਇਸ ਲਈ ਲਗਾਇਆ ਗਿਆ ਹੈ ਕਿਉਂਕਿ ਭਾਰਤ ਰੂਸ ਤੋਂ ਤੇਲ ਖਰੀਦਦਾ ਹੈ। ਇਹ ਟੈਰਿਫ 27 ਅਗਸਤ ਤੋਂ ਲਾਗੂ ਹੋਵੇਗਾ। ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ ਅਮਰੀਕੀ ਟੀਮ 25 ਅਗਸਤ ਨੂੰ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਸਮਝੌਤੇ 'ਤੇ ਛੇਵੇਂ ਦੌਰ ਦੀ ਗੱਲਬਾਤ ਲਈ ਭਾਰਤ ਆਉਣ ਵਾਲੀ ਹੈ।


TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com




# 1993 ਦੇ ਫਰਜ਼ੀ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਵਾਲਿਆਂ ਨੂੰ ਹੁਣ ਮਿਲੀ ਸਜ਼ਾ

"ਪੁਲਿਸ ਵਾਲੇ ਘਰੋਂ ਲੈ ਗਏ ਤੇ ਮੁੜ ਕੇ ਪਤੀ ਵਾਪਸ ਨਹੀਂ ਆਇਆ... ਨਾ ਸਾਨੂੰ ਲੀੜੇ ਮਿਲੇ ਨਾ ਲਾਸ਼ ਤੇ ਨਾਲ ਫੁੱਲ।" "ਮੇਰੇ ਪਤੀ ਨੂੰ ਮਾਰ ਦਿੱਤਾ, ਨਾ ਸਾਨੂੰ ਲਾਸ਼ ਦਿੱਤੀ ਤੇ ਨਾ ਫੁੱਲ ਦਿੱਤੇ। ਬਹੁਤ ਔਖਾ ਸਮਾਂ ਦੇਖਿਆ, ਦਿਹਾੜੀਆਂ ਕਰਕੇ ਬੱਚੇ ਪਾਲੇ ਨੇ। ਹੁਣ ਸਾਨੂੰ 32 ਸਾਲਾਂ ਬਾਅਦ ਨਿਆਂ ਮਿਲਿਆ।" ਇਹ ਸ਼ਬਦ ਉਨ੍ਹਾਂ ਔਰਤਾਂ ਦੇ ਹਨ, ਜਿਨ੍ਹਾਂ ਦੇ ਪਤੀਆਂ ਨੂੰ 32 ਸਾਲ ਪਹਿਲਾਂ ਪੁਲਿਸ ਘਰੋਂ ਤਾਂ ਲੈ ਗਈ ਪਰ ਉਹ ਵਾਪਸ ਕਦੇ ਨਹੀਂ ਪਰਤੇ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰਾਣੀ ਵਲਾਹ ਦੀਆਂ ਇਨ੍ਹਾਂ ਦੋ ਔਰਤਾਂ ਨੂੰ ਆਖਿਰਕਾਰ 32 ਸਾਲਾਂ ਬਾਅਦ ਇਨਸਾਫ ਮਿਲਿਆ ਹੈ। ਮੁਹਾਲੀ ਦੀ ਸੀਬੀਆਈ ਅਦਾਲਤ ਨੇ ਕਈ ਸੇਵਾਮੁਕਤ ਪੁਲਿਸ ਅਧਿਕਾਰੀਆਂ ਨੂੰ ਇਨ੍ਹਾਂ ਔਰਤਾਂ ਦੇ ਪਤੀਆਂ ਸਣੇ 7 ਸਥਾਨਕ ਪੁਰਸ਼ਾਂ ਦੀ ਗੈਰ-ਕਾਨੂੰਨੀ ਹਿਰਾਸਤ, ਤਸ਼ੱਦਦ ਅਤੇ ਫਰਜ਼ੀ ਮੁਕਾਬਲੇ ਵਿੱਚ ਕਤਲਾਂ 'ਚ ਉਨ੍ਹਾਂ ਦੀ ਭੂਮਿਕਾ ਲਈ ਦੋਸ਼ੀ ਠਹਿਰਾਇਆ। ਪੀੜਤ ਪਰਿਵਾਰਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਜਾਂਚ ਪੂਰੀ ਕਰਨ ਤੋਂ ਬਾਅਦ, ਸੀਬੀਆਈ ਨੇ ਸਾਲ 2002 ਵਿੱਚ ਭੁਪਿੰਦਰਜੀਤ ਸਿੰਘ ਡੀਐਸਪੀ ਗੋਇੰਦਵਾਲ, ਇੰਸਪੈਕਟਰ ਗੁਰਦੇਵ ਸਿੰਘ ਐਸਐਚਓ ਸਰਹਾਲੀ, ਐਸਆਈ ਗਿਆਨ ਚੰਦ, ਏਐਸਆਈ ਦਵਿੰਦਰ ਸਿੰਘ, ਏਐਸਆਈ ਗੁਲਬਰਗ ਸਿੰਘ, ਇੰਸਪੈਕਟਰ ਸੂਬਾ ਸਿੰਘ ਐਸਐਚਓ, ਪੀਐਸ ਵੇਰੋਵਾਲ, ਏਐਸਆਈ ਜਗੀਰ ਸਿੰਘ, ਏਐਸਆਈ ਰਘੂ-ਬੀਰ ਸਿੰਘ, ਐਚਸੀ ਮੋਹਿੰਦਰ ਸਿੰਘ, ਐਚਸੀ ਅਰੂਰ ਸਿੰਘ ਵਿਰੁੱਧ ਚਾਰਜਸ਼ੀਟ ਪੇਸ਼ ਕੀਤੀ ਸੀ। ਉਨ੍ਹਾਂ ਦੱਸਿਆ, ਪਰ 2010 ਤੋਂ 21 ਦੌਰਾਨ ਇਸ ਕੇਸ ਦੀ ਸੁਣਵਾਈ 'ਤੇ ਰੋਕ ਲੱਗੀ ਰਹੀ ਅਤੇ ਇਸ ਸਮੇਂ ਦੌਰਾਨ ਪੰਜ ਮੁਲਜ਼ਮਾਂ ਦੀ ਮੌਤ ਹੋ ਗਈ। ਵੇਰਕਾ ਨੇ ਇਹ ਵੀ ਦੱਸਿਆ ਕਿ ਸੀਬੀਆਈ ਨੇ ਇਸ ਮਾਮਲੇ ਵਿੱਚ 67 ਗਵਾਹਾਂ ਦਾ ਹਵਾਲਾ ਦਿੱਤਾ ਸੀ ਪਰ ਮਾਮਲੇ ਵਿੱਚ ਦੇਰੀ ਨਾਲ ਚੱਲ ਰਹੀ ਸੁਣਵਾਈ ਦੌਰਾਨ 36 ਗਵਾਹਾਂ ਦੀ ਵੀ ਮੌਤ ਹੋ ਗਈ ਅਤੇ ਸਿਰਫ਼ 28 ਗਵਾਹਾਂ ਨੇ ਹੀ ਗਵਾਹੀ ਦਿੱਤੀ। ਉਨ੍ਹਾਂ ਕਿਹਾ ਕਿ ਆਖਿਰ ਅੱਜ ਪੰਜ ਮੁਲਜ਼ਮਾਂ ਭੁਪਿੰਦਰਜੀਤ, ਦਵਿੰਦਰ, ਸੂਬਾ, ਗੁਲਬਰਗ ਅਤੇ ਰਘਬੀਰ ਸਿੰਘ ਨੂੰ ਧਾਰਾ 120 ਬੀ, 120-ਬੀ ਆਰ/ਡਬਲਯੂ 302 ਆਈਪੀਸੀ, 120 ਬੀ ਆਰ/ਡਬਲਯੂ 201 ਆਈਪੀਸੀ ਅਤੇ 120 ਬੀ ਆਰ/ਡਬਲਯੂ 218 ਆਈਪੀਸੀ ਦੇ ਤਹਿਤ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਹਿਰਾਸਤ 'ਚ ਲੈ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਦੋਸ਼ੀਆਂ ਨੂੰ ਸਜ਼ਾ ਸੋਮਵਾਰ ਨੂੰ ਸੁਣਾਈ ਜਾਵੇਗੀ।

ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਇਹ ਮਾਮਲਾ 1996 ਵਿੱਚ ਸੀਬੀਆਈ ਨੂੰ ਸੌਂਪ ਦਿੱਤਾ ਗਿਆ ਸੀ, ਜਾਂਚ ਵਿੱਚ ਪਾਇਆ ਗਿਆ ਕਿ ਤਿੰਨ ਸਪੈਸ਼ਲ ਪੁਲਿਸ ਅਫਸਰਾਂ (ਐੱਸਪੀਓ) ਸਣੇ 7 ਨੌਜਵਾਨਾਂ ਨੂੰ ਗੈਰ ਕਾਨੂੰਨੀ ਤਰੀਕੇ



ਨਾਲ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਫਿਰ ਕਤਲ ਕਰਕੇ ਲਾਸ਼ਾਂ ਨੂੰ ਅਣਪਛਾਤੀਆਂ ਦੱਸ ਕੇ ਟਿਕਾਣੇ ਲਗਾ ਦਿੱਤੀਆਂ ਗਈਆਂ ਸਨ। ਇਸ ਕੇਸ ਵਿੱਚ 10 ਪੁਲਿਸ ਮੁਲਾਜ਼ਮਾਂ ਨੂੰ ਮੁਲਜ਼ਮ ਬਣਾਇਆ ਗਿਆ ਸੀ। ਇਨ੍ਹਾਂ ਵਿੱਚੋਂ ਪੰਜ ਦੀ ਟਰਾਇਲ ਦੌਰਾਨ ਮੌਤ ਹੋ ਗਈ। ਸੀਬੀਆਈ ਦੀ ਅਦਾਲਤ ਨੇ ਹੁਣ ਤਰਨਤਾਰਨ ਵਿੱਚ 1993 'ਚ ਹੋਏ ਫਰਜ਼ੀ ਐਨਕਾਊਂਟਰ ਨਾਲ ਜੁੜੇ ਮਾਮਲੇ ਵਿੱਚ ਸਾਬਕਾ ਐੱਸਐੱਸਪੀ ਅਤੇ ਡੀਐੱਸਪੀ ਸਣੇ ਪੰਜ ਲੋਕਾਂ ਨੂੰ ਦੋਸ਼ੀ ਠਹਿਰਾਇਆ। ਸੋਮਵਾਰ ਨੂੰ ਇਨ੍ਹਾਂ ਨੂੰ ਸਜ਼ਾ ਸੁਣਾਈ ਜਾਵੇਗੀ। ਦੋਸ਼ੀ ਕਰਾਰ ਦਿੱਤੇ ਗਏ ਅਧਿਕਾਰੀਆਂ ਵਿੱਚ ਸੇਵਾਮੁਕਤ ਐੱਸਐੱਸਪੀ ਭੁਪਿੰਦਰਜੀਤ ਸਿੰਘ, ਸੇਵਾਮੁਕਤ ਇੰਸਪੈਕਟਰ ਸੂਬਾ ਸਿੰਘ, ਸੇਵਾਮੁਕਤ ਡੀਐੱਸਪੀ ਦਵਿੰਦਰ ਸਿੰਘ ਅਤੇ ਸੇਵਾਮੁਕਤ ਏਐੱਸਆਈ ਰਘੁਬੀਰ ਸਿੰਘ ਅਤੇ ਸੇਵਾਮੁਕਤ ਏਐੱਸਆਈ ਗੁਲਬਰਗ ਸਿੰਘ ਸ਼ਾਮਲ ਹਨ।

**'ਪੁਲਿਸ ਨੇ ਮੇਰਾ ਪਤੀ ਮਾਰਿਆ ਤੇ ਮੇਰੇ ਬਿਜਲੀ ਲਾਈ'**

ਇਹ ਮਾਮਲਾ ਸਾਲ 1993 ਦਾ ਹੈ, ਜਦੋਂ ਪੁਲਿਸ ਤਰਨਤਾਰਨ ਦੇ ਪਿੰਡ ਰਾਣੀ ਵਲਾਹ ਤੋਂ ਸ਼ਿੰਦਰ ਕੌਰ ਦੇ ਪਤੀ ਬਲਕਾਰ ਸਿੰਘ ਨੂੰ ਚੁੱਕ ਕੇ ਲੈ ਗਈ ਅਤੇ ਉਹ ਫਿਰ ਕਦੇ ਵਾਪਸ ਘਰ ਨਹੀਂ ਆਏ। ਸ਼ਿੰਦਰ ਕੌਰ ਦੇ ਪਤੀ ਬਲਕਾਰ ਸਿੰਘ ਵੀ ਉਸ ਸਮੇਂ ਪੁਲਿਸ ਵਿੱਚ ਮੁਲਾਜ਼ਮ (ਐੱਸਪੀਓ) ਸਨ। ਸ਼ਿੰਦਰ ਕੌਰ ਆਪਣੇ ਬੱਚਿਆਂ ਨੂੰ ਪਾਲਣ ਲਈ ਪਿੰਡ ਛੱਡ ਕੇ ਹਰੀਕੇ ਪੱਤਣ ਆ ਕੇ ਰਹਿਣ ਲੱਗ ਗਏ ਸਨ। ਇੱਥੇ



ਉਹ ਦੋ ਕਮਰਿਆਂ ਦੇ ਘਰ ਵਿੱਚ ਰਹਿੰਦੇ ਹਨ। ਉਸ ਦੌਰ ਨੂੰ ਯਾਦ ਕਰਦੇ ਹੋਏ ਉਹ ਦੱਸਦੇ ਹਨ ਕਿ ਕਿਵੇਂ ਉਸ ਸਮੇਂ ਪੁਲਿਸ ਉਨ੍ਹਾਂ ਨੂੰ ਵੀ ਬੱਚਿਆਂ ਸਣੇ ਲੈ ਗਈ ਸੀ। ਸ਼ਿੰਦਰ ਕੌਰ ਦੱਸਦੇ ਹਨ, "ਪੁਲਿਸ ਮੈਨੂੰ ਮੇਰੇ ਬੱਚਿਆਂ ਸਣੇ ਲੈ ਗਈ ਸੀ ਤੇ ਫਿਰ ਮੇਰੇ ਪਤੀ ਪੇਸ਼ ਹੋਏ। ਪੁਲਿਸ ਨੇ ਤਰਨ ਤਾਰਨ ਵਿੱਚ ਉਨ੍ਹਾਂ ਨੂੰ ਮਾਰ ਦਿੱਤਾ ਸੀ। ਅਸੀਂ ਜਦੋਂ ਮੇਰੇ ਪਤੀ ਨੂੰ ਲੈ ਗਏ ਤਾਂ ਸਹਿਰਾਲੀ ਥਾਣੇ 'ਚੋਂ ਬਾਹਰ ਆਏ ਪੰਜ ਪੁਲਿਸ ਅਫਸਰਾਂ ਨੇ ਸਾਨੂੰ ਕਿਹਾ ਕਿ ਅਸੀਂ ਉਸ ਨੂੰ ਮਾਰ ਦਿੱਤਾ। ਫਿਰ ਨਾ ਸਾਨੂੰ ਲਾਸ਼ ਦਿੱਤੀ ਤੇ ਨਾ ਫੁੱਲ ਦਿੱਤੇ।" "ਅਸੀਂ ਕੁਝ ਦਿਨ ਬਾਅਦ ਤਰਨ ਤਾਰਨ ਥਾਣੇ ਵੀ ਗਏ ਤਾਂ ਉਥੇ ਸਾਨੂੰ ਕਿਹਾ ਗਿਆ ਕਿ ਅਸੀਂ ਤਾਂ ਉਨ੍ਹਾਂ ਦੇ ਫੁੱਲ ਵੀ ਪਾ ਦਿੱਤੇ ਹੁਣ ਤੁਹਾਨੂੰ ਕੁਝ ਨਹੀਂ ਮਿਲਣਾ।

ਪੁਲਿਸ ਨੇ ਅੱਤਵਾਦੀ ਕਹਿ ਕਿ ਇਲਜ਼ਾਮ ਲਗਾਇਆ ਪਰ ਉਹ ਅੱਤਵਾਦੀ ਨਹੀਂ ਸੀ। ਪੁਲਿਸ ਨੇ ਉਨ੍ਹਾਂ ਦੀ ਬਹੁਤ ਕੁੱਟਮਾਰ ਕੀਤੀ ਸੀ ਤੇ ਸਾਨੂੰ ਨੇੜੇ ਵੀ ਨਹੀਂ ਜਾਣ ਦਿੱਤਾ ਗਿਆ ਸੀ।" ਸ਼ਿੰਦਰ ਕੌਰ ਦੱਸਦੇ ਹਨ ਕਿ ਪੁਲਿਸ ਨੇ ਉਨ੍ਹਾਂ 'ਤੇ ਵੀ ਤਸ਼ੱਦਦ ਢਾਹਿਆ। ਉਹ ਦੱਸਦੇ ਹਨ, "ਪੁਲਿਸ ਸਾਨੂੰ ਵੀ ਲੈ ਗਈ ਸੀ। ਪੁਲਿਸ ਮੇਰੀਆਂ ਬਾਹਾਂ 'ਤੇ ਬਿਜਲੀ ਲਾਉਂਦੀ ਰਹੀ ਹੈ। ਪੂਰੇ ਦੋ ਦਿਨ ਉਨ੍ਹਾਂ ਨੇ ਮੇਰੇ ਬੱਤੀਆਂ ਲਗਾਈਆਂ ਪਰ ਸਾਡੇ ਕੋਲ ਦੱਸਣ ਨੂੰ ਕੁਝ ਹੈ ਹੀ ਨਹੀਂ ਸੀ।"

**'ਦਿਹਾੜੀਆਂ ਕਰਕੇ ਬੱਚੇ ਵੱਡੇ ਕੀਤੇ'**

1993 ਵਿੱਚ ਜਦੋਂ ਇਹ ਤਸ਼ੱਦਦ ਹੋਈ ਤਾਂ ਸ਼ਿੰਦਰ ਕੌਰ ਦੇ ਛੋਟੇ-ਛੋਟੇ ਬੱਚੇ ਸਨ। ਉਹ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ। ਸ਼ਿੰਦਰ ਕੌਰ ਕਹਿੰਦੇ ਹਨ, "ਮੇਰੇ ਬੱਚੇ ਉਸ ਸਮੇਂ ਨਿੱਕੇ-ਨਿੱਕੇ ਸਨ। ਮੈਂ ਦਿਹਾੜੀਆਂ ਕਰ-ਕਰ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ।" "ਅਸੀਂ ਇਨਸਾਫ ਲਈ ਚੰਡੀਗੜ੍ਹ ਵੀ ਬਹੁਤ ਵਾਰ ਗਏ। ਅਸੀਂ ਚੰਡੀਗੜ੍ਹ ਕੇਸ ਲਾਇਆ ਸੀ। ਉਥੇ ਗੁਰਦੁਆਰਿਆਂ ਵਿੱਚ ਰਾਤਾਂ ਕੱਟੀਆਂ ਪਰ ਸਾਡੀ ਗਰੀਬਾਂ ਦੀ ਕਿਸੇ ਨੇ ਨਹੀਂ ਸੁਣੀ ਫਿਰ ਅਸੀਂ ਚੁੱਪ ਕਰਕੇ ਬੈਠ ਗਏ। ਮੈਂ ਬਹੁਤ ਔਖਾ ਸਮਾਂ ਕੱਟਿਆ।" "ਮੈਂ ਹੁਣ ਚਾਹੁੰਦੀ ਹਾਂ ਕਿ ਮੇਰੇ ਬੱਚਿਆਂ ਨੂੰ ਨੌਕਰੀ ਮਿਲੇ ਤੇ ਮੈਨੂੰ ਪੈਨਸ਼ਨ ਲੱਗ ਜਾਵੇ ਤਾਂ ਜੋ ਸਾਡੇ ਦਿਨ ਚੰਗੇ ਕੱਟੇ ਜਾਣ। ਹੁਣ ਸਾਨੂੰ 32 ਸਾਲ ਬਾਅਦ ਨਿਆਂ ਮਿਲਿਆ ਹੈ।" ਪਿੰਡ ਛੱਡ ਕੇ ਹਰੀਕੇ ਪੱਤਣ ਆਉਣ ਬਾਰੇ ਸ਼ਿੰਦਰ ਕੌਰ ਕਹਿੰਦੇ ਹਨ ਕਿ ਬੱਚੇ ਵੀ ਪਾਲਣੇ ਸੀ ਤੇ ਉਥੇ ਕੋਈ ਕੰਮਕਾਰ ਨਹੀਂ ਸੀ। ਇਥੇ ਸ਼ਹਿਰ ਹੋਣ ਕਰਕੇ ਅਸੀਂ ਕੰਮਕਾਰ ਕਰਕੇ ਗੁਜ਼ਾਰਾ ਕੀਤਾ।

1993 ਵਿੱਚ ਪੁਲਿਸ ਮੁਕਾਬਲੇ 'ਚ ਮਰਨ ਵਾਲਿਆਂ ਵਿੱਚ ਨਰਿੰਦਰ ਕੌਰ ਦੇ ਪਤੀ ਸ਼ਿੰਦਰ ਸਿੰਘ ਵੀ ਸਨ। ਉਸ ਵੇਲੇ ਸ਼ਿੰਦਰ ਸਿੰਘ ਵੀ ਪੁਲਿਸ ਵਿੱਚ ਮੁਲਾਜ਼ਮ (ਐੱਸਪੀਓ) ਸਨ। ਨਰਿੰਦਰ ਕੌਰ ਦੱਸਦੇ ਹਨ, "ਪੁਲਿਸ ਘਰ ਆਈ ਤੇ ਤਲਾਸ਼ੀ ਲੈ ਕੇ ਆਪਣੇ ਨਾਲ ਲੈ ਗਈ। ਫਿਰ ਉਹ ਕਦੇ ਵਾਪਸ ਘਰ ਨਹੀਂ ਪਰਤੇ। ਸਾਨੂੰ ਅਖਬਾਰ ਤੋਂ ਪਤਾ ਲੱਗਿਆ ਕਿ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਨਾ ਸਾਨੂੰ ਉਨ੍ਹਾਂ ਦੀ ਚੱਪਲ ਮਿਲੀ ਨਾ ਲੀੜੇ, ਨਾ ਲਾਸ਼ ਤੇ ਨਾ ਫੁੱਲ।" "ਜਦੋਂ ਮੇਰੇ ਪਤੀ ਨੂੰ ਲੈ ਕੇ ਗਏ, ਉਦੋਂ ਮੇਰੇ ਬੱਚਾ ਹੋਣ ਵਾਲਾ ਸੀ। ਕਦੇ ਮੈਂ ਸਮਾਂ ਪੇਕੇ ਕੱਟਦੀ ਅਤੇ ਕਦੇ ਸਹੁਰੇ ਵਾਲੇ ਲੈ ਆਉਂਦੇ।" ਨਰਿੰਦਰ ਕੌਰ ਦੱਸਦੇ ਹਨ ਕਿ ਉਨ੍ਹਾਂ ਉੱਤੇ ਕੇਸ ਵਾਪਸ ਲੈਣ ਦਾ ਦਬਾਅ ਵੀ ਪਾਇਆ ਗਿਆ ਸੀ ਤੇ ਪੈਸਿਆਂ ਦੀ ਵੀ ਆਫਰ ਕੀਤੀ ਗਈ ਸੀ ਪਰ ਉਨ੍ਹਾਂ ਨੇ ਕੁਝ ਵੀ ਲੈਣ ਤੋਂ ਮਨ੍ਹਾਂ ਕਰ ਦਿੱਤਾ ਤੇ ਕੇਸ ਲੜਿਆ। ਉਹ ਦੱਸਦੇ ਹਨ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਨੂੰ ਇਨਸਾਫ ਮਿਲੇਗਾ। ਸਰਕਾਰ ਕੋਲੋਂ ਮੰਗ ਕਰਦੇ ਹੋਏ ਨਰਿੰਦਰ ਕੌਰ ਕਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਨੂੰ ਨੌਕਰੀ ਮਿਲੇ ਅਤੇ ਉਨ੍ਹਾਂ ਨੂੰ ਪੈਨਸ਼ਨ ਲੱਗ ਜਾਵੇ। ਸ਼ਿੰਦਰ ਸਿੰਘ ਦੇ ਭਰਾ ਹੀਰਾ ਸਿੰਘ ਕਹਿੰਦੇ ਹਨ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਵੇ।

## ਬਹੁਤ ਆਲੀਸ਼ਾਨ ਹੈ ਮਾਰਕ ਜ਼ੁਕਰਬਰਗ ਦਾ ਘਰ

ਵਾਸ਼ਿੰਗਟਨ- ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਵਰਗੀਆਂ ਵੱਡੀਆਂ ਤਕਨੀਕੀ ਕੰਪਨੀਆਂ ਦੇ ਮਾਲਕ ਮਾਰਕ ਜ਼ੁਕਰਬਰਗ ਨੂੰ ਕੌਣ ਨਹੀਂ ਜਾਣਦਾ। ਹਾਲਾਂਕਿ, ਇਸ ਵਾਰ ਮਾਰਕ ਗਲਤ ਕਾਰਨਾਂ ਕਰਕੇ ਖ਼ਬਰਾਂ ਵਿੱਚ ਹੈ। ਮਾਰਕ ਜ਼ੁਕਰਬਰਗ ਦੇ ਗੁਆਂਢੀ ਉਨ੍ਹਾਂ ਤੋਂ ਨਾਰਾਜ਼



ਹਨ, ਜਿਸਦਾ ਕਾਰਨ ਉਨ੍ਹਾਂ ਦਾ ਘਰ ਹੈ। ਮਾਰਕ ਜ਼ੁਕਰਬਰਗ ਦਾ ਅਮਰੀਕਾ ਦੇ ਪਾਲੋ ਆਲਟੋ ਦੇ ਕ੍ਰੇਸੈਂਟ ਪਾਰਕ ਵਿੱਚ ਇੱਕ ਆਲੀਸ਼ਾਨ ਮਹਿਲ ਹੈ। ਇੱਥੇ ਉਨ੍ਹਾਂ ਨੇ 110 ਮਿਲੀਅਨ (900 ਕਰੋੜ ਰੁਪਏ ਤੋਂ ਵੱਧ) ਦੀ ਜਾਇਦਾਦ ਬਣਾਈ ਹੈ। ਪਰ ਹੁਣ ਮਾਰਕ ਜ਼ੁਕਰਬਰਗ ਆਪਣੇ ਗੁਆਂਢੀਆਂ ਲਈ ਸਿਰਦਰਦ ਬਣ ਗਏ ਹਨ।

ਇਕ ਪ੍ਰਸਿੱਧ ਅਮਰੀਕੀ ਮੀਡੀਆ ਦੀ ਰਿਪੋਰਟ ਦੇ ਅਨੁਸਾਰ, ਮਾਰਕ ਜ਼ੁਕਰਬਰਗ 14 ਸਾਲ ਪਹਿਲਾਂ ਇੱਥੇ ਸ਼ਿਫਟ ਹੋਇਆ ਸੀ। ਪਿਛਲੇ 14 ਸਾਲਾਂ ਵਿੱਚ, ਉਨ੍ਹਾਂ ਨੇ ਪੂਰੀ ਸੁਸਾਇਟੀ ਵਿਚ 11 ਘਰ ਖਰੀਦੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮਾਰਕ ਦੇ ਇੱਥੇ ਆਉਣ ਨਾਲ ਸਮਾਜ ਦੀ ਸ਼ਾਂਤੀ ਭੰਗ ਹੋਈ ਹੈ। ਸੁਸਾਇਟੀ ਵਿੱਚ ਕੋਈ ਘਰ ਉਪਲਬਧ ਨਹੀਂ ਹੈ।

ਮਾਰਕ ਦੀ ਸੁਸਾਇਟੀ ਵਿੱਚ ਲੰਬੇ ਸਮੇਂ ਤੋਂ ਰਹਿ ਰਹੇ ਮਾਈਕਲ ਕਹਿੰਦੇ ਹਨ-

ਕਿਸੇ ਵੀ ਗੁਆਂਢੀ ਨੂੰ ਕਿੱਤਾ ਪਸੰਦ ਨਹੀਂ ਹੈ। ਪਰ ਮਾਰਕ ਲੰਬੇ ਸਮੇਂ ਤੋਂ ਅਜਿਹਾ ਕਰ ਰਿਹਾ ਹੈ।

ਰਿਪੋਰਟ ਅਨੁਸਾਰ, ਮਾਰਕ ਆਪਣੀ ਪਤਨੀ ਪ੍ਰਿਸਿਲਾ ਚੈਨ ਅਤੇ ਤਿੰਨ ਧੀਆਂ ਨਾਲ 14 ਸਾਲਾਂ ਤੋਂ ਇਸ ਸੋਸਾਇਟੀ ਵਿੱਚ ਰਹਿ ਰਿਹਾ ਹੈ। ਮਾਰਕ ਨੇ 11 ਵਿੱਚੋਂ 5 ਘਰਾਂ ਨੂੰ ਇੱਕ ਵੱਡੇ ਕੰਪਲੈਕਸ ਵਿੱਚ ਬਦਲ ਦਿੱਤਾ ਹੈ। ਇਸ ਤੋਂ ਇਲਾਵਾ, ਉਹ ਖੁਦ ਮੁੱਖ ਘਰ ਵਿੱਚ ਰਹਿੰਦਾ ਹੈ, ਜਿਸਦੇ ਨਾਲ ਲੱਗਦੇ ਇੱਕ ਗੈਸਟ ਹਾਊਸ ਵੀ ਹੈ। ਇਸ ਤੋਂ ਇਲਾਵਾ, ਉਸਦੇ ਘਰ ਵਿੱਚ ਇੱਕ ਬਾਗ਼, ਸਵੀਮਿੰਗ ਪੂਲ, ਪਿਕਲਬਾਲ ਕੋਰਟ, ਉਸਦੀ ਪਤਨੀ ਚੈਨ ਦੀ 7 ਫੁੱਟ ਦੀ ਮੂਰਤੀ ਅਤੇ ਆਂਢ-ਗੁਆਂਢ 'ਤੇ ਨਜ਼ਰ ਰੱਖਣ ਲਈ ਇੱਕ ਨਿਗਰਾਨੀ ਪ੍ਰਣਾਲੀ ਹੈ।

**ਗੁਆਂਢੀਆਂ ਦੀਆਂ ਸਮੱਸਿਆਵਾਂ ਵਧ ਗਈਆਂ**

ਗੁਆਂਢੀਆਂ ਦਾ ਦਾਅਵਾ ਹੈ ਕਿ ਮਾਰਕ ਜ਼ੁਕਰਬਰਗ ਦੇ ਘਰ ਵਿੱਚ 7,000 ਵਰਗ ਫੁੱਟ ਦੀ ਭੂਮੀਗਤ ਜਗ੍ਹਾ ਹੈ, ਜਿਸਨੂੰ ਉਹ ਬੰਕਰ ਜਾਂ ਚਮਗਿੱਦੜ ਦੀ ਗੁਫਾ ਕਹਿੰਦੇ ਹਨ।

ਭਾਰੀ ਉਪਕਰਣਾਂ ਦੀਆਂ ਉੱਚੀਆਂ ਆਵਾਜ਼ਾਂ ਉਸਦੇ ਘਰੋਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਵਾਹਨਾਂ ਦੀ ਆਵਾਜਾਈ ਕਾਰਨ ਸੋਸਾਇਟੀ ਵਿੱਚ ਟ੍ਰੈਫਿਕ ਜਾਮ ਹੈ। ਇਨ੍ਹਾਂ ਸਮੱਸਿਆਵਾਂ ਨੇ ਗੁਆਂਢੀਆਂ ਨੂੰ ਪਰੇਸ਼ਾਨ ਕੀਤਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਸ਼ਹਿਰ ਪ੍ਰਸ਼ਾਸਨ ਨੇ ਵੀ ਮਾਰਕ ਦੀ ਮਨਮਾਨੀ ਵੱਲ ਅੱਖਾਂ ਮੀਟ ਲਈਆਂ ਹਨ।

SANJA PUNJAB FOODS
RESTAURANT
We also do catering
ਅਸੀਂ ਬਹੁਤ ਹੀ ਵਾਜਬ ਰੇਟਾਂ ਦੇ ਕੇਟਰਿੰਗ ਕਰਦੇ ਹਾਂ

Ph. 279-345-3059
Cell. 916-257-2964
Buffet. 11.30 am to 2.30 pm
$12.99
Indian sweets and catering too
Amandeep Rana
916-257-2964
sanjapunjabfoods@gmail.com
3535 Elverta Rd. #C, Antelope CA 95843

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**







## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਦੂਜੀ ਵਿਸ਼ਵ ਜੰਗ ਵੇਲੇ ਫਰਾਂਸ 'ਚ ਗ੍ਰਿਫ਼ਤਾਰ ਕੀਤੀ ਗਈ ਕਪੂਰਥਲਾ ਰਿਆਸਤ ਦੀ ਰਾਣੀ

ਕਪੂਰਥਲਾ ਰਿਆਸਤ ਸਭ ਤੋਂ ਅਮੀਰ ਰਿਆਸਤ ਤਾਂ ਨਹੀਂ ਪਰ ਉਨ੍ਹਾਂ ਰਿਆਸਤਾਂ ਵਿੱਚੋਂ ਇੱਕ ਸੀ ਜਿਸਨੇ ਕਲਾ ਅਤੇ ਸੁਹਜ ਰਾਹੀਂ ਨਵੇਂ ਮਿਆਰ ਸਿਰਜੇ। ਕਪੂਰਥਲਾ ਰਿਆਸਤ ਬਾਰੇ ਇੱਕ ਦਿਲਚਸਪ ਗੱਲ ਇਹ ਵੀ ਸੀ ਕਿ ਇਹ ਫ਼ਰਾਂਸੀਸੀ ਰੰਗ ਵਿੱਚ ਰੰਗੀ ਹੋਈ ਸੀ। ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਇੱਕ 'ਫਰੈਂਕੋਫਾਈਲ' ਵਜੋਂ ਪ੍ਰਸਿੱਧ ਸਨ, ਉਹ ਫ਼ਰਾਂਸ ਵਿੱਚ ਸਮਾਂ ਬਿਤਾਉਣਾ ਤੇ ਉਸੇ ਅੰਦਾਜ਼ 'ਚ ਰਹਿਣਾ ਪਸੰਦ ਕਰਦੇ ਸਨ। ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਉਹ ਆਪਣੇ ਦਰਬਾਰ ਵਿੱਚ ਵੀ ਫਰੈਂਚ ਭਾਸ਼ਾ ਵਰਤਦੇ ਸਨ। ਅਜਿਹੇ ਮਹਾਰਾਜਾ ਦੀ ਇੱਕੋ-ਇੱਕ ਧੀ, ਰਾਣੀ ਅੰਮ੍ਰਿਤ ਕੌਰ ਦੀ ਜ਼ਿੰਦਗੀ ਦੀ ਕਹਾਣੀ ਵਿੱਚ ਵੀ ਫ਼ਰਾਂਸ ਦਾ ਅਹਿਮ ਰੋਲ ਰਿਹਾ। ਦੂਜੀ ਵਿਸ਼ਵ ਜੰਗ ਵੇਲੇ ਉਨ੍ਹਾਂ ਨੂੰ ਜਰਮਨ ਫੌਜ ਦੇ ਕਬਜ਼ੇ ਹੇਠ ਆਏ ਫ਼ਰਾਂਸ ਵਿੱਚ 'ਵਿਸ਼ੀ ਫ਼ਰਾਂਸ' ਦੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ।



ਫ਼ਰਾਂਸ ਉੱਤੇ ਨਾਜ਼ੀ ਜਰਮਨੀ ਦੇ ਹਮਲੇ ਤੋਂ ਬਾਅਦ ਫ਼ਰਾਂਸੀਸੀ ਜਨਰਲ ਦੀ ਅਗਵਾਈ ਹੇਠ ਜਰਮਨੀ ਦੀ ਸਹਿਯੋਗੀ ਸਰਕਾਰ ਸਥਾਪਤ ਕੀਤੀ ਗਈ ਸੀ, ਇਸ ਦਾ ਨਾਂ 'ਵਿਸ਼ੀ' ਫ਼ਰਾਂਸ ਸੀ। ਅੰਮ੍ਰਿਤ ਕੌਰ ਬਾਰੇ ਜਾਣਦਿਆਂ ਹੀ ਇਹੀ ਖਿਆਲ ਆਉਂਦਾ ਹੈ ਕਿ ਉਨ੍ਹਾਂ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ, ਉਹ ਉਸ ਵੇਲੇ ਫ਼ਰਾਂਸ ਵਿੱਚ ਕਿਉਂ ਸਨ ਤੇ ਆਖ਼ਰ ਉਨ੍ਹਾਂ ਦੀ ਰਿਹਾਈ ਕਿਵੇਂ ਹੋਈ? ਇਹੀ ਸਵਾਲ ਇਟਾਲੀਅਨ ਪੱਤਰਕਾਰ ਲਿਵਿਆ ਮਨੇਰਾ ਸੰਬਾਈ ਦੇ ਮਨ ਵਿੱਚ ਸਨ, ਜਦੋਂ ਉਨ੍ਹਾਂ ਨੇ ਮੁੰਬਈ ਦੇ ਇੱਕ ਮਿਉਜ਼ੀਅਮ ਵਿੱਚ ਅੰਮ੍ਰਿਤ ਕੌਰ ਦੀ ਖ਼ੂਬਸੂਰਤ ਤਸਵੀਰ ਵੇਖੀ। ਇਸ ਮਗਰੋਂ ਉਨ੍ਹਾਂ ਨੇ 10 ਸਾਲ ਇਹ ਲੱਭਣ ਵਿੱਚ ਲਾਏ ਕਿ ਇਸ ਪੰਜਾਬੀ ਰਾਣੀ ਨਾਲ ਫ਼ਰਾਂਸ ਵਿੱਚ ਕੀ ਵਾਪਰਿਆ ਤੇ ਉਨ੍ਹਾਂ ਬਾਰੇ ਇੰਨੀ ਥੋੜ੍ਹੀ ਜਾਣਕਾਰੀ ਕਿਉਂ ਹੈ।

### ਨਾਰੀਵਾਦੀ ਅਤੇ ਆਜ਼ਾਦ ਸ਼ਖ਼ਸੀਅਤ


ਲਿਵਿਆ ਮਨੇਰਾ ਸੰਬਾਈ ਦੱਸਦੇ ਹਨ ਕਿ ਰਾਣੀ ਅੰਮ੍ਰਿਤ ਕੌਰ ਸ਼ੁਰੂ ਤੋਂ ਹੀ ਇੱਕ ਆਜ਼ਾਦ ਸ਼ਖਸੀਅਤ ਦੇ ਮਾਲਕ ਸਨ, ਉਹ ਬ੍ਰਿਟਿਸ਼ ਰਾਜ ਦੇ ਪੱਖ ਵਿੱਚ ਸਨ। ਉਨ੍ਹਾਂ ਦਾ ਪਰਿਵਾਰ ਸਿੱਖ ਮਾਹੌਲ ਵਾਲਾ ਸੀ, ਇਸ ਕਰਕੇ ਉਹ ਜਾਤ-ਪਾਤ ਦੇ ਵਿਰੋਧ ਵਿੱਚ ਸਨ। ਅੰਮ੍ਰਿਤ ਕੌਰ ਦੇ ਪਿਤਾ ਹਾਲਾਂਕਿ ਪਿਤਾ-ਪੁਰਖੀ ਸੁਭਾਅ ਦੇ ਸਨ ਪਰ ਉਨ੍ਹਾਂ ਨੂੰ ਕਾਫੀ ਚੰਗੀ ਸਿੱਖਿਆ ਮਿਲੀ ਸੀ, ਇਸ ਦਾ ਅੱਗੇ ਜਾ ਕੇ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਉੱਤੇ ਵੀ ਅਸਰ ਪਿਆ। ਮਹਾਰਾਜਾ ਜਗਤਜੀਤ ਦੀਆਂ ਕਈ ਪਤਨੀਆਂ ਸਨ। ਅੰਮ੍ਰਿਤ ਕੌਰ ਮਹਾਰਾਜਾ ਜਗਤਜੀਤ ਸਿੰਘ ਦੀ ਚੌਥੀ ਪਤਨੀ ਰਾਣੀ ਕਨਾਰੀ ਸਾਹਿਬਾ ਦੀ ਧੀ ਸਨ। ਮਹਾਰਾਜਾ ਜਗਤਜੀਤ ਸਿੰਘ ਦੇ ਪੜਪੋਤੇ ਟਿੱਕਾ ਸ਼ਤਰੂਜੀਤ ਸਿੰਘ ਨੇ ਬੀਬੀਸੀ ਨਾਲ ਗੱਲ ਕਰਦਿਆਂ ਦੱਸਿਆ ਕਿ ਅੰਮ੍ਰਿਤ ਕੌਰ ਨੇ ਆਪਣੀ ਸ਼ੁਰੂਆਤੀ ਪੜ੍ਹਾਈ ਇੰਗਲੈਂਡ ਅਤੇ ਫ਼ਰਾਂਸ ਵਿੱਚ ਕੀਤੀ। ਉਨ੍ਹਾਂ ਨੇ ਆਪਣੇ ਸਕੂਲ ਵਿੱਚ ਜੈਜ਼ ਕਲੱਬ ਨੂੰ ਵੀ ਲੀਡ ਕੀਤਾ ਸੀ।

### ਮੰਡੀ ਦੇ ਰਾਜਾ ਨਾਲ ਵਿਆਹ

ਅੰਮ੍ਰਿਤ ਕੌਰ ਆਪਣੀ ਉਮਰ ਦੇ ਵੀਹਵਿਆਂ ਦੀ ਸ਼ੁਰੂਆਤ ਵਿੱਚ ਮੰਡੀ ਰਿਆਸਤ ਦੇ ਵਾਰਿਸ ਜੋਗਿੰਦਰ ਸੇਨ ਬਹਾਦੁਰ ਨਾਲ ਵਿਆਹੇ ਗਏ ਸਨ, ਉਹ ਜਵਾਨ ਉਮਰ ਵਿੱਚ ਹੀ ਰਾਣੀ ਬਣ ਗਏ ਸਨ। ਉਹ ਇਸ ਸਮੇਂ ਦੌਰਾਨ ਔਰਤਾਂ ਦੇ ਹੱਕਾਂ ਲਈ ਅੱਗੇ ਆਏ ਸਨ, ਉਹ ਬਹੁ-ਵਿਆਹ ਅਤੇ ਬਾਲ ਵਿਆਹ ਦੇ ਵੀ ਖ਼ਿਲਾਫ਼ ਸਨ। ਲਿਵਿਆ ਨੇ ਦੱਸਿਆ, "ਮੰਡੀ ਇੱਕ ਧਾਰਮਿਕ ਥਾਂ ਸੀ ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਮੰਦਿਰ ਹਨ।।ਅੰਮ੍ਰਿਤ ਕੌਰ ਨੇ ਇੱਥੋਂ ਦੇ ਹਿੰਦੂ ਸਭਿਆਚਾਰ ਨੂੰ ਅਪਣਾਇਆ, ਉਹ ਮੰਦਿਰਾਂ ਦੀ ਸਾਂਭ-ਸੰਭਾਲ ਅਤੇ ਮੰਡੀ ਤੇ ਲੋਕਾਂ ਦਾ ਸਤਿਕਾਰ ਹਾਸਿਲ ਕਰਨ ਪ੍ਰਤੀ ਤਤਪਰ ਸਨ।" "ਅੰਮ੍ਰਿਤ ਕੌਰ ਦੇ ਆਪਣੇ ਪਤੀ ਨਾਲ ਸ਼ੁਰੂਆਤ ਤੋਂ ਹੀ ਸਬੰਧ ਸੁਖਾਵੇਂ ਨਹੀਂ ਸਨ।। ਉਨ੍ਹਾਂ ਨੂੰ ਬਚਪਨ ਵਿੱਚ ਮਿਲੀ ਸਿੱਖਿਆ ਤੇ ਵਿਦੇਸ਼ੀ ਤਜਰਬੇ ਦੇ ਉਲਟ ਉਨ੍ਹਾਂ ਦੇ ਪਤੀ ਕੋਲ ਇਨ੍ਹਾਂ ਚੀਜ਼ਾਂ ਦੀ ਘਾਟ ਸੀ।"

### ਫ਼ਰਾਂਸ ਦਾ ਸਫ਼ਰ ਅਤੇ ਉੱਥੋਂ ਨਾ ਹੋਈ ਵਾਪਸੀ

ਲਿਵਿਆ ਦੱਸਦੇ ਹਨ ਕਿ ਉਨ੍ਹਾਂ ਦੀ ਖੋਜ ਵਿੱਚ ਸਾਹਮਣੇ ਆਇਆ ਕਿ ਅੰਮ੍ਰਿਤ ਕੌਰ ਦੇ ਸਾਲ 1933 ਵਿੱਚ ਫ਼ਰਾਂਸ ਜਾਣ ਦੇ ਕਾਰਨ ਅਤੇ ਹਾਲਾਤ ਕਾਫੀ ਨਿੱਜੀ ਸੀ। ਅੰਮ੍ਰਿਤ ਕੌਰ ਦੇ ਉਸ ਵੇਲੇ ਦੋ ਬੱਚੇ ਸਨ। ਅੰਮ੍ਰਿਤ ਕੌਰ ਲਈ ਪੈਰਿਸ ਇੱਕ ਘਰ ਵਾਂਗ ਸੀ। ਉਹ ਪਰਿਵਾਰ ਨੂੰ ਚਿੱਠੀਆਂ ਵੀ ਫ਼ਰੈਂਚ ਵਿੱਚ ਹੀ ਲਿਖਦੇ ਸਨ। ਲਿਵਿਆ ਮੁਤਾਬਕ, ਅੰਮ੍ਰਿਤ ਪਹਿਲਾਂ ਵੱਧ ਤੋਂ ਵੱਧ ਛੇ ਮਹੀਨਿਆਂ ਲਈ ਫ਼ਰਾਂਸ ਗਏ ਸਨ ਪਰ ਕੁਝ ਕਾਰਨਾਂ ਕਰਕੇ ਉਹ ਵਾਪਸ ਨਹੀਂ ਆਏ। ਉਨ੍ਹਾਂ ਦੱਸਿਆ, "ਅੰਮ੍ਰਿਤ ਕੌਰ ਜਨਤਕ ਤੌਰ ਉੱਤੇ ਬਹੁ-ਵਿਆਹ ਦੇ ਖ਼ਿਲਾਫ਼ ਸਨ, ਉਨ੍ਹਾਂ ਦੇ ਪਤੀ ਦਾ ਇੱਕ ਹੋਰ ਵਿਆਹ ਕਰਵਾਉਣ ਦਾ ਫ਼ੈਸਲਾ ਉਨ੍ਹਾਂ ਲਈ ਕਾਫ਼ੀ



ਸ਼ਰਮਿੰਦਗੀ ਭਰਿਆ ਸੀ।" ਸਾਲ 1938 ਵਿੱਚ ਉਨ੍ਹਾਂ ਨੇ ਪੈਰਿਸ ਵਿੱਚ ਹੀ ਰਹਿਣ ਦਾ ਫ਼ੈਸਲਾ ਲਿਆ। ਜੰਗ ਦੀ ਸ਼ੁਰੂਆਤ ਹੋਣ ਵਾਲੀ ਸੀ, ਪਰ ਅੰਮ੍ਰਿਤ ਕੌਰ ਦਾ ਖਿਆਲ ਸੀ ਕਿ ਸਿਆਸੀ ਹਾਲਾਤ ਦਾ ਉਨ੍ਹਾਂ ਉੱਤੇ ਅਸਰ ਨਹੀਂ ਪਵੇਗਾ। ਟਿੱਕਾ ਸ਼ਤਰੂਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤ ਕੌਰ ਸ਼ਾਂਤੀ ਦੇ ਹਾਮੀ ਸਨ। ਉਹ ਫ਼ਰਾਂਸ ਇਸ ਲਈ ਰੁਕੇ ਸਨ ਕਿਉਂਕਿ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਕੁਝ ਦੋਸਤ ਸੁਰੱਖਿਅਤ ਹੋਰ ਦੇਸ਼ਾਂ ਵਿੱਚ ਪਹੁੰਚ ਜਾਣ।

### ਕਿਉਂ ਕੀਤਾ ਗਿਆ ਸੀ ਗ੍ਰਿਫ਼ਤਾਰ

ਅੰਮ੍ਰਿਤ ਕੌਰ ਨੂੰ 10 ਦਸੰਬਰ 1940 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਫ਼ਰਾਂਸ ਦੇ ਇੱਕ ਇੰਟਰਨਮੈਂਟ ਕੈਂਪ ਵਿੱਚ ਲਿਜਾਇਆ ਗਿਆ। ਮਹਾਰਾਜਾ ਕਪੂਰਥਲਾ ਦੇ ਪਰਿਵਾਰ ਦੇ ਯਹੂਦੀ ਲੋਕਾਂ ਨਾਲ ਚੰਗੇ ਸਬੰਧ ਸਨ। ਲਿਵਿਆ ਕਹਿੰਦੇ ਹਨ ਕਿ ਅੰਮ੍ਰਿਤ ਕੌਰ ਨੇ ਆਪਣੇ ਯਹੂਦੀ ਦੋਸਤਾਂ ਨੂੰ ਫ਼ਰਾਂਸ ਛੱਡਣ ਲਈ ਮਦਦ ਕਰਨ ਲਈ ਇੱਕ ਗਹਿਣਾ ਵੀ ਵੇਚਿਆ ਸੀ, ਪਰ ਇਹ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਕਾਰਨ ਨਹੀਂ ਸੀ। ਫ਼ਰਾਂਸ ਦੇ ਜਰਮਨ ਫੌਜ ਦੇ ਕਬਜ਼ੇ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੂੰ 'ਏਲੀਅਨ ਐਨੀਮੀ' ਭਾਵ ਦੁਸ਼ਮਣ ਦੱਸ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਲਿਵਿਆ ਨੇ ਅੱਗੇ ਦੱਸਿਆ, "ਇਹ ਇੱਕ ਟਰਾਂਜ਼ਿਟਰੀ ਕੈਂਪ ਸੀ, ਇੱਥੇ ਹਾਲਾਤ ਬੇਹੱਦ ਮਾੜੇ ਸਨ। ਇੱਥੇ 600 ਜਣੇ ਪਹਿਲੇ ਮਹੀਨੇ ਵਿੱਚ ਹੀ ਨਿਮੋਨੀਆ ਅਤੇ ਟਾਇਫਾਇਡ ਕਰਕੇ ਮਾਰੇ ਗਏ ਸਨ।"

### ਮਹਾਰਾਜਾ ਕਪੂਰਥਲਾ ਦੀਆਂ ਕੋਸ਼ਿਸ਼ਾਂ

ਟਿੱਕਾ ਸ਼ਤਰੂਜੀਤ ਸਿੰਘ ਦੱਸਦੇ ਹਨ ਕਿ ਮਹਾਰਾਜਾ ਜਗਤਜੀਤ ਸਿੰਘ ਨੇ ਅੰਮ੍ਰਿਤ ਕੌਰ ਦੀ ਆਜ਼ਾਦੀ ਲਈ ਸੰਸਾਰ ਭਰ ਨੂੰ ਚਿੱਠੀਆਂ ਲਿਖੀਆਂ। ਲਿਵਿਆ ਮੁਤਾਬਕ, ਉਨ੍ਹਾਂ ਨੇ ਅੰਮ੍ਰਿਤ ਕੌਰ ਨੂੰ ਪੈਸੇ ਭੇਜਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਅੰਮ੍ਰਿਤ ਕੌਰ ਦੇ ਬੈਂਕ ਖਾਤੇ ਜਰਮਨਾਂ ਵੱਲੋਂ ਫ੍ਰੀਜ਼ ਕਰ ਦਿੱਤੇ ਗਏ ਸਨ। ਲਿਵਿਆ ਦੱਸਦੇ ਹਨ ਕਿ ਮਹਾਰਾਜਾ ਅਤੇ ਅੰਮ੍ਰਿਤ ਕੌਰ ਵਿਚਾਲੇ ਇੱਕ ਕਾਫੀ ਵੱਡਾ ਝਗੜਾ ਹੋਇਆ ਸੀ ਤੇ ਉਹ ਦੋਵੇਂ ਇੱਕ-ਦੂਜੇ ਨਾਲ ਗੱਲ ਨਹੀਂ ਕਰਦੇ ਸਨ। ਇੱਕ ਭਾਰਤੀ ਮਹਾਰਾਜਾ ਦੀ ਧੀ ਹੋਣ ਕਰਕੇ ਅਤੇ ਮੰਡੀ ਦੇ ਰਾਜੇ ਦੀ ਪਤਨੀ ਹੋਣ ਕਰਕੇ ਬ੍ਰਿਟਿਸ਼ ਵਿਦੇਸ਼ ਦਫ਼ਤਰ ਵੱਲੋਂ ਉਨ੍ਹਾਂ ਉੱਤੇ ਨਜ਼ਰ ਰੱਖੀ ਜਾ ਰਹੀ ਸੀ। ਜਦੋਂ ਅੰਮ੍ਰਿਤ ਕੌਰ ਦੇ ਪਿਤਾ ਨੇ ਉਨ੍ਹਾਂ ਦੀ ਆਜ਼ਾਦੀ ਲਈ ਕੈਦੀਆਂ ਦੀ ਰਿਹਾਈ ਦਾ ਪ੍ਰਸਤਾਵ ਦਿੱਤਾ ਤਾਂ ਬ੍ਰਿਟਿਸ਼ ਸਰਕਾਰ ਵੱਲੋਂ ਉਨ੍ਹਾਂ ਨੂੰ ਇੱਕ ਜਾਸੂਸ ਦੀ ਰਿਹਾਈ ਲਈ ਅਹਿਮ ਨਹੀਂ ਮੰਨਿਆ ਗਿਆ।

### ਕਿਵੇਂ ਹੋ ਸਕੀ ਸੀ ਰਿਹਾਈ

ਲਿਵਿਆ ਕਹਿੰਦੇ ਹਨ ਕਿ ਉਨ੍ਹਾਂ ਦੇ ਕੈਂਪ ਤੋਂ ਆਜ਼ਾਦ ਹੋਣ ਦੀ ਕਹਾਣੀ ਬਾਰੇ ਜਾਣਕਾਰੀ ਦੀ ਘਾਟ ਹੈ। ਇਸ ਦਾ ਕਾਰਨ ਫ਼ਰੈਂਚ ਅਤੇ ਜਰਮਨ ਆਰਕਾਈਵਜ਼ ਦਾ ਤਬਾਹ ਕੀਤੇ ਜਾਣਾ ਹੈ। ਲਿਵਿਆ ਨੇ ਬ੍ਰਿਟਿਸ਼ ਵਿਦੇਸ਼ ਦਫ਼ਤਰ ਤੋਂ ਮਿਲੀ ਫ਼ਾਈਲ ਅਤੇ ਆਪਣੀ ਰਿਸਰਚ ਨਾਲ ਅੰਮ੍ਰਿਤ ਕੌਰ ਦੀ ਕਹਾਣੀ ਦੇ ਪੱਖ ਜਾਣੇ। ਲਿਵਿਆ ਨੇ ਦੱਸਿਆ ਕਿ ਕੈਂਪ ਵਿੱਚ ਜਰਮਨ ਇਨ੍ਹਾਂ ਕੈਦੀਆਂ ਨੂੰ ਫੈਕਟਰੀਆਂ ਜਾਂ 'ਕੰਸਨਟ੍ਰੇਸ਼ਨ ਕੈਂਪਾਂ' ਵਿੱਚ ਭੇਜਣਾ ਚਾਹੁੰਦੇ ਸਨ ਪਰ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਇਹ ਧਮਕੀ ਦਿੱਤੀ ਕਿ ਉਹ ਜਰਮਨ ਕੈਦੀਆਂ ਨੂੰ ਕੈਨੇਡੀਆਈ ਟੁੰਡਰਾ (ਕੈਨੇਡਾ ਵਿਚਲੀਆਂ ਜੇਲ੍ਹਾਂ) ਵਿੱਚ ਭੇਜ ਦੇਣਗੇ। ਚਰਚਿਲ ਦੀਆਂ ਕੋਸ਼ਿਸ਼ਾਂ ਕਰਕੇ ਉਨ੍ਹਾਂ ਅਤੇ ਬਾਕੀ ਔਰਤਾਂ ਨੂੰ ਫ਼ਰਾਂਸ ਵਿੱਚ ਹੀ ਰੱਖਿਆ ਗਿਆ।

ਲਿਵਿਆ ਮੰਨਦੇ ਹਨ ਕਿ ਫ਼ਰਾਂਸ ਵਿੱਚ ਕੈਦ ਵਿੱਚੋਂ ਉਨ੍ਹਾਂ ਦੀ ਰਿਹਾਈ ਉਨ੍ਹਾਂ ਵੱਲੋਂ ਜਾਂ ਉਨ੍ਹਾਂ ਦੇ ਕਿਸੇ ਜਾਣਕਾਰ ਵੱਲੋਂ ਰਿਸ਼ਵਤ ਦੇਣ ਕਰਕੇ ਹੀ ਸੰਭਵ ਹੋ ਸਕੀ ਸੀ। ਕੈਂਪ ਤੋਂ ਬਾਹਰ ਨਿਕਲਣ ਤੋਂ ਬਾਅਦ ਵੀ ਉਹ ਜੰਗ ਦੇ ਰਹਿੰਦੇ ਸਮੇਂ ਤੱਕ ਹਾਊਸ ਅਰੈਸਟ ਵਿੱਚ ਰਹੇ। ਲਿਵਿਆ ਕਹਿੰਦੇ ਹਨ ਕਿ ਮਹਾਰਾਣੀ ਭਾਵੇਂ ਕੈਂਪ ਵਿੱਚ ਸਿਰਫ਼ 6 ਮਹੀਨਿਆਂ ਲਈ ਰਹੇ, ਪਰ ਉਨ੍ਹਾਂ ਉੱਤੇ ਇਸ ਦਾ ਅਸਰ ਸਾਰੀ ਜ਼ਿੰਦਗੀ ਰਿਹਾ ਤੇ ਉਹ ਕਦੇ ਇਸ ਤੋਂ ਉੱਭਰ ਨਹੀਂ ਸਕੇ।

# ਡਾਕਟਰ ਬਣਨ ਗਿਆ ਨੌਜਵਾਨ ਯੂਕਰੇਨ-ਰੂਸ ਜੰਗ 'ਚ ਲਾਪਤਾ

"ਬੱਸ ਇੱਕ ਵਾਰ ਪੁੱਤ ਦਾ ਫ਼ੋਨ ਆ ਜਾਵੇ ਤਾਂ ਦਿਲ ਨੂੰ ਚੈਨ ਆ ਜਾਵੇਗਾ", ਇਹ ਸ਼ਬਦ ਹਨ ਬਜ਼ੁਰਗ ਸ਼ਿੰਦਰਪਾਲ ਕੌਰ ਦੇ, ਜਿਨ੍ਹਾਂ ਦਾ ਨੌਜਵਾਨ ਪੁੱਤਰ ਬੁੱਧ ਰਾਮ ਪਿਛਲੇ ਕਈ ਮਹੀਨਿਆਂ ਤੋਂ ਰੂਸ ਵਿੱਚ ਲਾਪਤਾ ਹੈ। ਸ਼ਿੰਦਰਪਾਲ ਕੌਰ ਮੁਤਾਬਕ ਬੁੱਧ ਰਾਮ ਰੂਸ ਦੀ ਫੌਜ ਵਿੱਚ ਵਿੱਚ ਭਰਤੀ ਹੋ ਗਿਆ ਸੀ ਅਤੇ ਰੂਸ-ਯੂਕਰੇਨ ਜੰਗ ਦੌਰਾਨ ਲੜਾਈ ਦੇ ਮੈਦਾਨ ਵਿਚੋਂ ਉਹ ਕਰੀਬ ਇੱਕ ਸਾਲ ਤੋਂ ਲਾਪਤਾ ਹੈ। 3 ਮਾਰਚ 2024 ਨੂੰ ਬੁੱਧ ਰਾਮ ਨੇ ਆਖ਼ਰੀ ਵਾਰ ਫ਼ੋਨ ਰਾਹੀਂ ਆਪਣੇ ਪਰਿਵਾਰ ਨਾਲ ਰਾਬਤਾ ਕਾਇਮ ਕੀਤਾ ਸੀ।

ਰੂਸ ਅਤੇ ਯੂਕਰੇਨ ਵਿਚਾਲੇ ਜੰਗ 2022 ਵਿੱਚ ਸ਼ੁਰੂ ਹੋਈ ਸੀ ਅਤੇ ਇਸ ਦਾ ਪ੍ਰਭਾਵ ਪੂਰੀ ਦੁਨੀਆ ਉਤੇ ਪੈ ਰਿਹਾ ਹੈ। ਭਾਰਤ ਦੇ ਕਈ ਨਾਗਿਰਕ ਇਸ ਜੰਗ ਵਿੱਚ ਰੂਸ ਦੀ ਫੌਜ ਵੱਲੋਂ ਜੰਗ ਦੇ ਮੈਦਾਨ ਵਿੱਚ ਉਤਰੇ ਹਨ ਜਿਨ੍ਹਾਂ ਵਿੱਚੋਂ ਕਈ ਵਾਪਸ ਆ ਚੁੱਕੇ ਹਨ ਅਤੇ ਕੁਝ ਅਜੇ ਵੀ ਲਾਪਤਾ ਹਨ। ਰੂਸ ਦੀ ਫੌਜ ਵੱਲੋਂ ਲੜਾਈ ਲੜ ਰਹੇ 12 ਭਾਰਤੀਆਂ ਦੇ ਇਸ ਜੰਗ ਵਿੱਚ ਲਾਪਤਾ ਹੋਣ ਦੀ ਪੁਸ਼ਟੀ ਭਾਰਤੀ ਵਿਦੇਸ਼ ਮੰਤਰਾਲੇ ਨੇ ਵੀ ਕੀਤੀ ਹੈ। ਲਾਪਤਾ ਭਾਰਤੀਆਂ ਵਿੱਚ ਕੁਝ ਪਰਿਵਾਰ ਪੰਜਾਬ ਨਾਲ ਸਬੰਧਤ ਹਨ, ਜਿਨ੍ਹਾਂ ਨੂੰ ਹੁਣ ਵੀ ਅਪਣਿਆਂ ਦੀ ਵਾਪਸੀ ਦੀ ਉਮੀਦ ਹੈ।

ਬੁੱਧ ਰਾਮ ਦਾ ਪਰਿਵਾਰ ਪੰਜਾਬ ਦੇ ਮਲੇਰਕੋਟਲਾ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਬੁੱਧ ਰਾਮ ਪਿਛ਼ਲੇ 16 ਮਹੀਨਿਆ ਤੋਂ ਲਾਪਤਾ ਹਨ। ਬੁੱਧ ਰਾਮ ਦੀ ਮਾਤਾ ਸ਼ਿੰਦਰਪਾਲ ਕੌਰ ਦੱਸਦੀ ਹੈ, "ਬੁੱਧ ਰਾਮ ਵਿਆਹ ਤੋਂ ਦਸ ਦਿਨ ਬਾਅਦ ਹੀ ਵਿਦੇਸ਼ ਚਲਾ ਗਿਆ ਸੀ ਅਤੇ ਜਦੋਂ ਪੁੱਤਰ ਦੀ ਯਾਦ ਆਉਂਦੀ ਹੈ ਰੋ ਕੇ ਆਪਣਾ ਮਨ ਹਲਕਾ ਕਰ ਲੈਂਦੀ ਹਾਂ।"

ਦੋ ਕਮਰਿਆਂ ਦੇ ਘਰ ਦੇ ਵਿਹੜੇ ਵਿੱਚ ਬੈਠੀ ਸ਼ਿੰਦਰਪਾਲ ਦੱਸਦੀ ਹੈ, "ਬੁੱਧ ਰਾਮ ਅਕਸਰ ਰਾਤ ਸਮੇਂ ਫ਼ੋਨ ਕਰਦਾ ਸੀ ਅਤੇ ਹੁਣ ਵੀ ਮੈਂ ਸਾਰੀ ਰਾਤ ਪੁੱਤਰ ਦੇ ਫ਼ੋਨ ਦੇ ਇੰਤਜ਼ਾਰ ਵਿੱਚ ਜਾਗਦੀ ਰਹਿੰਦੀ ਹਾਂ।" ਪੰਜਾਬ ਦੇ ਮਲੇਰਕੋਟਲਾ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਕਲਿਆਣ ਨਾਲ ਸਬੰਧਿਤ ਬੁੱਧ ਰਾਮ ਕਮਾਈ ਦੇ ਲਈ ਅਸਲ ਵਿੱਚ ਜਰਮਨੀ ਜਾਣਾ ਚਾਹੁੰਦਾ ਸੀ।

ਬੁੱਧ ਰਾਮ ਦੇ ਪਿਤਾ ਗੁਰਮੇਲ ਸਿੰਘ ਨੇ ਦੱਸਿਆ, "ਪਹਿਲਾਂ ਬੁੱਧ ਰਾਮ ਬਹਿਰੀਨ ਗਿਆ ਜਿੱਥੋਂ ਉਸ ਨੇ ਜਰਮਨੀ ਜਾਣਾ ਲਈ ਇੱਕ ਏਜੰਟ ਨਾਲ ਰਾਬਤਾ ਕਾਇਮ ਕੀਤਾ, ਏਜੰਟ ਨੇ ਉਸ ਨੂੰ ਰੂਸ ਪਹੁੰਚਾ ਦਿੱਤਾ ਜਿੱਥੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਏਜੰਟ ਨੇ ਉਸ ਨੂੰ ਜਰਮਨੀ ਭੇਜਣਾ ਸੀ।" ਬਜ਼ੁਰਗ ਗੁਰਮੇਲ ਸਿੰਘ ਦੱਸਦੇ ਹਨ, "ਬੁੱਧ ਰਾਮ ਨੂੰ ਜਬਰਦਸਤੀ ਰੂਸ ਦੀ ਫੌਜ ਵਿੱਚ ਭਰਤੀ ਕਰਵਾ ਦਿੱਤਾ ਗਿਆ ਅਤੇ ਕੁਝ ਦਿਨ ਦੀ ਟਰੇਨਿੰਗ ਤੋਂ ਬਾਅਦ ਉਸ ਨੂੰ ਜੰਗ ਦੇ ਮੈਦਾਨ ਵਿੱਚ ਉਤਾਰ ਦਿੱਤਾ ਗਿਆ ਜਿੱਥੋਂ ਉਹ ਗ਼ਾਇਬ ਹੋ ਗਿਆ।" ਗੁਰਮੇਲ ਸਿੰਘ ਦੱਸਿਆ ਕਿ ਘਰ ਦਾ ਗੁਜ਼ਾਰਾ ਬੁੱਧ ਰਾਮ ਦੀ ਕਮਾਈ ਨਾਲ ਹੀ ਚੱਲ ਦਾ ਸੀ ਪਰ ਬਿਰਧ ਅਵਸਥਾ ਵਿੱਚ ਆਰਾਮ ਕਰਨ ਦੀ ਥਾਂ ਉਨ੍ਹਾਂ ਨੂੰ ਪੁੱਤਰਾਂ ਦੀ ਭਾਲ ਲਈ ਭਟਕਣਾ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ, "ਪੁੱਤ ਜਿਉਂਦਾ ਹੈ ਜਾਂ ਨਹੀਂ ਇਸ ਗੱਲ ਦਾ ਉਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਦੇ ਲਈ ਡੀਐੱਨਏ ਵੀ ਕਰਵਾਇਆ ਪਰ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ।" ਪਿਛਲੇ 16 ਮਹੀਨਿਆਂ ਤੋਂ ਬੁੱਧ ਰਾਮ ਦਾ ਪਰਿਵਾਰ ਰੋਜ਼ਾਨਾ ਉਸ ਨੂੰ ਉਡੀਕਦਾ ਹੈ। ਆਪਣੇ ਪੁੱਤ ਦੀ ਵਾਪਸੀ ਦੀ ਉਮੀਦ ਵਿੱਚ ਇਹ ਬਜ਼ੁਰਗ ਜੋੜਾ ਸਰਕਾਰੀ ਦਫ਼ਤਰਾਂ ਅਤੇ ਸਿਆਸੀ ਨੇਤਾਵਾਂ ਦੇ ਦਰਾਂ ਉੱਤੇ ਧੱਕੇ ਖਾ ਰਹੇ ਹਨ।

### ਭਰਾ ਦੀ ਭਾਲ ਵਿੱਚ ਭਰਾ ਨੇ ਛੇੜੀ ਮੁਹਿੰਮ

ਜਲੰਧਰ ਦੇ ਗੁਰਾਇਆ ਨਾਲ ਸਬੰਧਤ ਮਨਦੀਪ ਕੁਮਾਰ ਦਾ ਨਾਮ ਵੀ ਉਨ੍ਹਾਂ ਭਾਰਤੀ ਨਾਗਰਿਕਾਂ ਦੀ ਲਿਸਟ ਵਿੱਚ ਸ਼ਾਮਲ ਹੈ, ਜੋ ਫ਼ਿਲਹਾਲ ਰੂਸ ਵਿਚੋਂ ਲਾਪਤਾ ਹੈ। ਮਨਦੀਪ ਕੁਮਾਰ ਦੇ ਵੱਡੇ ਭਰਾ ਜਗਦੀਪ ਕੁਮਾਰ ਦੱਸਦੇ ਹਨ, "ਅੱਠਵੀਂ ਪਾਸ ਮਨਦੀਪ ਚੰਗੇ ਭਵਿੱਖ ਲਈ ਘਰ ਤੋਂ ਅਰਮੀਨੀਆ ਗਿਆ, ਜਿੱਥੋਂ ਏਜੰਟ ਦੀ ਮਦਦ ਨਾਲ ਉਸ ਨੇ ਇਟਲੀ ਜਾਣਾ ਸੀ।" "ਏਜੰਟ ਨੇ ਮਨਦੀਪ ਨੂੰ ਅਰਮੀਨੀਆ ਤੋਂ ਰੂਸ ਭੇਜਿਆ ਜਿੱਥੇ ਕੁਝ ਲੋਕਾਂ ਨੇ ਝਾਂਸੇ ਵਿੱਚ ਲੈ ਕੇ ਉਸ ਨੂੰ ਰੂਸ ਦੀ ਫੌਜ ਵਿੱਚ ਭਰਤੀ ਕਰਵਾ ਦਿੱਤਾ।" ਜਗਦੀਪ ਕੁਮਾਰ ਨੇ ਦੱਸਿਆ ਟਰੇਨਿੰਗ ਦੌਰਾਨ ਉਸ ਦੀ ਮਨਦੀਪ ਕੁਮਾਰ ਨਾਲ ਗੱਲਬਾਤ ਹੁੰਦੀ ਰਹੀ ਹੈ ਅਤੇ ਫਿਰ ਅਚਾਨਕ ਰਾਬਤਾ ਬੰਦ ਹੋ ਗਿਆ।



ਭਰਾ ਦੀ ਭਾਲ ਵਿੱਚ ਉਹ ਰੂਸ ਵੀ ਗਿਆ, ਜਿੱਥੋਂ ਰੂਸ ਦੀ ਫੌਜ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਮਨਦੀਪ ਕੁਮਾਰ ਉਨ੍ਹਾਂ ਦੀ ਫੌਜ ਵਿੱਚ ਭਰਤੀ ਸੀ ਅਤੇ ਜੰਗ ਦੇ ਮੈਦਾਨ ਵਿੱਚ ਉਹ ਫ਼ਿਲਹਾਲ ਲਾਪਤਾ ਹੈ। ਜਗਦੀਪ ਕੁਮਾਰ ਦੱਸਦੇ ਹਨ, "ਜੋ ਲੋਕ ਰੂਸ ਤੋਂ ਵਾਪਸ ਭਾਰਤ ਪਰਤੇ ਹਨ ਉਨ੍ਹਾਂ ਨਾਲ ਵੀ ਉਸ ਨੇ ਰਾਬਤਾ ਕਾਇਮ ਕੀਤਾ ਹੈ ਪਰ ਮਨਦੀਪ ਕੁਮਾਰ ਦੀ ਕਿਸੇ ਪਾਸੇ ਤੋਂ ਵੀ ਕੋਈ ਖ਼ਬਰ ਨਹੀਂ ਮਿਲ ਰਹੀ ਹੈ।" ਉਨ੍ਹਾਂ ਦੱਸਿਆ ਕਿ ਭਾਰਤੀ ਵਿਦੇਸ਼ ਮੰਤਰਾਲੇ ਨਾਲ ਵੀ ਸੰਪਰਕ ਵਿੱਚ ਹੈ ਅਤੇ ਉਨ੍ਹਾਂ ਦੀ ਮਦਦ ਨਾਲ ਮਨਦੀਪ ਕੁਮਾਰ ਦੀ ਭਾਲ ਕੀਤੀ ਜਾ ਰਹੀ ਹੈ।

(ਬਾਕੀ ਸਫਾ 14 'ਤੇ)

Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545


Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544

SAMRAJ
sweet N chaat hut

AUTHENTIC INDIAN CUISINE

WE ARE OPEN
TUE - SUN - 11 AM - 9PM
MONDAY CLOSED
Wel -

VISIT OUR WEBSITE




Order
www.samrajindianfood.site
Ph: 510-283-5567 Cell; 510-774-7006

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA

CISI

IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

MOON indian cuisine

# Moon Indian Cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# ਭਾਰਤ 'ਚ ਮਿਲਿਆ ਅਜਿਹਾ ਦੁਰਲੱਭ ਬਲੱਡ ਗਰੁੱਪ 'ਸੀਆਰਆਈਬੀ'


ਤੁਸੀਂ 'ਏ', 'ਬੀ', 'ਓ' ਅਤੇ 'ਆਰਐਚ' ਵਰਗੇ ਬਲੱਡ ਗਰੁੱਪਾਂ ਬਾਰੇ ਸੁਣਿਆ ਹੋਵੇਗਾ। ਇਨ੍ਹਾਂ ਤੋਂ ਇਲਾਵਾ, ਕੁਝ ਦੁਰਲੱਭ ਬਲੱਡ ਗਰੁੱਪ ਵੀ ਹੁੰਦੇ ਹਨ। ਪਰ ਹੁਣ ਭਾਰਤ ਵਿੱਚ ਇੱਕ ਨਵਾਂ ਬਲੱਡ ਗਰੁੱਪ ਪਾਇਆ ਗਿਆ ਹੈ, ਇਸਦਾ ਨਾਮ ਸੀਆਰਆਈਬੀ ਹੈ। ਸੀਆਰਆਈਬੀ ਵਿੱਚ 'ਸੀਆਰ' ਦਾ ਅਰਥ ਹੈ ਕ੍ਰੋਮਰ (ਭਾਵ ਛੂ) ਜੋ ਕਿ ਕੁੱਲ 47 ਬਲੱਡ ਗਰੁੱਪਾਂ ਵਿੱਚੋਂ ਇੱਕ ਹੈ, 'ਆਈ' ਦਾ ਅਰਥ ਹੈ ਇੰਡੀਆ ਅਤੇ 'ਬੀ' ਦਾ ਅਰਥ ਹੈ ਬੰਗਲੁਰੂ। ਸੌਖੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਅਜਿਹਾ ਬਲੱਡ ਗਰੁੱਪ ਜੋ ਬੰਗਲੁਰੂ ਨੇੜੇ ਇੱਕ ਮਹਿਲਾ ਵਿੱਚ 20 ਪਰਿਵਾਰਕ ਮੈਂਬਰਾਂ ਦੇ ਖੂਨ ਦੇ ਨਮੂਨੇ ਲਏ। ਸਾਰਿਆਂ ਨੇ ਸਾਡੇ ਨਾਲ ਸਹਿਯੋਗ ਕੀਤਾ। ਫਿਰ ਵੀ ਕਿਸੇ ਦਾ ਵੀ ਖੂਨ ਉਨ੍ਹਾਂ ਦੇ ਖੂਨ ਨਾਲ ਮੇਲ ਨਹੀਂ ਖਾਂਦਾ ਸੀ।" ਇਸ ਤੋਂ ਬਾਅਦ, ਅਗਲਾ ਵਿਕਲਪ ਖੂਨ ਦੇ ਨਮੂਨੇ ਨੂੰ ਬ੍ਰਿਸਟਲ, ਯੂਕੇ ਵਿੱਚ ਇੰਟਰਨੈਸ਼ਨਲ ਬਲੱਡ ਗਰੁੱਪ ਰੈਫਰੈਂਸ ਲੈਬੋਰੇਟਰੀ ਨੂੰ ਭੇਜਣਾ ਸੀ।

ਇਹ ਉਹੀ ਪ੍ਰਯੋਗਸ਼ਾਲਾ ਹੈ ਜਿੱਥੇ ਦੁਨੀਆਂ ਭਰ ਦੇ ਖੂਨ ਦੇ ਨਮੂਨੇ ਇਸ ਜਾਂਚ ਲਈ ਭੇਜੇ ਜਾਂਦੇ ਹਨ ਕਿ ਉਹ ਦੂਜੇ ਬਲੱਡ ਗਰੁੱਪਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ। ਇਹ

ਡਾਕਟਰ ਮਾਥੁਰ ਕਹਿੰਦੇ ਹਨ, "ਜਦੋਂ ਵੀ ਸਰੀਰ ਵਿੱਚ ਕੋਈ ਚੀਜ਼ ਬਣਦੀ ਹੈ, ਤਾਂ ਇਸਦੀ ਪੂਰੀ ਜਾਣਕਾਰੀ ਜਾਂ ਕੋਡਿੰਗ ਮਾਤਾ-ਪਿਤਾ ਦੋਵਾਂ ਤੋਂ ਆਉਂਦੀ ਹੈ। ਅੱਧੀ ਜਾਣਕਾਰੀ ਪਿਤਾ ਦੇ ਜੀਨ ਤੋਂ ਆਉਂਦੀ ਹੈ, ਅਤੇ ਜੇਕਰ ਇਸ ਵਿੱਚ ਕੋਈ ਕਮੀ ਹੈ ਤਾਂ ਇਹ ਮਾਂ ਦੇ ਪਾਸਿਓਂ ਪੂਰੀ ਹੋ ਜਾਂਦੀ ਹੈ। ਇਸੇ ਤਰ੍ਹਾਂ, ਜੇਕਰ ਮਾਂ ਦੇ ਪਾਸਿਓਂ ਜੀਨ ਵਿੱਚ ਕੋਈ ਕਮੀ ਹੈ, ਤਾਂ ਇਹ ਪਿਤਾ ਵਾਲੇ ਪਾਸਿਓਂ ਪੂਰੀ ਹੋ ਜਾਂਦੀ ਹੈ।" "ਪਰ ਇਸ ਮਾਮਲੇ ਵਿੱਚ ਸਿਰਫ ਅੱਧੀ ਜਾਣਕਾਰੀ ਮੌਜੂਦ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦਾ ਬਲੱਡ

ਅਪਣਾਈ ਜਾਂਦੀ ਹੈ।

ਸੀਆਰਆਈਬੀ ਬਲੱਡ ਗਰੁੱਪ ਦਾ ਮਾਮਲਾ ਬਾਕੀ 47 ਬਲੱਡ ਗਰੁੱਪ ਪ੍ਰਣਾਲੀਆਂ ਤੋਂ ਵੱਖਰਾ ਨਹੀਂ ਹੈ, ਜਿਨ੍ਹਾਂ ਵਿੱਚ 300 ਐਂਟੀਜੇਨ ਹਨ। ਪਰ ਸਿਰਫ਼ ਏਬੀਓ ਅਤੇ ਆਰਐਚਡੀ ਬਲੱਡ ਗਰੁੱਪ ਦੇ ਮਾਮਲੇ ਵਿੱਚ ਹੀ ਟ੍ਰਾਂਸਫਿਊਜ਼ਨ ਲਈ ਮੈਚਿੰਗ ਕੀਤੀ ਜਾਂਦੀ ਹੈ। ਡਾਕਟਰ ਸਵਾਤੀ ਕੁਲਕਰਨੀ, ਆਈਸੀਐਮਆਰ-ਐਨਆਈਆਈਐਚ (ਨੈਸ਼ਨਲ ਇੰਸਟੀਚਿਊਟ ਆਫ਼ ਇਮਯੂਨੋਹੇਮੈਟੋਲੋਜੀ), ਮੁੰਬਈ ਦੇ ਸਾਬਕਾ ਡਿਪਟੀ




**ਸੀਆਰਆਈਬੀ ਬਲੱਡ ਗਰੁੱਪ ਦਾ ਮਾਮਲਾ ਬਾਕੀ 47 ਬਲੱਡ ਗਰੁੱਪ ਪ੍ਰਣਾਲੀਆਂ ਤੋਂ ਵੱਖਰਾ ਨਹੀਂ ਹੈ, ਜਿਨ੍ਹਾਂ ਵਿੱਚ 300 ਐਂਟੀਜੇਨ ਹਨ। ਪਰ ਸਿਰਫ਼ ਏਬੀ  ਅਤੇ ਆਰਐਚਡੀ ਬਲੱਡ ਗਰੁੱਪ ਦੇ ਮਾਮਲੇ ਵਿੱਚ ਹੀ ਟ੍ਰਾਂਸਫਿਊਜ਼ਨ ਲਈ ਮੈਚਿੰਗ ਕੀਤੀ ਜਾਂਦੀ ਹੈ। ਡਾਕਟਰ ਸਵਾਤੀ ਕੁਲਕਰਨੀ, ਆਈਸੀਐਮਆਰ-ਐਨਆਈਆਈਐਚ (ਨੈਸ਼ਨਲ ਇੰਸਟੀਚਿਊਟ ਆਫ਼ ਇਮਯੂਨੋਹੇਮੈਟੋਲੋਜੀ), ਮੁੰਬਈ ਦੇ ਸਾਬਕਾ ਡਿਪਟੀ ਡਾਇਰੈਕਟਰ ਹਨ। ਉਹ 1952 ਵਿੱਚ ਡਾਕਟਰ ਵਾਈਐਮ ਭੇਂਡੇ ਅਤੇ ਡਾਕਟਰ ਐਚਐਮ ਭਾਟੀਆ ਦੁਆਰਾ ਖੋਜੇ ਗਏ ਦੁਰਲੱਭ ਬੰਬੇ ਬਲੱਡ ਗਰੁੱਪ ਜਾਂ ਐਚਐਚ ਦੀ ਉਦਾਹਰਣ ਦਿੰਦਿਆਂ ਬੀਬੀਸੀ ਨੂੰ ਦੱਸਿਆ, "ਜਿਨ੍ਹਾਂ ਲੋਕਾਂ ਵਿੱਚ ਬਾਂਬੇ ਫੀਨੋਟਾਈਪ (ਅਨੁਵੰਸ਼ਕ ਗਨ) ਹੁੰਦਾ ਹੈ, ਉਨ੍ਹਾਂ ਵਿੱਚ ' ' ਗਰੁੱਪ ਵਾਂਗ ਹੀ 'ਏ' ਅਤੇ 'ਬੀ' ਐਂਟੀਜੇਨ ਨਹੀਂ ਹੁੰਦੇ, ਪਰ ਉਹ 'ਓ' ਬਲੱਡ ਗਰੁੱਪ ਤੋਂ ਖੂਨ ਨਹੀਂ ਲੈ ਸਕਦੇ।" ਬਾਂਬੇ ਬਲੱਡ ਗਰੁੱਪ ਇੱਕ ਦੁਰਲੱਭ ਬਲੱਡ ਗਰੁੱਪ ਹੈ।**

ਪਾਇਆ ਗਿਆ ਹੈ, ਇਹ ਬਲੱਡ ਗਰੁੱਪ ਇੰਨਾ ਦੁਰਲੱਭ ਹੈ ਕਿ ਇਸ 38 ਸਾਲਾ ਮਹਿਲਾ ਦੇ ਦਿਲ ਦੀ ਸਰਜਰੀ ਦੌਰਾਨ ਡਾਕਟਰਾਂ ਨੇ ਟ੍ਰਾਂਸਫਿਊਜ਼ਨ (ਖੂਨ ਚੜ੍ਹਾਉਣ) ਦੀ ਜ਼ਰੂਰਤ ਪੈਣ ਦੀ ਸਥਿਤੀ ਦੇ ਲਈ ਪਹਿਲਾਂ ਤੋਂ ਇੱਕ ਜਾਂ ਦੋ ਬੋਤਲਾਂ ਖੂਨ ਤਿਆਰ ਰੱਖਣ ਦੀ ਆਮ ਪ੍ਰਕਿਰਿਆ ਦੀ ਪਾਲਣਾ ਵੀ ਨਹੀਂ ਕੀਤੀ। ਅਜਿਹਾ ਇਸ ਲਈ ਕਿਉਂਕਿ ਮਾਹਰ ਉਸ ਮਹਿਲਾ ਦੇ ਬਲੱਡ ਗਰੁੱਪ ਦੀ ਪਛਾਣ ਹੀ ਨਹੀਂ ਕਰ ਸਕੇ ਸਨ।

ਇਸ ਘਟਨਾ ਦੇ 11 ਮਹੀਨੇ ਬਾਅਦ ਡਾਕਟਰ ਅੰਕਿਤ ਮਾਥੁਰ ਸਰਜਰੀ ਵਾਲਾ ਦਿਨ ਯਾਦ ਕਰਦੇ ਹੋਏ ਸੁੱਖ ਦਾ ਸਾਹ ਲੈਂਦੇ ਹਨ। ਇਹ ਸਰਜਰੀ ਬਿਨਾਂ ਵਾਧੂ ਖੂਨ ਚੜ੍ਹਾਏ ਹੀ ਸਫਲਤਾਪੂਰਵਕ ਪੂਰੀ ਹੋ ਗਈ ਸੀ।

ਡਾਕਟਰ ਅੰਕਿਤ ਮਾਥੁਰ ਰੋਟਰੀ-ਟੀਟੀਕੇ ਬਲੱਡ ਸੈਂਟਰ, ਬੰਗਲੁਰੂ ਦੇ ਐਡੀਸ਼ਨਲ ਮੈਡੀਕਲ ਡਾਇਰੈਕਟਰ ਹਨ। ਉਹ ਕੋਲਾਰ ਦੇ ਆਰਐਲ ਜਲੱਪਾ ਹਸਪਤਾਲ ਦੇ ਡਾਕਟਰਾਂ ਲਈ ਇੱਕ ਮਹੱਤਵਪੂਰਨ ਸੰਪਰਕ ਸੂਤਰ ਸਨ। ਇਸੇ ਹਸਪਤਾਲ ਵਿੱਚ ਮਹਿਲਾ ਨੂੰ ਦਿਲ ਦੀ ਸਮੱਸਿਆਕਾਰਨ ਸਰਜਰੀ ਦੀ ਸਲਾਹ ਦਿੱਤੀ ਗਈ ਸੀ।

**ਹੋਰ ਬਲੱਡ ਗਰੁੱਪਾਂ ਤੋਂ ਵੱਖਰਾ**

ਡਾਕਟਰ ਅੰਕਿਤ ਮਾਥੁਰ ਨੇ ਦੱਸਿਆ, "ਮਹਿਲਾ ਦਾ ਬਲੱਡ ਗਰੁੱਪ ਕਿਸੇ ਹੋਰ ਬਲੱਡ ਗਰੁੱਪ ਨਾਲ ਮੇਲ ਨਹੀਂ ਖਾਂਦਾ ਸੀ। ਅਸੀਂ ਇਸਨੂੰ ਦੂਜੇ ਬਲੱਡ ਗਰੁੱਪਾਂ ਨਾਲ ਮਿਲਾ ਕੇ ਟੈਸਟ ਕੀਤਾ ਪਰ ਇਹ ਹਰ ਵਾਰ ਪ੍ਰਤੀਕਿਰਿਆ ਕਰ ਰਿਹਾ ਸੀ।" ਉਨ੍ਹਾਂ ਕਿਹਾ, "ਇਸ ਤੋਂ ਬਾਅਦ ਅਸੀਂ ਮਹਿਲਾ ਦੇ ਪਰਿਵਾਰ ਵਿੱਚ ਹੀ ਇਸਦੀ ਖੋਜ ਸ਼ੁਰੂ ਕਰ ਦਿੱਤੀ। ਅਸੀਂ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਦੱਖਣੀ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਖੂਨ ਦੇ ਨਮੂਨੇ ਬੈਂਗਲੁਰੂ ਦੇ ਰੋਟਰੀ-ਟੀਟੀਕੇ ਬਲੱਡ ਸੈਂਟਰ ਅਤੇ ਉੱਤਰੀ ਭਾਰਤ ਦੇ ਚੰਡੀਗੜ੍ਹ ਦੇ ਪੀਜੀਆਈ ਨੂੰ ਭੇਜੇ ਜਾਂਦੇ ਹਨ।

ਡਾਕਟਰ ਅੰਕਿਤ ਮਾਥੁਰ ਨੇ ਕਿਹਾ, "ਉਨ੍ਹਾਂ ਨੂੰ ਇਸਦਾ ਪੂਰਾ ਵਿਸ਼ਲੇਸ਼ਣ ਕਰਨ ਵਿੱਚ 10 ਮਹੀਨੇ ਲੱਗ ਗਏ। ਫਰਵਰੀ-ਮਾਰਚ ਵਿੱਚ ਉਨ੍ਹਾਂ ਨੇ ਆਪਣਾ ਜਵਾਬ ਭੇਜਿਆ ਕਿ ਮਰੀਜ਼ ਦੇ ਖੂਨ ਵਿੱਚ ਇੱਕ ਵਿਲੱਖਣ ਐਂਟੀਜੇਨ ਹੈ। ਇਸ ਤੋਂ ਬਾਅਦ ਇਹ ਜਾਣਕਾਰੀ ਇੰਟਰਨੈਸ਼ਨਲ ਸੋਸਾਇਟੀ ਆਫ਼ ਬਲੱਡ ਟ੍ਰਾਂਸਫਿਊਜ਼ਨ (ਆਈਐਸਬੀਟੀ) ਨੂੰ ਭੇਜੀ ਗਈ। ਇੱਥੇ ਰੈੱਡ ਬਲੱਡ ਸੈੱਲ ਇਮਯੂਨੋਜੈਨੇਟਿਕਸ ਅਤੇ ਟਰਮਿਨੋਲੋਜੀ ਗਰੁੱਪ ਦੇ ਮਾਹਰ ਹਨ। ਉਨ੍ਹਾਂ ਨੇ ਸੀਆਰਆਈਬੀ ਨਾਮ ਨੂੰ ਮੰਜ਼ੂਰੀ ਦਿੱਤੀ।" ਇਸੇ ਸਾਲ ਜੂਨ ਵਿੱਚ ਇਟਲੀ ਦੇ ਮਿਲਾਨ ਵਿੱਚ ਆਯੋਜਿਤ ਹੋਈ ਆਈਐਸਬੀਟੀ ਦੀ 35ਵੀਂ ਕਾਨਫਰੰਸ ਵਿੱਚ ਅਧਿਕਾਰਤ ਤੌਰ 'ਤੇ ਇਸਦਾ ਐਲਾਨ ਕੀਤਾ ਗਿਆ।

ਕਿਸੇ ਵਿਅਕਤੀ ਦਾ ਬਲੱਡ ਗਰੁੱਪ ਉਸਦੇ ਮਾਪਿਆਂ ਦੇ ਜੀਨ 'ਤੇ ਨਿਰਭਰ ਕਰਦਾ ਹੈ। ਤਾਂ ਕੀ ਇਸ ਮਹਿਲਾ ਦੇ ਮਾਮਲੇ ਵਿੱਚ ਜੈਨੇਟਿਕ ਬਣਤਰ ਵਿੱਚ ਕੋਈ ਸਮੱਸਿਆ ਸੀ? ਡਾਕਟਰ ਮਾਥੁਰ ਇਸ ਬਾਰੇ ਕਹਿੰਦੇ ਹਨ, "ਅਸੀਂ ਸੋਚਿਆ ਸੀ ਕਿ ਪਰਿਵਾਰ ਦੇ ਘੱਟੋ-ਘੱਟ ਇੱਕ ਮੈਂਬਰ ਕੋਲ ਤਾਂ ਇਹ ਐਂਟੀਜੇਨ ਹੋਵੇਗਾ, ਪਰ ਅਸੀਂ ਪਾਇਆ ਕਿ ਪਰਿਵਾਰ ਵਿੱਚ ਕਿਸੇ ਕੋਲ ਵੀ ਇਹ ਨਹੀਂ ਸੀ।" ਐਂਟੀਜੇਨ ਇੱਕ ਪ੍ਰਕਾਰ ਦੇ ਪ੍ਰੋਟੀਨ ਹੁੰਦੇ ਹਨ ਜੋ ਸਰੀਰ ਵਿੱਚ ਹਰ ਜਗ੍ਹਾ ਪਾਏ ਜਾਂਦੇ ਹਨ।

ਗਰੁੱਪ ਪੂਰੀ ਤਰ੍ਹਾਂ ਵੱਖਰਾ ਹੈ। ਇਸ ਮਾਮਲੇ ਵਿੱਚ, ਉਹ ਐਂਟੀਜੇਨ ਹੈ - ਕ੍ਰੋਮਰ।" ਡਾਕਟਰ ਅੰਕਿਤ ਮਾਥੁਰ ਨੇ ਕਿਹਾ, "ਹੁਣ ਤੱਕ ਕ੍ਰੋਮਰ ਬਲੱਡ ਗਰੁੱਪ ਸਿਸਟਮ ਵਿੱਚ 20 ਐਂਟੀਜੇਨ ਸਨ, ਜਿਨ੍ਹਾਂ ਦੀ ਪਛਾਣ ਕੀਤੀ ਗਈ ਹੈ। ਸੀਆਰਆਈਬੀ ਹੁਣ ਇਸ ਸਿਸਟਮ ਦਾ 21ਵਾਂ ਐਂਟੀਜੇਨ ਬਣ ਗਿਆ ਹੈ।"

ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਕੋਲਾਰ ਦੀ ਇਸ ਮਹਿਲਾ ਮਰੀਜ਼ ਵਰਗੇ ਮਰੀਜ਼ਾਂ ਲਈ ਕੁਝ ਵੀ ਸੁਰੱਖਿਅਤ ਨਹੀਂ ਹੁੰਦਾ। ਜੇਕਰ ਕਿਸੇ ਵਿਅਕਤੀ ਵਿੱਚ ਇਹ ਪ੍ਰੋਟੀਨ ਨਹੀਂ ਹੈ ਅਤੇ ਉਸਨੂੰ ਆਮ ਤਰੀਕੇ ਨਾਲ ਖੂਨ ਚੜ੍ਹਾਇਆ ਜਾਂਦਾ ਹੈ, ਤਾਂ ਉਸਦਾ ਸਰੀਰ ਇਸਨੂੰ ਇੱਕ ਵਿਦੇਸ਼ੀ ਤੱਤ ਸਮਝਦਾ ਹੈ ਅਤੇ ਇਸਨੂੰ ਨਸ਼ਟ ਕਰਨ ਲਈ ਐਂਟੀਬਾਡੀਜ਼ ਪੈਦਾ ਕਰਦਾ ਹੈ। ਡਾਕਟਰ ਅੰਕਿਤ ਮਾਥੁਰ ਕਹਿੰਦੇ ਹਨ ਕਿ ਅਜਿਹੇ ਮਾਮਲੇ ਵਿੱਚ ਕੋਈ ਵਿਕਲਪ ਨਹੀਂ ਹੈ, "ਜਦੋਂ ਤੱਕ ਕਿ ਸਾਨੂੰ ਪਰਿਵਾਰ ਵਿੱਚ ਕੋਈ ਅਜਿਹਾ ਵਿਅਕਤੀ ਨਹੀਂ ਮਿਲਦਾ ਜਿਸਦਾ ਬਲੱਡ ਗਰੁੱਪ ਵੀ ਸੀਆਰਆਈਬੀ ਕਿਸਮ ਦਾ ਹੋਵੇ।"

ਉਹ ਕਹਿੰਦੇ ਹਨ ਕਿ ਅਜਿਹੇ ਮਾਮਲਿਆਂ ਵਿੱਚ "ਦੂਜਾ ਵਿਕਲਪ ਇਹ ਹੈ ਕਿ ਡਾਕਟਰ ਸਰਜਰੀ ਤੋਂ ਪਹਿਲਾਂ ਮਰੀਜ਼ ਦਾ ਆਪਣਾ ਖੂਨ ਇਕੱਠਾ ਕਰਨ, ਤਾਂ ਜੋ ਐਮਰਜੈਂਸੀ ਦੀ ਸਥਿਤੀ ਵਿੱਚ ਮਰੀਜ਼ ਨੂੰ ਉਹੀ ਖੂਨ ਦਿੱਤਾ ਜਾ ਸਕੇ। ਇਸਨੂੰ ਆਟੋਲੋਗਸ ਬਲੱਡ ਟ੍ਰਾਂਸਫਿਊਜ਼ਨ ਕਿਹਾ ਜਾਂਦਾ ਹੈ।" ਆਟੋਲੋਗਸ ਬਲੱਡ ਟ੍ਰਾਂਸਫਿਊਜ਼ਨ ਕੋਈ ਅਸਧਾਰਨ ਪ੍ਰਕਿਰਿਆ ਨਹੀਂ ਹੈ। ਇਸ ਕਿਸਮ ਦੀ ਪ੍ਰਕਿਰਿਆ ਆਮ ਤੌਰ 'ਤੇ ਦੁਰਲੱਭ ਬਲੱਡ ਗਰੁੱਪਾਂ ਵਾਲੇ ਮਰੀਜ਼ਾਂ ਵਿੱਚ

ਡਾਇਰੈਕਟਰ ਹਨ। ਉਹ 1952 ਵਿੱਚ ਡਾਕਟਰ ਵਾਈਐਮ ਭੇਂਡੇ ਅਤੇ ਡਾਕਟਰ ਐਚਐਮ ਭਾਟੀਆ ਦੁਆਰਾ ਖੋਜੇ ਗਏ ਦੁਰਲੱਭ ਬੰਬੇ ਬਲੱਡ ਗਰੁੱਪ ਜਾਂ ਐਚਐਚ ਦੀ ਉਦਾਹਰਣ ਦਿੰਦਿਆਂ ਬੀਬੀਸੀ ਨੂੰ ਦੱਸਿਆ, "ਜਿਨ੍ਹਾਂ ਲੋਕਾਂ ਵਿੱਚ ਬਾਂਬੇ ਫੀਨੋਟਾਈਪ (ਅਨੁਵੰਸ਼ਕ ਗਨ) ਹੁੰਦਾ ਹੈ, ਉਨ੍ਹਾਂ ਵਿੱਚ 'ਓ' ਗਰੁੱਪ ਵਾਂਗ ਹੀ 'ਏ' ਅਤੇ 'ਬੀ' ਐਂਟੀਜੇਨ ਨਹੀਂ ਹੁੰਦੇ, ਪਰ ਉਹ 'ਓ' ਬਲੱਡ ਗਰੁੱਪ ਤੋਂ ਖੂਨ ਨਹੀਂ ਲੈ ਸਕਦੇ।" ਬਾਂਬੇ ਬਲੱਡ ਗਰੁੱਪ ਇੱਕ ਦੁਰਲੱਭ ਬਲੱਡ ਗਰੁੱਪ ਹੈ। ਦੁਨੀਆਂ ਭਰ 'ਚ 10 ਲੱਖ ਲੋਕਾਂ ਵਿੱਚੋਂ ਕਿਸੇ ਇੱਕ ਵਿੱਚ ਇਹ ਖੂਨ ਪਾਇਆ ਜਾਂਦਾ ਹੈ। ਹਾਲਾਂਕਿ, ਮੁੰਬਈ ਵਿੱਚ ਇਸਦੀ ਦਰ ਹਰ 10,000 ਵਿੱਚੋਂ ਇੱਕ ਦੱਸੀ ਜਾਂਦੀ ਹੈ। ਇਸ ਬਲੱਡ ਗਰੁੱਪ ਦੀ ਖੋਜ ਸਾਲ 1952 ਵਿੱਚ ਡਾਕਟਰ ਵਾਈਐਮ ਭੇਂਡੇ ਅਤੇ ਡਾਕਟਰ ਐਚਐਮ ਭਾਟੀਆ ਦੁਆਰਾ ਕੀਤੀ ਗਈ ਸੀ। ਭਾਰਤ ਵਿੱਚ ਇਹ ਮੁਕਾਬਲਤਨ ਜ਼ਿਆਦਾ ਲੋਕਾਂ ਵਿੱਚ ਪਾਇਆ ਜਾਂਦਾ ਹੈ।

ਡਾਕਟਰ ਅੰਕਿਤ ਮਾਥੁਰ ਕਹਿੰਦੇ ਹਨ, "ਕੋਲਾਰ ਦੀ ਮਹਿਲਾ ਮਰੀਜ਼ ਦੇ ਮਾਮਲੇ ਵਿੱਚ ਵੀ ਇਹੀ ਸਥਿਤੀ ਹੈ। ਉਹ ਕਿਸੇ ਤੋਂ ਖੂਨ ਨਹੀਂ ਲੈ ਸਕਦੀ ਪਰ ਉਹ ਦੂਜਿਆਂ ਨੂੰ ਖੂਨ ਦਾਨ ਕਰ ਸਕਦੀ ਹੈ। ਜਿਵੇਂ ਕਿ ਬਾਂਬੇ ਬਲੱਡ ਗਰੁੱਪ ਵਾਲੇ ਲੋਕ ਕਰ ਸਕਦੇ ਹਨ।" ਡਾਕਟਰ ਸਵਾਤੀ ਕੁਲਕਰਨੀ ਕਹਿੰਦੇ ਹਨ, "ਬਾਂਬੇ ਬਲੱਡ ਗਰੁੱਪ ਅਤੇ ਕ੍ਰੋਮਰ ਬਲੱਡ ਗਰੁੱਪ ਪ੍ਰਣਾਲੀ ਵਿੱਚ ਸੀਆਰਆਈਬੀ ਐਂਟੀਜੇਨ ਤੋਂ ਇਲਾਵਾ, ਭਾਰਤ ਵਿੱਚ ਇੰਡੀਅਨ ਬਲੱਡ ਗਰੁੱਪ ਸਿਸਟਮ ਦੀ ਵੀ ਖੋਜ ਹੈ। ਇਸਦੀ ਖੋਜ 1973 ਵਿੱਚ ਆਈ ਸੀ ਐਮ ਆਰ-ਐਨਆਈਆਈਐਚ ਦੁਆਰਾ ਕੀਤੀ ਗਈ ਸੀ।"

# ਟੈਰਿਫ਼ ਕੀ ਹੁੰਦੇ ਹਨ ਅਤੇ ਇਹ ਕਿਵੇਂ ਕੰਮ ਕਰਦੇ ਹਨ

**(ਸਫਾ 2 ਦੀ ਬਾਕੀ)**

ਖਤਮ ਕਰਨ ਲਈ 50 ਦਿਨਾਂ ਦੇ ਅੰਦਰ ਕੋਈ ਸਮਝੌਤਾ ਨਹੀਂ ਹੋਇਆ ਤਾਂ ਉਹ ਰੂਸ ਨਾਲ ਵਪਾਰ ਕਰਨ ਵਾਲੀਆਂ ਕੰਪਨੀਆਂ ਵਿਰੁੱਧ ਮਹੱਤਵਪੂਰਨ ਟੈਰਿਫ ਲਗਾਉਣਗੇ।
ਅਮਰੀਕਾ ਨੇ ਕਿਹੜੀ ਵਸਤ 'ਤੇ ਕਿੰਨਾ ਟੈਰਿਫ਼ ਲਗਾਇਆ
ਅਮਰੀਕਾ ਨੂੰ ਆਯਾਤ (ਦਰਾਮਦ) ਕੀਤੇ ਜਾਣ ਵਾਲੇ ਸਮਾਨ 'ਤੇ ਟੈਕਸਾਂ ਵਿੱਚ ਸ਼ਾਮਲ ਹਨ:

**ਸਟੀਲ ਅਤੇ ਐਲੂਮੀਨੀਅਮ ਦੇ ਦਰਾਮਦ 'ਤੇ 50% ਟੈਰਿਫ਼**

1 ਅਗਸਤ ਤੋਂ ਤਾਂਬੇ ਦੇ ਦਰਾਮਦ 'ਤੇ 50% ਟੈਰਿਫ਼
ਵਿਦੇਸ਼-ਨਿਰਮਿਤ ਕਾਰਾਂ ਅਤੇ ਦਰਾਮਦ ਕੀਤੇ ਇੰਜਣਾਂ ਅਤੇ ਹੋਰ ਕਾਰ ਪੁਰਜ਼ਿਆਂ 'ਤੇ 25% ਟੈਰਿਫ਼

8 ਜੁਲਾਈ ਨੂੰ ਟਰੰਪ ਨੇ ਫਾਰਮਾਸਿਊਟੀਕਲ ਦਰਾਮਦ 'ਤੇ 200% ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਸੀ ਪਰ ਇਸ ਬਾਰੇ ਹੋਰ ਵੇਰਵਿਆਂ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਟਰੰਪ ਨੇ ਇਹ ਵੀ ਕਿਹਾ ਹੈ ਕਿ 800 ਡਾਲਰ ਜਾਂ ਇਸ ਤੋਂ ਘੱਟ ਮੁੱਲ ਦੇ ਸਮਾਨ 'ਤੇ ਗਲੋਬਲ ਟੈਰਿਫ਼ ਛੋਟ 29 ਅਗਸਤ ਨੂੰ ਖ਼ਤਮ ਹੋ ਜਾਵੇਗੀ।

ਉਨ੍ਹਾਂ ਨੇ ਪਹਿਲਾਂ ਹੀ ਚੀਨ ਅਤੇ ਹਾਂਗਕਾਂਗ ਤੋਂ ਆਉਂਦੇ ਉਤਪਾਦਾਂ ਲਈ ਤਥਾ-ਕਥਿਤ "ਡੀ ਮਿਨੀਮਿਸ" ਛੋਟ ਨੂੰ ਹਟਾ ਦਿੱਤਾ ਸੀ, ਤਾਂ ਜੋ ਅਮਰੀਕੀਆਂ ਦੁਆਰਾ ਸ਼ੀਨ ਅਤੇ ਟੇਮੂ ਵਰਗੀਆਂ ਵਪਾਰਕ ਥਾਵਾਂ ਤੋਂ ਸਸਤੇ ਕੱਪੜੇ ਅਤੇ ਘਰੇਲੂ ਵਸਤੂਆਂ ਦੀ ਖਰੀਦ ਰੋਕ ਲਗਾਈ ਜਾ ਸਕੇ।

ਅਮਰੀਕਾ ਨੇ ਵੱਖ-ਵੱਖ ਦੇਸ਼ਾਂ 'ਤੇ ਕਿਹੜੇ ਟੈਰਿਫ਼ ਲਗਾਏ ਹਨ।

ਹੁਣ ਵੱਖ-ਵੱਖ ਦਰਾਂ ਦਾ ਮਿਸ਼ਰਣ ਲਾਗੂ ਹੋ ਗਿਆ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਟੈਰਿਫ਼ 2 ਅਪ੍ਰੈਲ ਨੂੰ ਟਰੰਪ ਵੱਲੋਂ ਕੀਤੇ ਗਏ ਐਲਾਨ ਨਾਲ ਜੁੜੇ ਹੋਏ ਹਨ, ਜਿਸ 'ਚ ਕਿਹਾ ਗਿਆ ਹੈ ਕਿ ਸਾਰੇ ਦੇਸ਼ਾਂ ਤੋਂ ਹੋਰ ਸਾਰੇ ਦਰਾਮਦ 'ਤੇ 10% ਦਾ "ਬੇਸਲਾਈਨ ਟੈਰਿਫ਼" ਲਾਗੂ ਹੋਵੇਗਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਲਗਭਗ 60 ਹੋਰ ਵਪਾਰਕ ਭਾਈਵਾਲਾਂ ਦੇ ਉਤਪਾਦਾਂ ਨੂੰ ਗੈਰ-ਵਾਜਬ ਵਪਾਰਕ ਨੀਤੀਆਂ ਦੇ ਬਦਲੇ ਵਿੱਚ ਉੱਚ ਦਰਾਂ ਦਾ ਸਾਹਮਣਾ ਕਰਨਾ ਪਵੇਗਾ।

ਇਹ ਅਮਰੀਕਾ ਦੇ ਉਹ ਵਪਾਰਕ ਭਾਈਵਾਲ ਹਨ, ਜਿਨ੍ਹਾਂ ਨੂੰ ਵ੍ਹਾਈਟ ਹਾਊਸ ਨੇ "ਸਭ ਤੋਂ ਭੈੜੇ ਅਪਰਾਧੀ" ਕਰਾਰ ਦਿੱਤਾ ਹੈ। ਇਨ੍ਹਾਂ "ਰੈਸੀਪ੍ਰੋਕਲ" ਟੈਰਿਫਾਂ ਨੂੰ ਬਾਅਦ ਵਿੱਚ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ ਤਾਂ ਜੋ ਵੱਖਰੇ ਵਪਾਰ ਸੌਦਿਆਂ 'ਤੇ ਗੱਲਬਾਤ ਕਰਨ ਲਈ ਸਮਾਂ ਮਿਲ ਸਕੇ। ਫਿਰ ਇਹ ਸਮਾਂ ਸੀਮਾ 1 ਅਗਸਤ ਅਤੇ ਫਿਰ 7 ਅਗਸਤ ਤੱਕ ਵਧਾ ਦਿੱਤੀ ਗਈ ਸੀ।
ਮੌਜੂਦਾ ਸਮੇਂ ਵਿੱਚ ਅਮਰੀਕਾ ਵੱਲੋਂ ਲਾਗੂ ਟੈਰਿਫ਼ ਦਰਾਂ:
ਬ੍ਰਾਜ਼ੀਲ ਦੇ ਸਮਾਨ 'ਤੇ 50% ਟੈਰਿਫ਼
ਦੱਖਣੀ ਅਫ਼ਰੀਕਾ ਦੇ ਸਮਾਨ 'ਤੇ 30% ਟੈਰਿਫ਼
ਵੀਅਤਨਾਮ ਦੇ ਸਮਾਨ 'ਤੇ 20% ਟੈਰਿਫ਼
ਇੰਡੋਨੇਸ਼ੀਆ ਦੇ ਸਮਾਨ 'ਤੇ 19% ਟੈਰਿਫ਼
ਫਿਲੀਪੀਨ ਦੇ ਸਮਾਨ 'ਤੇ 19% ਟੈਰਿਫ਼
ਜਾਪਾਨ ਦੇ ਸਮਾਨ 'ਤੇ 15% ਟੈਰਿਫ਼
ਦੱਖਣੀ ਕੋਰੀਆ ਦੇ ਸਮਾਨ 'ਤੇ 15% ਟੈਰਿਫ਼

ਭਾਰਤ ਵੱਲੋਂ ਰੂਸੀ ਤੇਲ ਖਰੀਦਣ ਦੇ ਨਤੀਜੇ ਵਜੋਂ, 27 ਅਗਸਤ ਨੂੰ ਭਾਰਤੀ ਸਮਾਨ 'ਤੇ ਟੈਰਿਫ਼ 50% ਤੱਕ ਵਧ ਜਾਵੇਗਾ। ਯੂਰਪੀ ਸੰਘ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਟਰੰਪ ਦੀ ਗੱਲਬਾਤ ਦੀ ਮਿਆਦ ਦੌਰਾਨ ਅਮਰੀਕਾ ਨਾਲ ਸਮਝੌਤਾ ਕਰਨ ਵਿੱਚ ਕਾਮਯਾਬ ਹੋਏ ਹਨ।

ਜੁਲਾਈ ਦੇ ਅਖੀਰ ਵਿੱਚ ਦੋਵੇਂ ਧਿਰਾਂ ਸਹਿਮਤ ਹੋਈਆਂ ਕਿ ਕਾਰਾਂ ਸਮੇਤ ਯੂਰਪੀਅਨ ਸਮਾਨ 'ਤੇ 15% ਟੈਰਿਫ਼ ਲੱਗੇਗਾ। ਇਸ ਸਮਝੌਤੇ ਦੇ ਤਹਿਤ - ਜਿਸਨੂੰ ਸਾਰੇ 27 ਈਯੂ ਮੈਂਬਰਾਂ ਦੁਆਰਾ ਪ੍ਰਵਾਨਗੀ ਦੀ ਲੋੜ ਹੈ - ਵਪਾਰਕ ਸਮੂਹ ਅਮਰੀਕੀ ਕੰਪਨੀਆਂ ਦੇ ਕੁਝ ਉਤਪਾਦਾਂ 'ਤੇ 0% ਡਿਊਟੀ ਲਗਾਏਗਾ।

# ਡਾਕਟਰ ਬਣਨ ਗਿਆ ਨੌਜਵਾਨ ਯੂਕਰੇਨ-ਰੂਸ ਜੰਗ 'ਚ ਲਾਪਤਾ

**(ਸਫਾ 11 ਦੀ ਬਾਕੀ)**

ਜਗਦੀਪ ਕੁਮਾਰ ਨੇ ਦੱਸਿਆ ਕਿ ਪਹਿਲਾਂ ਕਰਜ਼ਾ ਚੁੱਕ ਕੇ ਭਰਾ ਨੂੰ ਵਿਦੇਸ਼ ਭੇਜਿਆ ਸੀ ਪਰ ਉਸ ਦੇ ਲਾਪਤਾ ਹੋਣ ਕਾਰਨ ਜਿੱਥੇ ਇੱਕ ਪਾਸੇ ਪਰਿਵਾਰ ਕਰਜ਼ੇ ਨੂੰ ਲੈ ਚਿੰਤਤ ਹੈ, ਉੱਥੇ ਹੀ ਪਰਿਵਾਰ ਮਾਨਸਿਕ ਤੌਰ ਉੱਤੇ ਪਰੇਸ਼ਾਨ ਹੋ ਰਿਹਾ ਹੈ। ਜਗਦੀਪ ਕੁਮਾਰ ਨੇ ਦੱਸਿਆ ਕਿ ਅਗਲੇ ਦਿਨਾਂ ਵਿੱਚ ਉਹ ਫਿਰ ਰੂਸ ਜਾਵੇਗਾ ਅਤੇ ਭਰਾ ਦੀ ਭਾਲ ਕਰੇਗਾ।

**ਡਾਕਟਰ ਬਣਨ ਗਿਆ ਭਾਰਤੀ ਕਿਵੇਂ ਪਹੁੰ-ਚਆ ਜੰਗ ਦੇ ਮੈਦਾਨ 'ਚ**

ਰੂਸ ਦੀ ਫੌਜ ਵਿੱਚ ਭਰਤੀ ਹੋਏ ਕਈ ਭਾਰਤੀਆਂ ਨੇ ਦੇਸ਼ ਵਾਪਸੀ ਪਿਛਲੇ ਦਿਨਾਂ ਵਿੱਚ ਕੀਤੀ ਹੈ, ਇਨ੍ਹਾਂ ਵਿਚੋਂ ਇੱਕ ਹਰਿਆਣਾ ਨਾਲ ਸਬੰਧਤ ਰਾਮ ਕੁਮਾਰ (ਬਦਲਿਆ ਹੋਇਆ ਨਾਮ) ਨਾਮ ਦਾ ਨੌਜਵਾਨ ਵੀ ਹੈ। ਰਾਮ ਕੁਮਾਰ ਨੇ ਦੱਸਿਆ, "ਮੈਡੀਕਲ ਦੀ ਉਚੇਰੀ ਪੜ੍ਹਾਈ ਕਰਨ ਲਈ ਮੈਂ ਰੂਸ ਦੀ ਕ੍ਰੀਮੀਆ ਮੈਡੀਕਲ ਯੂਨੀਵਰਸਿਟੀ ਵਿੱਚ ਦਾਖ਼ਲਾ ਲਿਆ ਸੀ, ਪਰ ਇਸ ਤੋਂ ਪਹਿਲਾਂ ਉਹ ਪੜ੍ਹਾਈ ਪੂਰੀ ਕਰਦਾ ਰੂਸ ਅਤੇ ਯੂਕਰੇਨ ਵਿਚਾਲੇ ਲੜਾਈ ਛਿੜ ਗਈ ਅਤੇ ਸਭ ਕੁਝ ਬੰਦ ਹੋ ਗਿਆ।"

ਰਾਮ ਕੁਮਾਰ ਦੱਸਦੇ ਹਨ ਕਿ ਰੋਜ਼ਾਨਾ ਦਾ ਖ਼ਰਚਾ ਪੂਰਾ ਕਰਨ ਦੇ ਲਈ ਉਸ ਨੇ ਨੌਕਰੀ ਕਰਨ ਦੀ ਸੋਚੀ ਅਤੇ ਮੈਡੀਕਲ ਦੀ ਪੜ੍ਹਾਈ ਦਾ ਪਿਛੋਕੜ ਹੋਣ ਕਾਰਨ ਉਸ ਨੂੰ ਇੱਕ ਵਿਅਕਤੀ ਨੇ ਰੂਸ ਦੀ ਫੌਜ ਵਿੱਚ ਨੌਕਰੀ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਦੱਸਿਆ, "ਫੌਜ ਵਿੱਚ ਭਰਤੀ ਸਮੇਂ ਮੈਂ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਮੈਂ ਹਸਪਤਾਲ ਵਿੱਚ ਜ਼ਖਮੀ ਸੈਨਿਕ ਦੀ ਦੇਖਭਾਲ ਦਾ ਕੰਮ ਕਰਾਂਗਾ ਪਰ ਉਸ ਦੇ ਬਾਵਜੂਦ ਵੀ ਮੈਨੂੰ ਟਰੇਨਿੰਗ ਤੋਂ ਬਾਅਦ ਜੰਗ ਦੇ ਮੈਦਾਨ ਵਿੱਚ ਉਤਾਰ ਦਿੱਤਾ ਗਿਆ।" ਜੰਗ ਦੇ ਮੈਦਾਨ ਦੇ ਤਜਰਬੇ ਸਾਂਝੇ ਕਰਦੇ ਹੋਏ ਰਾਮ ਨੇ ਦੱਸਿਆ, "ਉੱਥੇ ਬਹੁਤ ਮਾੜਾ ਹਾਲ ਹੈ, ਡਰੋਨ ਹਮਲਿਆਂ ਕਾਰਨ ਕਈ ਸਾਥੀਆਂ ਦੀ ਜਾਨ ਚਲੀ ਗਈ ਅਤੇ ਇਸ ਦੌਰਾਨ ਬੰਬ ਧਮਾਕੇ ਵਿੱਚ ਮੈਂ ਵੀ ਜ਼ਖਮੀ ਹੋ ਗਿਆ।"

ਹਸਪਤਾਲ ਵਿੱਚ ਕਈ ਮਹੀਨੇ ਰਹਿਣ ਤੋਂ ਬਾਅਦ ਜਦੋਂ ਉਹ ਕੁਝ ਠੀਕ ਹੋਏ ਤਾਂ ਰੂਸ ਦੀ ਫੌਜ ਨੇ ਉਨ੍ਹਾਂ ਨੂੰ ਫਿਰ ਤੋਂ ਮੋਰਚੇ ਉੱਤੇ ਭੇਜਣ ਦੀ ਤਿਆਰੀ ਕਰ ਲਈ ਸੀ। ਇਸ ਦੌਰਾਨ ਉਸ ਨੇ ਭਾਰਤੀ ਐਂਬੰਸੀ ਨਾਲ ਸੰਪਰਕ ਕੀਤਾ ਜਿਸ ਤੋਂ ਬਾਅਦ ਉਹ ਉਸ ਦੀ ਦੇਸ਼ ਵਾਪਸੀ ਹੋਈ ਹੈ।

ਰਾਮ ਮੁਤਾਬਕ, "ਜੇਕਰ ਕੋਈ ਵਿਅਕਤੀ ਵਾਪਸ ਆਉਣਾ ਵੀ ਚਾਹੁੰਦਾ ਹੈ ਤਾਂ ਉਹ ਨਹੀਂ ਆ ਸਕਦਾ ਕਿਉਂਕਿ ਰੂਸ ਦੀ ਫੌਜ ਅਜਿਹਾ ਕਰਨ ਨਹੀਂ ਦਿੰਦੀ।" ਰੂਸ ਵਿੱਚ ਫਸੇ ਭਾਰਤੀਆਂ ਦਾ ਮੁੱਦਾ ਭਾਰਤੀ ਵਿਦੇਸ਼ ਮੰਤਰਾਲੇ ਦੇ ਧਿਆਨ ਵਿੱਚ ਵੀ ਹੈ।

ਮਾਨਸੂਨ ਸੈਸ਼ਨ ਦੌਰਾਨ ਪੰਜਾਬ ਤੋਂ ਰਾਜ ਸਭਾ ਮੈਂਬਰ ਬਲਵੀਰ ਸਿੰਘ ਸੀਚੇਵਾਲ ਵੱਲੋਂ ਚੁੱਕੇ ਗਏ ਲਿਖਤੀ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਰੂਸੀ ਹਥਿਆਰਬੰਦ ਸੈਨਾਵਾਂ ਵਿੱਚ 127 ਭਾਰਤੀ ਨਾਗਰਿਕ ਸਨ। ਉਨ੍ਹਾਂ ਵਿੱਚੋਂ 98 ਵਿਅਕਤੀ ਵਾਪਸ ਆ ਚੁੱਕੇ ਹਨ, ਉਨ੍ਹਾਂ ਦੱਸਿਆ ਕਿ 13 ਭਾਰਤੀ ਨਾਗਰਿਕ ਰੂਸੀ ਹਥਿਆਰਬੰਦ ਫੌਜ ਵਿੱਚ ਹਨ, ਜਿਨ੍ਹਾਂ ਵਿੱਚੋਂ 12 ਭਾਰਤੀਆਂ ਦੇ ਰੂਸੀ ਪੱਖ ਦੁਆਰਾ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਹੈ। ਭਾਰਤ ਦਾ ਕਹਿਣਾ ਹੈ ਕਿ ਰੂਸੀ ਅਧਿਕਾਰੀਆਂ ਨੂੰ ਬਾਕੀ ਰਹਿੰਦੇ ਜਾਂ ਲਾਪਤਾ ਵਿਅਕਤੀਆਂ ਬਾਰੇ ਅਪਡੇਟ ਜਾਣਕਾਰੀ ਦੇਣ ਅਤੇ ਉਨ੍ਹਾਂ ਦੀ ਸੁਰੱਖਿਅਤ ਦੇਸ਼ ਵਾਪਸੀ ਲਈ ਕਿਹਾ ਗਿਆ ਗਿਆ ਹੈ।

*****

# ਲੈਂਡ ਪੂਲਿੰਗ ਨੀਤੀ ਦੀ ਵਿਰੋਧਤਾ ਕਾਰਨ ਕਸੂਤੀ ਫਸ ਗਈ ਸੀ ਮਾਨ ਸਰਕਾਰ

"ਜਿੰਨਾ ਚਿਰ ਸਰਕਾਰ ਲੈਂਡ ਪੂਲਿੰਗ ਨੀਤੀ ਨੂੰ ਰੱਦ ਨਹੀਂ ਕਰਦੀ। ਸਰਕਾਰ ਦਾ ਕੋਈ ਵੀ ਆਗੂ ਜਾਂ ਵਰਕਰ ਇਸ ਪਿੰਡ ਵਿੱਚ ਦਾਖ਼ਲ ਨਹੀਂ ਹੋ ਸਕਦਾ।" ਸੰਗਰੂਰ ਜ਼ਿਲ੍ਹੇ ਦੇ ਸੋਹੀਆ ਕਲਾਂ ਦੇ ਸਰਪੰਚ ਰਣਜੀਤ ਸਿੰਘ ਦੀ ਇਹ ਚੇਤਾਵਨੀ ਪੰਜਾਬ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦੇ ਮੰਤਰੀਆਂ, ਵਿਧਾਇਕਾਂ, ਸੰਸਦ ਮੈਂਬਰ, ਆਗੂਆਂ ਅਤੇ ਵਰਕਰਾਂ ਲਈ ਹੈ। ਇਸ ਪਿੰਡ ਦੇ ਵਸਨੀਕਾਂ ਵੱਲੋਂ ਇਸ ਚੇਤਾਵਨੀ ਦੇ ਹੋਰਡਿੰਗ ਅਤੇ ਪੋਸਟਰ ਆਪਣੇ ਪਿੰਡ ਵਿੱਚ ਲਾਏ ਗਏ ਸਨ। ਇਹ ਸਿਰਫ਼ ਇੱਕ ਪਿੰਡ ਦੀ ਕਹਾਣੀ ਨਹੀਂ ਹੈ ਬਲਕਿ ਪੰਜਾਬ ਦੇ ਹੋਰਨਾਂ ਪਿੰਡਾਂ ਵਿੱਚ ਵੀ ਅਜਿਹੇ ਚੇਤਾਵਨੀ ਬੋਰਡ ਲਗਾਏ ਗਏ ਸਨ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਲਕ, ਪੋਨਾ ਅਤੇ ਅਲੀਗੜ੍ਹ ਵਿੱਚ ਅਜਿਹੇ ਹੋਰਡਿੰਗ ਲੱਗੇ ਹਨ। ਦਰਅਸਲ ਪੰਜਾਬ ਦੇ ਪਿੰਡਾਂ 'ਚ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਲੋਕਾਂ ਦਾ ਰੋਹ ਲਗਾਤਾਰ ਭੱਖ ਰਿਹਾ ਹੈ। ਲੋਕ ਲਾਮਬੰਦ ਹੋ ਰਹੇ ਹਨ। ਆਪਣੀਆਂ ਜ਼ਮੀਨਾਂ ਬਚਾਉਣ ਵਾਸਤੇ ਕਿਸਾਨ ਹਰ ਹੀਲੇ ਵਰਤ ਰਹੇ ਹਨ।




ਕਿਤੇ ਪਿੰਡਾਂ ਦੀਆਂ ਵਾਹੀਯੋਗ ਜ਼ਮੀਨਾਂ ਬਚਾਉਣ ਵਾਸਤੇ ਗ੍ਰਾਮ ਸਭਾਵਾਂ ਦੇ ਮਤੇ ਪੈ ਰਹੇ ਹਨ ਤੇ ਕਿਤੇ ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਪਿੰਡ ਵਿੱਚ ਦਾਖ਼ਲਾ ਬੰਦ ਕਰ ਦਿੱਤਾ ਗਿਆ ਹੈ। ਕਿਸਾਨਾਂ ਵੱਲੋਂ ਰੋਸ-ਮੁਜ਼ਾਹਰੇ ਵੀ ਕੀਤੇ ਜਾ ਰਹੇ ਹਨ। ਕਿਸਾਨਾਂ ਦਾ ਲੁਧਿਆਣਾ ਵਿੱਚ ਗਲਾਡਾ ਦਫ਼ਤਰ ਦੇ ਬਾਹਰ ਪੱਕਾ ਧਰਨਾ ਵੀ ਚੱਲ ਰਿਹਾ ਹੈ। ਕਿਸਾਨਾਂ ਨੇ ਪਿੰਡਾਂ ਦੀ ਵਾਰੀ ਬੰਨ੍ਹੀ ਹੋਈ ਹੈ। ਆਪਣੀ ਵਾਰੀ ਅਨੁਸਾਰ ਰੋਜ਼ਾਨਾ 3-4 ਪਿੰਡ ਇਕੱਠੇ ਹੋ ਕੇ ਇੱਥੇ ਰੋਸ-ਮੁਜ਼ਾਹਰਾ ਕਰਦੇ ਹਨ। ਪੰਜਾਬ-ਹਰਿਆਣਾ ਹਾਈ ਕੋਰਟ ਨੇ ਵੀ ਫਿਲਹਾਲ ਲੈਂਡ ਪੂਲਿਸ ਨੀਤੀ 'ਤੇ 4 ਹਫ਼ਤਿਆਂ ਲਈ ਰੋਕ ਲਗਾ ਦਿੱਤੀ ਹੈ। ਦਰਅਸਲ, ਹਾਈ ਕੋਰਟ ਵਿੱਚ ਇਸ ਸਬੰਧੀ ਦੋ ਪਟੀਸ਼ਨਾਂ ਪਾਈਆਂ ਗਈਆਂ ਸਨ, ਇੱਕ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਇਸੇ ਦੇ ਸਬੰਧ ਵਿੱਚ ਇਸ ਨੀਤੀ ਉੱਤੇ ਫਿਲਹਾਲ ਰੋਕ ਲਗਾ ਦਿੱਤੀ ਗਈ ਹੈ।

### ਗ੍ਰਾਮ ਸਭਾਵਾਂ ਨੇ ਕੀ ਮਤੇ ਪਾਸ ਕੀਤੇ

ਸੋਹੀਆਂ ਕਲਾਂ ਪਿੰਡ ਦੇ ਸਰਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੀ ਵਾਹੀਯੋਗ ਜ਼ਮੀਨ ਲਗਭਗ 800 ਏਕੜ ਹੈ। ਕੁੱਲ ਜ਼ਮੀਨ ਵਿੱਚ 568 ਏਕੜ ਜ਼ਮੀਨ ਐਕੁਆਇਰ ਹੋ ਰਹੀ ਹੈ। ਰਣਜੀਤ ਨੇ ਕਿਹਾ ਉਨ੍ਹਾਂ ਦਾ ਪਿੰਡ ਨੇ ਇਸ ਨੀਤੀ ਖ਼ਿਲਾਫ਼ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੇਧ ਲੈ ਕੇ ਹੀ ਗ੍ਰਾਮ ਸਭਾ ਦਾ ਮਤਾ ਪਾਸ ਕੀਤਾ ਹੈ। "ਮੁੱਖ ਮੰਤਰੀ ਬਣਨ ਤੋਂ ਪਹਿਲਾਂ ਭਗਵੰਤ ਮਾਨ ਖੁਦ ਸਰਕਾਰ ਦੇ ਫ਼ੈਸਲਿਆਂ ਖ਼ਿਲਾਫ਼ ਗ੍ਰਾਮ ਸਭਾਵਾਂ ਦੇ ਮਤੇ ਪਾਸ ਕਰਨ ਲਈ ਕਹਿੰਦੇ ਸੀ। ਹੁਣ ਅਸੀਂ ਗ੍ਰਾਮ ਸਭਾ ਦਾ ਮਤਾ ਪਾਸ ਕਰਕੇ ਇਸ ਨੀਤੀ ਨੂੰ ਚੁਣੌਤੀ ਦਿੱਤੀ ਹੈ।" ਉਨ੍ਹਾਂ ਕਿਹਾ ਕਿ ਸਾਰਾ ਪਿੰਡ ਇਸ ਨੀਤੀ ਦਾ ਵਿਰੋਧ ਕਰ ਰਿਹਾ ਹੈ। ਪਿੰਡ ਦੇ ਸਾਰੇ ਵਰਗ ਇਸ ਨੀਤੀ ਦੇ ਵਿਰੋਧ ਵਿੱਚ ਹਨ। ਲੁਧਿਆਣਾ ਜ਼ਿਲ੍ਹੇ ਦੇ ਹਸਨਪੁਰ ਪਿੰਡ ਦੇ ਸਰਪੰਚ ਹਰਜੀਤ ਸਿੰਘ ਨੇ ਕਿਹਾ, "ਅਸੀਂ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਨ ਵਾਸਤੇ ਗ੍ਰਾਮ ਸਭਾ ਦਾ ਮਤਾ ਪਾਸ ਕੀਤਾ ਹੈ। ਪਿੰਡ ਦੀ ਵੱਡੀ ਆਬਾਦੀ ਖੇਤੀ ਉੱਤੇ ਨਿਰਭਰ ਹੈ। ਅਸੀਂ ਕਿਸੇ ਵੀ ਹਾਲਤ ਵਿੱਚ ਜ਼ਮੀਨ ਦੇਣ ਤੋਂ ਇਨਕਾਰ ਕਰਦੇ ਹਾਂ।" ਇਸ ਪਿੰਡ ਦੇ ਪੰਚਾਇਤ ਮੈਂਬਰ ਅਤੇ ਕਿਸਾਨ ਅੰਮ੍ਰਿਤਪਾਲ ਨੇ ਕਿਹਾ, "ਮੇਰੀ ਚਾਰ ਏਕੜ ਜ਼ਮੀਨ ਨੀਤੀ ਦੇ ਘੇਰੇ ਵਿੱਚ ਹੈ। ਪਰ ਇੱਕ ਇੰਚ ਵੀ ਨਹੀਂ ਦੇਣਾ। ਗ੍ਰਾਮ ਸਭਾ ਵੱਲੋਂ ਮਤਾ ਪਾ ਦਿੱਤਾ ਗਿਆ ਹੈ ਕਿ ਅਸੀਂ ਜ਼ਮੀਨ ਨਹੀਂ ਦੇਣੀ।" "ਪਹਿਲਾਂ ਹੀ ਅੱਧਾ ਪੰਜਾਬ ਖਾਲ੍ਹੀ ਹੋ ਗਿਆ ਹੈ। ਬੱਚੇ ਵਿਦੇਸ਼ਾਂ ਵਿੱਚ ਚਲੇ ਗਏ ਹਨ ਜਿਹੜੇ ਰਹਿ ਗਏ ਉਹ ਵੀ ਹੁਣ ਬਾਹਰ ਭੇਜਣੇ ਪੈਣਗੇ।"

### ਆਪ ਆਗੂਆਂ ਤੇ ਵਰਕਰਾਂ ਦੀ ਪਿੰਡਾਂ ਵਿੱਚ ਦਾਖ਼ਲੇ 'ਤੇ ਪਾਬੰਦੀ

ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਪੰਜਾਬ ਦੇ ਕਈ ਪਿੰਡਾਂ ਨੇ ਆਮ ਆਦਮੀ ਪਾਰਟੀ ਦੇ ਲੀਡਰਾਂ ਅਤੇ ਵਰਕਰਾਂ ਦਾ ਪਿੰਡਾਂ ਵਿੱਚ ਦਾਖ਼ਲਾ ਬੰਦ ਕਰ ਦਿੱਤਾ ਹੈ। ਅਜਿਹੇ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੀ ਪਾਬੰਦੀ ਦੀ ਸੂਚਨਾ ਦਿੰਦੇ ਹੋਰਡਿੰਗ ਅਤੇ ਪੋਸਟਰ ਲਗਾਏ ਗਏ ਹਨ। ਲੁਧਿਆਣਾ ਜ਼ਿਲ੍ਹੇ ਵਿੱਚ ਜਗਰਾਓਂ ਦੇ ਨਜ਼ਦੀਕ ਸਥਿਤ ਪਿੰਡ ਮਲਕ, ਪੋਨਾ ਅਤੇ ਅਲੀਗੜ੍ਹ ਵਿੱਚ ਅਜਿਹੇ ਹੋਰਡਿੰਗ ਲੱਗੇ ਹਨ। ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਵਿੱਚ ਵੀ ਅਜਿਹੇ ਹੋਰਡਿੰਗ ਲੱਗੇ ਹਨ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਜੇਕਰ ਆਮ ਆਦਮੀ ਪਾਰਟੀ ਦੇ ਆਗੂ ਜਾਂ ਵਰਕਰ ਉਨ੍ਹਾਂ ਦੇ ਪਿੰਡਾਂ ਵਿੱਚ ਦਾਖ਼ਲ ਹੁੰਦੇ ਹਨ ਤਾਂ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਘਿਰਾਓ ਕੀਤਾ ਜਾਵੇਗਾ। ਸੋਹੀਆਂ ਕਲਾਂ ਪਿੰਡ ਦੇ ਸਰਪੰਚ ਰਣਜੀਤ ਸਿੰਘ ਨੇ ਕਿਹਾ, "ਜਿੰਨਾ ਚਿਰ ਸਰਕਾਰ ਲੈਂਡ ਪੂਲਿੰਗ ਨੀਤੀ ਨੂੰ ਰੱਦ ਨਹੀਂ ਕਰਦੀ। ਸਰਕਾਰ ਦਾ ਕੋਈ ਵੀ ਆਗੂ ਜਾਂ ਵਰਕਰ ਇਸ ਪਿੰਡ ਵਿੱਚ ਦਾਖ਼ਲ ਨਹੀਂ ਹੋ ਸਕਦਾ।" ਜ਼ਮੀਨ ਬਚਾਓ, ਪੰਜਾਬ ਬਚਾਓ ਸੰਘਰਸ਼ ਕਮੇਟੀ ਜਗਰਾਓਂ ਦੇ ਆਗੂ ਦੀਦਾਰ ਸਿੰਘ ਮਲਕ ਪਿੰਡ ਦੇ ਵਸਨੀਕ ਹਨ। ਉਨ੍ਹਾਂ ਕਿਹਾ, "ਅਸੀਂ ਜ਼ਮੀਨਾਂ ਬਚਾਉਣ ਲਈ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਅਸੀਂ ਸਰਕਾਰ ਦਾ ਵਿਰੋਧ ਕਰ ਰਹੇ ਹਾਂ। ਅਸੀਂ ਆਪਣੇ ਪਿੰਡਾਂ ਦੇ ਵਿੱਚ ਬੋਰਡ (ਹੋਰਡਿੰਗ) ਵੀ ਲਾਇਆ ਹੈ ਕਿ ਆਮ ਆਦਮੀ ਪਾਰਟੀ ਦਾ ਕੋਈ ਵੀ ਲੀਡਰ, ਐਮਐਲਏ, ਐਮਪੀ, ਮੰਤਰੀ ਪਿੰਡ ਵਿੱਚ ਦਾਖ਼ਲ ਨਹੀਂ ਹੋ ਸਕਦਾ। ਅਸੀਂ ਆਪਣੇ ਪਿੰਡਾਂ ਨੂੰ ਆਉਂਦੇ ਸਾਰੇ ਰਸਤਿਆਂ ਉੱਤੇ ਅਜਿਹੇ ਬੋਰਡ ਲਗਾਏ ਹਨ। ਲੁਧਿਆਣੇ ਵਿੱਚ ਗਲਾਡਾ ਅੱਗੇ ਸਾਡਾ ਲਗਾਤਾਰ ਧਰਨਾ ਵੀ ਚੱਲ ਰਿਹਾ ਹੈ।" "ਇਹ ਸਾਡਾ ਵਿਰੋਧ ਕਰਨ ਦਾ ਤਰੀਕਾ ਹੈ। ਅਸੀਂ ਇਨ੍ਹਾਂ (ਸਰਕਾਰ) ਤੋਂ ਦੁਖੀ ਹਾਂ। ਇਹ ਸਾਡੀਆਂ ਜ਼ਮੀਨਾਂ ਖੋਹ ਰਹੇ ਹਨ।ਅਸੀਂ ਇਨ੍ਹਾਂ ਦਾ ਵਿਰੋਧ ਕਰ ਰਹੇ ਹਾਂ। ਅਸੀਂ ਇਨ੍ਹਾਂ ਨੂੰ ਪਿੰਡਾਂ ਵਿੱਚ ਵੜਨ ਨਹੀਂ ਦੇਵਾਂਗੇ।

### ਨੀਤੀ ਕੀ ਹੈ?

ਪੰਜਾਬ ਸਰਕਾਰ ਨੇ ਯੋਜਨਾਬੱਧ ਸ਼ਹਿਰੀਕਰਨ ਵਾਸਤੇ "ਲੈਂਡ ਪੂਲਿੰਗ" ਨੀਤੀ ਲਿਆਂਦੀ ਹੈ। ਇਸ ਯੋਜਨਾ ਤਹਿਤ ਪੰਜਾਬ ਭਰ ਦੇ 27 ਸ਼ਹਿਰਾਂ ਵਾਸਤੇ ਲਗਭਗ 40,000 ਏਕੜ ਵਾਹੀਯੋਗ ਜ਼ਮੀਨ ਐਕੁਆਇਰ ਕੀਤੇ ਜਾਣ ਦੀ ਯੋਜਨਾ ਹੈ। ਇਸ ਐਕੁਆਇਰ ਕੀਤੀ ਜ਼ਮੀਨ ਉੱਤੇ ਪੰਜਾਬ ਸਰਕਾਰ ਵੱਲੋਂ ਰਿਹਾਇਸ਼ੀ ਖੇਤਰ ਵਿਕਸਤ ਕੀਤੇ ਜਾਣੇ ਹਨ, ਜਿਨ੍ਹਾਂ ਨੂੰ ਅਰਬਨ ਅਸਟੇਟਸ ਦਾ ਨਾਮ ਦਿੱਤਾ ਗਿਆ ਹੈ। ਇਸ ਨੂੰ ਪੰਜਾਬ ਸ਼ਹਿਰੀਕਰਨ ਜਾਂ ਰਿਹਾਇਸ਼ੀ ਵਿਕਾਸ ਦਾ ਹੁਣ ਤੱਕ ਦਾ "ਸਭ ਤੋਂ ਵੱਡਾ ਪ੍ਰੋਜੈਕਟ" ਮੰਨਿਆ ਦਾ ਰਿਹਾ ਹੈ। ਇਸ 40,000 ਏਕੜ ਵਿੱਚ ਸਭ ਤੋਂ ਵੱਧ 24,000 ਏਕੜ ਜ਼ਮੀਨ ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚੋਂ ਐਕੁਆਇਰ ਕੀਤੀ ਜਾਣੀ ਹੈ। ਹਾਲਾਂਕਿ ਪੰਜਾਬ ਸਰਕਾਰ ਮੁਤਾਬਕ ਇਹ ਇੱਕ ਸਵੈ-ਇਛੁੱਕ ਸਕੀਮ ਹੈ। ਕਿਸਾਨ ਆਪਣੀ ਮਰਜ਼ੀ ਨਾਲ ਜ਼ਮੀਨ ਦੇ ਸਕਦੇ ਹਨ ਅਤੇ ਇਨਕਾਰ ਵੀ ਕਰ ਸਕਦੇ ਹਨ। ਸਰਕਾਰ ਮੁਤਾਬਕ ਇਨਕਾਰ ਕਰਨ ਵਾਲੇ ਕਿਸਾਨਾਂ ਤੋਂ ਜ਼ਬਰਦਸਤੀ ਜ਼ਮੀਨ ਨਹੀਂ ਲਈ ਜਾਵੇਗੀ ਅਤੇ ਉਹ ਆਪਣੀ ਜ਼ਮੀਨ ਉੱਤੇ ਖੇਤੀ ਜਾਰੀ ਰੱਖ ਸਕਦੇ ਹਨ। ਇਸ ਨੀਤੀ ਤਹਿਤ ਕਿਸਾਨਾਂ ਨੂੰ ਸਰਕਾਰ 1 ਏਕੜ ਦੇ ਬਦਲੇ 1000 ਵਰਗ ਗਜ਼ ਰਿਹਾਇਸ਼ੀ ਜ਼ਮੀਨ ਅਤੇ 200 ਵਰਗ ਗਜ਼ ਕਮਰਸ਼ੀਅਲ ਜ਼ਮੀਨ ਦੇਵੇਗੀ।




ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਵਿੱਚ ਵੀ ਸਰਕਾਰ ਨੂੰ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਗਰੂਰ ਦੇ ਸੋਹੀਆਂ ਕਲਾਂ ਪਿੰਡ ਵਿੱਚ ਗ੍ਰਾਮ ਸਭਾ ਦਾ ਮਤਾ ਵੀ ਪਾਇਆ ਗਿਆ ਹੈ ਅਤੇ ਆਪ ਦੇ ਲੀਡਰਾਂ ਦਾ ਦਾਖ਼ਲਾ ਬੰਦ ਕਰਨੇ ਦੇ ਹੋਰਡਿੰਗ ਵੀ ਲਾਏ ਗਏ ਹਨ। ਸੋਈਆਂ ਕਲਾਂ ਪਿੰਡ ਦੀ ਰਹਿਣ ਵਾਲੀ ਪਰਮਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦੀ ਚਾਰ ਏਕੜ ਜ਼ਮੀਨ ਅਤੇ ਘਰ ਇਸ ਨੀਤੀ ਦੇ ਘੇਰੇ ਵਿੱਚ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਜ਼ਮੀਨ ਐਕੁਆਇਰ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਔਰਤਾਂ ਅੱਗੇ ਹੋ ਕੇ ਲੜਨਗੀਆਂ। ਉਹ ਜ਼ਮੀਨ ਦੀ ਰੱਖਿਆ ਵਾਸਤੇ ਜਾਨ ਦੇਣ ਨੂੰ ਵੀ ਤਿਆਰ ਹਨ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਰਸਤਾ ਨਹੀਂ ਹੈ। ਪਰਮਜੀਤ ਕੌਰ ਦਾ ਕਹਿਣਾ ਹੈ, "ਸਾਡੇ ਕੋਲ ਕੋਈ ਰਸਤਾ ਨਹੀਂ ਹੈ। ਪਹਿਲੀ ਕਤਾਰ ਵਿੱਚ ਅਸੀਂ ਔਰਤਾਂ ਖੜਾਂਗੀਆਂ। ਦੂਜੇ ਕਤਾਰ ਵਿੱਚ ਸਾਡੇ ਬੱਚੇ ਅਤੇ ਫਿਰ ਸਾਡੇ ਮਰਦ ਖੜ੍ਹੇ ਹੋਣਗੇ। ਅਸੀਂ ਆਪਣੀਆਂ ਜਾਨਾਂ ਦੇਣ ਨੂੰ ਤਿਆਰ ਹਾਂ।" ਇਸੇ ਪਿੰਡ ਦੀ ਵਸਨੀਕ ਸ਼ਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦੇ 9 ਏਕੜ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਐਕੁਆਇਰ ਹੋਣੀ ਹੈ। ਪਰ ਕਿਸੇ ਵੀ ਹਾਲਤ ਵਿੱਚ ਅਜਿਹਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ, "ਅਸੀਂ ਤਾਂ ਜਾਨਾਂ ਵਾਰਨ ਨੂੰ ਤਿਆਰ ਹਾਂ। ਭਾਵੇਂ ਸਾਡੀਆਂ ਜਾਨਾਂ ਦਾਅ ਉੱਤੇ ਲੱਗ ਜਾਣ ਅਸੀਂ ਜ਼ਮੀਨਾਂ ਨਹੀਂ ਛੱਡਦੇ।"

### ਨੌਜਵਾਨਾਂ ਦੇ ਵਿਆਹਾਂ ਦੀ ਚਿੰਤਾ

ਜਿਨ੍ਹਾਂ ਕਿਸਾਨ ਪਰਿਵਾਰਾਂ ਦੀ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਐਕੁਆਇਰ ਕੀਤੀ ਜਾਣ ਦੀ ਯੋਜਨਾ ਹੈ, ਉਨ੍ਹਾਂ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੇ ਵਿਆਹਾਂ ਦੀ ਚਿੰਤਾ ਵੀ ਸਤਾਉਣ ਲੱਗੀ ਹੈ। ਪੰਜਾਬ ਵਿੱਚ ਅਕਸਰ ਕਿਸਾਨ ਪਰਿਵਾਰਾਂ ਵਿੱਚ ਵਿਆਹ ਦੇ ਰਿਸ਼ਤੇ ਵਾਹੀਯੋਗ ਜ਼ਮੀਨ ਦੀ ਮਾਲਕੀਅਤ ਦੇ ਆਧਾਰ ਉੱਤੇ ਹੁੰਦੇ ਹਨ। ਅਜਿਹੇ ਵਿੱਚ ਕਿਸਾਨ ਪਰਿਵਾਰ ਚਿੰਤਾ ਵਿੱਚ ਹਨ ਕਿ ਜੇਕਰ ਜ਼ਮੀਨਾਂ ਦੀ ਮਾਲਕੀਅਤ ਖੁੱਸਦੀ ਹੈ ਤਾਂ ਉਨ੍ਹਾਂ ਦੇ ਬੱਚਿਆਂ ਦੇ ਰਿਸ਼ਤੇ ਨਹੀਂ ਹੋਣਗੇ। ਪਰਮਜੀਤ ਕੌਰ ਕਹਿੰਦੀ ਹੈ ਕਿ ਜੇਕਰ ਉਨ੍ਹਾਂ ਦੀ ਜ਼ਮੀਨ ਚਲੀ ਜਾਂਦੀ ਹੈ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਰਿਸ਼ਤੇ ਨਹੀਂ ਹੋਣਗੇ। "ਸਾਡੇ ਬੱਚਿਆਂ ਨੂੰ ਰਿਸ਼ਤੇ ਕਿਵੇਂ ਹੋਣਗੇ, ਜਦੋਂ ਸਾਡੇ ਕੋਲ ਕੁਝ ਨਹੀਂ ਬੱਚੇਗਾ।" ਹਸਨਪੁਰ ਦੇ ਪੰਚਾਇਤ ਮੈਂਬਰ ਅੰਮ੍ਰਿਤਪਾਲ ਨੇ ਕਿਹਾ, "ਸਾਡੇ ਤਾਂ ਵਿਆਹ ਵੀ ਜ਼ਮੀਨਾਂ ਨਾਲ ਹੁੰਦੇ ਹਨ। ਨਾ ਕੋਈ ਬੰਦਾ ਦੇਖਦਾ, ਨਾ ਕੋਈ ਗੱਡੀ, ਨਾ ਕੋਠੀ ਤੇ ਨਾ ਪੈਸਾ। ਜੇ ਜ਼ਮੀਨਾਂ ਹੀ ਨਾ ਬਚੀਆਂ ਤਾਂ ਬੱਚੇ ਵਿਆਹੇ ਹੀ ਨਹੀਂ ਜਾਣੇ।"

### ਪਾਰਟੀ ਵਿੱਚ ਅੰਦਰੂਨੀ ਵਿਰੋਧ

ਆਮ ਆਦਮੀ ਪਾਰਟੀ ਵਿੱਚ ਅੰਦਰੂਨੀ ਤੌਰ ਉੱਤੇ ਵੀ ਇਸ ਨੀਤੀ ਦੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਕੰਗ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਰਾਹੀਂ ਪਾਰਟੀ ਨੂੰ ਕਿਸਾਨਾਂ ਨੂੰ ਭਰੋਸਾ ਵਿੱਚ ਲੈਣ ਦੀ ਗੱਲ ਆਖੀ ਸੀ। ਹਾਲਾਂਕਿ ਉਨ੍ਹਾਂ ਨੇ ਮਗਰੋਂ ਇਸ ਸੋਸ਼ਲ ਮੀਡੀਆ ਪੋਸਟ ਡਿਲੀਟ ਕਰ ਦਿੱਤੀ ਸੀ। ਮੋਗੇ ਤੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਮਨ ਬਰਾੜ ਨੇ ਵੀ ਨੀਤੀ ਦੇ ਵਿਰੋਧ ਵਿੱਚ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹਰਮਨ ਬਰਾੜ ਪਾਰਟੀ ਦੇ ਮੋਗੇ ਤੋਂ ਜ਼ਿਲ੍ਹਾ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਜੋਧਾਂ ਬਲਾਕ ਦੇ ਪ੍ਰਧਾਨ ਤਪਿੰਦਰ ਸਿੰਘ ਗਰੇਵਾਲ ਨੇ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਮੁੱਖ ਮੰਤਰੀ ਦੇ ਸਾਬਕਾ ਓਐਸਡੀ ਓਂਕਾਰ ਸਿੰਘ ਨੇ ਵੀ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਇਸ ਨੀਤੀ ਦਾ ਵਿਰੋਧ ਕੀਤਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਨੀਤੀ ਬਣਾਉਣ ਦਾ ਮਕਸਦ ਗ਼ੈਰ-ਕਾਨੂੰਨੀ ਕਾਲੋਨੀਆਂ ਦਾ ਖ਼ਾਤਮਾ ਕਰਨਾ ਅਤੇ ਪੰਜਾਬ ਦੇ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਵਾਉਣਾ ਸੀ।" "ਇਸ ਨੀਤੀ ਤਹਿਤ ਕਿਸੇ ਵੀ ਕਿਸਾਨ ਨੂੰ ਮਜਬੂਰ ਨਹੀਂ ਕੀਤਾ ਜਾ ਰਿਹਾ। ਜਿਹੜਾ ਕਿਸਾਨ ਆਪਣੀ ਜ਼ਮੀਨ ਦੇਣ ਚਾਹੁੰਦਾ ਹੈ ਦੇ ਸਕਦਾ ਹੈ ਤੇ ਜਿਹੜਾ ਖੇਤੀ ਕਰਨਾ ਚਾਹੁੰਦਾ ਹੈ, ਉਹ ਖੇਤੀ ਜਾਰੀ ਰੱਖ ਸਕਦਾ ਹੈ।" "ਕਿਸੇ ਨਾਲ ਕੋਈ ਧੱਕਾ ਨਹੀਂ ਹੋ ਰਿਹਾ। ਜਿਸ ਨੂੰ ਨੀਤੀ ਚੰਗੀ ਲੱਗਦੀ ਹੈ ਉਹ ਨੀਤੀ ਵਿੱਚ ਸ਼ਾਮਲ ਹੋ ਸਕਦਾ ਹੈ।"

# ਜਦੋਂ ਇੱਕ ਬੇਰੁਜ਼ਗਾਰ ਨੌਜਵਾਨ ਦੇ ਖਾਤੇ ਵਿੱਚ ਇੰਨੇ ਪੈਸੇ ਆ ਗਏ ਜੋ ਗਿਣਨੇ ਵੀ ਔਖੇ ਹੋ ਗਏ

ਸੋਚੋ ਕਿ ਤੁਹਾਡੇ ਬੈਂਕ ਖਾਤੇ ਵਿੱਚ ਅਚਾਨਕ 10, 01,35,60, 00,00,00,00,00,01,00,23,56, 00, 00,00,00,299 ਰੁਪਏ ਆ ਜਾਣ। ਕੀ ਤੁਸੀਂ ਇਸ ਰਕਮ ਦੀ ਗਿਣਤੀ ਕਰ ਪਾ ਰਹੇ ਹੋ? ਘੱਟੋ-ਘੱਟ ਦਲੀਪ ਤਾਂ ਅਜਿਹਾ ਨਹੀਂ ਕਰ ਸਕੇ। ਉਹ ਤਾਂ ਬਸ ਵਾਰ-ਵਾਰ ਆਪਣਾ ਬੈਂਕ ਅਕਾਊਂਟ ਚੈਕ ਕਰਦੇ ਰਹੇ 'ਤੇ ਇੰਨੀ ਵੱਡੀ ਰਕਮ ਦੇਖ-ਦੇਖ ਕੇ ਹੈਰਾਨ ਹੁੰਦੇ ਰਹੇ। ਇਹ ਮਾਮਲਾ ਦਰਅਸਲ ਉੱਤਰ ਪ੍ਰਦੇਸ਼ ਦੇ ਦਨਕੌਰ ਪਿੰਡ ਵਿੱਚ ਰਹਿਣ ਵਾਲੇ ਇੱਕ ਬੇਰੁਜ਼ਗਾਰ ਨੌਜਵਾਨ ਦਾ ਹੈ, ਜਿਨ੍ਹਾਂ ਦੇ ਬੈਂਕ ਖਾਤੇ ਵਿੱਚ ਅਚਾਨਕ ਅਰਬਾਂ ਰੁਪਏ ਆਉਣ ਦਾ ਮਾਮਲਾ ਸਾਹਮਣੇ ਆਇਆ ਹੈ। 20 ਸਾਲਾ ਦਿਲੀਪ ਸਿੰਘ ਨੇ ਦੋ ਮਹੀਨੇ ਪਹਿਲਾਂ ਕੋਟਕ ਮਹਿੰਦਰਾ ਬੈਂਕ ਵਿੱਚ ਆਪਣਾ ਖਾਤਾ ਖੁਲ੍ਹਵਾਇਆ ਸੀ। 2 ਅਗਸਤ ਨੂੰ ਜਦੋਂ ਦਿਲੀਪ ਨੇ ਬੈਂਕ ਦੇ ਮੋਬਾਈਲ ਐਪ ਵਿੱਚ ਲੌਗਇਨ ਕੀਤਾ, ਤਾਂ ਉਹ ਹੈਰਾਨ ਰਹਿ ਗਏ। ਉਨ੍ਹਾਂ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕਣ ਲੱਗਾ। ਖਾਤੇ ਵਿੱਚ ਜੋ ਰਕਮ ਦਿਖਾਈ ਦੇ ਰਹੀ ਰਕਮ ਇੰਨੀ ਸੀ ਕਿ ਦਿਲੀਪ ਨੇ ਕਈ ਵਾਰ ਮੋਬਾਈਲ ਐਪ ਬੰਦ ਕੀਤੀ, ਕਈ ਵਾਰ ਪਾਸਵਰਡ ਬਦਲਿਆ ਪਰ ਨਾ ਤਾਂ ਉਹ ਇਸਨੂੰ ਗਿਣ ਸਕੇ ਅਤੇ ਨਾ ਹੀ ਇਹ ਅਰਬਾਂ ਰੁਪਏ ਖਾਤੇ ਵਿੱਚੋਂ ਜਾਣ ਦਾ ਨਾਮ ਹੀ ਨਹੀਂ ਲੈ ਰਹੇ ਸਨ। ਉਨ੍ਹਾਂ ਕਿਹਾ, "ਰਕਮ ਇੰਨੀ ਵੱਡੀ ਸੀ ਕਿ ਮੈਂ ਇਸਨੂੰ ਗਿਣ ਹੀ ਨਹੀਂ ਸਕਿਆ। ਮੈਂ ਸਿਰਫ ਇੰਨਾ ਹੀ ਗਿਣ ਸਕਿਆ ਕਿ ਇਹ ਰਕਮ 37 ਅੰਕਾਂ ਦੀ ਹੈ। ਮੈਂ ਇਸਦਾ ਗੂਗਲ 'ਤੇ ਵੀ ਅਨੁਵਾਦ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਮਦਦ ਨਹੀਂ ਮਿਲੀ।" ਦਿਲੀਪ ਕਹਿੰਦੇ ਹਨ, "ਮੈਂ ਇਸਨੂੰ ਕਈ ਹੋਰ ਲੋਕਾਂ ਨੂੰ ਵੀ ਦਿਖਾਇਆ, ਪਰ ਕੋਈ ਵੀ ਇੰਨੀ ਵੱਡੀ ਰਕਮ ਗਿਣ ਨਹੀਂ ਸਕਿਆ।" ਜਦੋਂ ਦਿਲੀਪ ਖੁਦ ਕੈਮਰੇ ਦੇ ਸਾਹਮਣੇ ਇਸ ਰਕਮ ਨੂੰ ਗਿਣਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਹ ਦਸ ਅਰਬ ਤੱਕ ਗਿਣਨ ਤੋਂ ਬਾਅਦ ਆਪਣੇ ਹੱਥ ਖੜ੍ਹੇ ਕਰ ਦਿੰਦੇ ਹਨ ਅਤੇ ਕਹਿੰਦੇ ਹਨ, "ਇਸ ਤੋਂ ਅੱਗੇ ਮੈਨੂੰ ਗਿਣਨਾ ਨਹੀਂ ਆਉਂਦਾ।" ਦਿਲੀਪ 12ਵੀਂ ਪਾਸ ਹਨ ਅਤੇ ਬੇਰੁਜ਼ਗਾਰ ਹਨ। ਉਹ ਪਿਛਲੇ ਕੁਝ ਸਮੇਂ ਤੋਂ ਕੰਮ ਦੀ ਭਾਲ਼ ਕਰ ਰਹੇ ਹਨ। ਆਪਣੇ ਬੈਂਕ ਖਾਤੇ ਵਿੱਚ ਅਰਬਾਂ ਰੁਪਏ ਦੇਖ ਕੇ ਦਿਲੀਪ ਨੇ ਸ਼ੁਰੂ ਵਿੱਚ ਸੋਚਿਆ ਕਿ ਇਹ ਇੱਕ ਤਕਨੀਕੀ ਗਲਤੀ ਹੈ, ਪਰ ਵਾਰ-ਵਾਰ ਚੈਕ ਕਰਨ 'ਤੇ ਵੀ ਉਹੀ ਰਕਮ ਦਿਖਾਈ ਦਿੰਦੀ ਸੀ।



ਦਿਲੀਪ ਕਹਿੰਦੇ ਹਨ, "ਮੈਂ ਸੋਚਿਆ ਕਿ ਇੰਨੇ ਪੈਸੇ ਹਨ, ਇਸ ਲਈ ਮੈਂ 10 ਹਜ਼ਾਰ ਰੁਪਏ ਕਿਸੇ ਹੋਰ ਖਾਤੇ ਵਿੱਚ ਟ੍ਰਾਂਸਫਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਜਿਹਾ ਨਹੀਂ ਹੋ ਸਕਿਆ। ਬੈਂਕ ਵਾਲਿਆਂ ਨੇ ਮੇਰਾ ਖਾਤਾ ਫ੍ਰੀਜ਼ ਕਰ ਦਿੱਤਾ ਹੈ।" ਉਹ ਕਹਿੰਦੇ ਹਨ, "ਮੈਂ ਇੰਨੇ ਪੈਸੇ ਦੇਖ ਕੇ ਹੈਰਾਨ ਰਹਿ ਗਿਆ। ਇੱਕ ਪਲ ਲਈ ਮੈਨੂੰ ਲੱਗਿਆ ਕਿ ਮੈਂ ਕੋਈ ਲਾਟਰੀ ਜਿੱਤ ਲਈ ਹੈ, ਪਰ ਲਾਟਰੀ ਵੀ ਇੰਨੀ ਵੱਡੀ ਤਾਂ ਨਹੀਂ ਲੱਗੇਗੀ।"ਜਦੋਂ ਦਿਲੀਪ ਸਿੰਘ ਨੂੰ ਪੁੱਛਿਆ ਗਿਆ ਕਿ ਅਰਬਾਂ ਰੁਪਏ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਆਉਣ ਤੋਂ ਪਹਿਲਾਂ ਉਨ੍ਹਾਂ ਦੇ ਖਾਤੇ 'ਚ ਕਿੰਨੇ ਪੈਸੇ ਸਨ ਤਾਂ ਉਹ ਦੱਸਿਆ, "ਮੈਂ ਖਾਤੇ ਵਿੱਚ ਸਿਰਫ਼ 10-20 ਰੁਪਏ ਹੀ ਛੱਡੇ ਸਨ। ਦਿਲੀਪ ਨੇ ਕੋਟਕ ਮਹਿੰਦਰਾ ਬੈਂਕ ਵਿੱਚ ਖੁਦ ਹੀ ਇੱਕ ਔਨਲਾਈਨ ਸੇਵਿੰਗ ਅਕਾਊਂਟ ਖੋਲ੍ਹਿਆ ਸੀ। ਆਪਣੇ ਖਾਤੇ ਵਿੱਚ ਆਉਣ ਵਾਲੇ ਅਰਬਾਂ ਰੁਪਏ ਬਾਰੇ ਜਾਣਕਾਰੀ ਦੇਣ ਉਹ ਖੁਦ ਬੈਂਕ ਵੀ ਗਏ। ਬੈਂਕ ਨੇ ਦਿਲੀਪ ਨੂੰ ਦੱਸਿਆ, "ਡਰਨ ਦੀ ਕੋਈ ਗੱਲ ਨਹੀਂ ਹੈ। ਜੋ ਰਕਮ ਦਿਖਾਈ ਦੇ ਰਹੀ ਹੈ ਉਹ ਪੈਸੇ ਨਹੀਂ ਹਨ, ਸਗੋਂ ਇਹ ਇੱਕ ਤਕਨੀਕੀ ਗਲਤੀ ਹੈ।" ਦਨਕੌਰ ਪੁਲਿਸ ਸਟੇਸ਼ਨ ਦੇ ਸਬ-ਇੰਸਪੈਕਟਰ ਸੋਹਣਪਾਲ ਸਿੰਘ ਨੇ ਦੱਸਿਆ, "ਪੁਲਿਸ ਨੇ ਜਾਂਚ ਕੀਤੀ ਹੈ। ਫੋਨਪੇਅ ਅਤੇ ਬੈਂਕ ਸਟੇਟਮੈਂਟ ਦੀ ਜਾਂਚ ਕਰਨ ਤੋਂ ਬਾਅਦ, ਨੌਜਵਾਨ ਦੇ ਖਾਤੇ ਵਿੱਚ ਬਕਾਇਆ ਜ਼ੀਰੋ ਰੁਪਏ ਹੈ।"

ਉਨ੍ਹਾਂ ਕਿਹਾ, "ਪੁਲਿਸ ਨੇ ਬੈਂਕ ਨਾਲ ਵੀ ਸੰਪਰਕ ਕੀਤਾ ਹੈ। ਤਕਨੀਕੀ ਗਲਤੀ ਕਾਰਨ ਇੱਕ ਵਿਸ਼ੇਸ਼ ਐਪ ਵਿੱਚ ਇਹ ਰਕਮ ਦਿਖਾਈ ਦੇ ਰਹੀ ਹੈ, ਜਦਕਿ ਅਸਲ ਵਿੱਚ ਖਾਤੇ ਵਿੱਚ ਇੱਕ ਵੀ ਰੁਪਈਆ ਨਹੀਂ ਹੈ।"

# ਸਭਿਆਤਾਵਾਂ ਦੇ ਪਤਨ ਅਤੇ ਮੁੜ ਉਭਾਰ ਦਾ ਗਵਾਹ ਹੈ ਪੁਰਾਤਨ ਕਸਬਾ ਰਾਹੋਂ

ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਵਿਚ ਸਥਿਤ ਇਕ ਛੋਟਾ ਪਰ ਇਤਿਹਾਸਕ ਤੇ ਸੱਭਿਆਚਾਰਕ ਮਹੱਤਵ ਵਾਲਾ ਕਸਬਾ ਹੈ ਰਾਹੋਂ। ਸਤਲੁਜ ਦਰਿਆ ਦੇ ਨੇੜੇ



ਅਤੇ ਦੁਆਬੇ ਵਿਚ ਵਸਿਆ ਰਾਹੋਂ ਸਦੀਆਂ ਤੋਂ ਵਪਾਰ, ਖੇਤੀਬਾੜੀ ਅਤੇ ਸੱਭਿਆਚਾਰਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਇਸ ਸ਼ਹਿਰ ’ਚ 100 ਤੋਂ ਵੱਧ ਮੰਦਰ ਹੋਣ ਕਾਰਨ ਇਸ ਨੂੰ ਮੰਦਰਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਇਸ ਦਾ ਇਤਿਹਾਸ ਪੁਰਾਤਨ ਸੱਭਿਅਤਾਵਾਂ, ਮੱਧਕਾਲੀ ਸ਼ਾਸਨ, ਸਿੱਖ ਇਤਿਹਾਸ ਅਤੇ ਆਧੁਨਿਕ ਵਿਕਾਸ ਦੀਆਂ ਕਹਾਣੀਆਂ ਨਾਲ ਭਰਪੂਰ ਹੈ। ਰਾਹੋਂ ਦੇ ਇਤਿਹਾਸ ਵਿਚ ਸਥਾਪਨਾ, ਸਮਾਜਿਕ-ਸੱਭਿਆਚਾਰਕ ਵਿਕਾਸ ਤੇ ਸਮਕਾਲੀ ਮਹੱਤਵ ਸ਼ਾਮਲ ਹੈ। ਇੱਥੋਂ ਦਾ ਇਤਿਹਾਸ ਪੰਜਾਬ ਦੀ ਧਰਤੀ ਦੇ ਸਮੁੱਚੇ ਇਤਿਹਾਸ ਨਾਲ ਜੁੜਿਆ ਹੋਇਆ ਹੈ, ਜੋ ਮਨੁੱਖੀ ਸੱਭਿਅਤਾ ਦੀਆਂ ਸਭ ਤੋਂ ਪੁਰਾਣੀਆਂ ਜੜ੍ਹਾਂ ਵਿੱਚੋਂ ਇਕ ਹੈ। ਰਾਹੋਂ ਦੀ ਸਥਾਪਨਾ ਤੇ ਵਿਕਾਸ ਪੁਰਾਤਨ ਸੱਭਿਅਤਾਵਾਂ, ਖ਼ਾਸ ਕਰਕੇ ਸਿੰਧੂ ਘਾਟੀ ਸੱਭਿਅਤਾ, ਵੈਦਿਕ ਸੱਭਿਅਤਾ ਅਤੇ ਬਾਅਦ ਦੀਆਂ ਸੱਭਿਅਤਾਵਾਂ ਦੇ ਪ੍ਰਭਾਵ ਨਾਲ ਜੁੜਿਆ ਹੋਇਆ ਹੈ। ਸਮੇਂ ਦੇ ਨਾਲ ਰਾਹੋਂ ਨੇ ਅਨੇਕ ਹਮਲਿਆਂ, ਸੱਭਿਆਚਾਰਕ ਤਬਦੀਲੀਆਂ ਅਤੇ ਸਾਮਰਾਜਾਂ ਦਾ ਉਭਾਰ ਤੇ ਪਤਨ ਦੇਖਿਆ। ਅੱਜ ਵੀ ਇਹ ਸ਼ਹਿਰ ਆਪਣੀ ਪ੍ਰਾਚੀਨ ਵਿਰਾਸਤ ਤੇ ਸੱਭਿਆਚਾਰਕ ਮਹੱਤਤਾ ਨੂੰ ਸੰਭਾਲ ਕੇ ਰੱਖਦਾ ਹੈ, ਜੋ ਇਸ ਨੂੰ ਪੰਜਾਬ ਦੇ ਇਤਿਹਾਸ ਦਾ ਇਕ ਅਟੁੱਟ ਅੰਗ ਬਣਾਉਂਦਾ ਹੈ। ਪੁਰਾਤੱਤਵ ਖੋਜਾਂ ਅਨੁਸਾਰ, ਸਤਲੁਜ ਤੇ ਰਾਵੀ ਦਰਿਆਵਾਂ ਦੇ ਵਿਚਕਾਰ ਦਾ ਇਲਾਕਾ ਸਿੰਧੂ ਘਾਟੀ ਸੱਭਿਅਤਾ (3300-1300 ਈਸਾ ਪੂਰਵ) ਦਾ ਹਿੱਸਾ ਸੀ। ਹੜੱਪਾ ਤੇ ਮੋਹਿੰਜੋਦੜੋ ਵਰਗੇ ਪ੍ਰਮੁੱਖ ਸ਼ਹਿਰ ਭਾਵੇਂ ਰਾਹੋਂ ਤੋਂ ਦੂਰ ਸਨ ਪਰ ਸਤਲੁਜ ਦੇ ਨੇੜਲੇ ਖੇਤਰਾਂ ’ਚ ਛੋਟੇ ਵਸੇਬੇ ਮਿਲਦੇ ਹਨ, ਜੋ ਇਸ ਸੱਭਿਅਤਾ ਦੇ ਵਪਾਰਕ ਤੇ ਸੱਭਿਆਚਾਰਕ ਸਬੰਧਾਂ ਦੀ ਗਵਾਹੀ ਦਿੰਦੇ ਹਨ। ਆਪਣੀ ਭੂਗੋਲਿਕ ਸਥਿਤੀ, ਸਤਲੁਜ ਦੇ ਕੰਢੇ ਤੇ ਪੁਰਾਣੇ ਵਪਾਰਕ ਮਾਰਗਾਂ ਦੇ ਨੇੜੇ ਹੋਣ ਕਾਰਨ ਇਹ ਪ੍ਰਾਚੀਨ ਕਾਲ ਵਿਚ ਇਕ ਮਹੱਤਵਪੂਰਨ ਵਪਾਰਕ ਚੌਕੀ ਬਣਿਆ।

ਕਹਿੰਦੇ ਹਨ ਇਸ ਸ਼ਹਿਰ ਦੀ ਸਥਾਪਨਾ ਲਗਪਗ 2000 ਸਾਲ ਪਹਿਲਾਂ ਰਾਜਾ ਰਾਘਬ ਨੇ ਕੀਤੀ ਸੀ, ਜਿਸ ਨੇ ਇਸ ਸ਼ਹਿਰ ਨੂੰ ‘ਰਘੂਪੁਰ’ ਜਾਂ ‘ਰਾਘਬਪੁਰ’ ਦਾ ਨਾਂ ਦਿੱਤਾ। ਇਹ ਨਾਂ 20ਵੀਂ ਸਦੀ ਤੱਕ ਪੰਡਤਾਂ ਦੇ ਪੱਤਰ-ਵਿਹਾਰ ਵਿਚ ਵਰਤਿਆ ਜਾਂਦਾ ਸੀ। 12ਵੀਂ ਸਦੀ ਵਿਚ ਰਾਜਾ ਰਾਜਪਾਲ ਨੇ ਇਸ ਸ਼ਹਿਰ ਦਾ ਨਾਂ ਬਦਲ ਕੇ ‘ਰਾਹੋਂ’ ਰੱਖਿਆ, ਜੋ ਇਕ ਔਰਤ ਦੇ ਨਾਂ ‘ਰਹੋ’ ’ਤੇ ਅਧਾਰਿਤ ਸੀ। ਕੁਝ ਸਮਕਾਲੀ ਲੇਖਕਾਂ ਅਨੁਸਾਰ ਸਵੇਰੇ ਵਰਤ ਰੱਖਣ ਵੇਲੇ ਰਾਹੋਂ ਨੂੰ ‘ਜ਼ਨਾਨਾ ਸ਼ਹਿਰ’ (ਔਰਤਾਂ ਦਾ ਸ਼ਹਿਰ) ਕਹਿਣਾ ਸ਼ੁੱਭ ਮੰਨਿਆ ਜਾਂਦਾ ਸੀ। ਹਾਲਾਂਕਿ ਇਸ ਨੂੰ ਲੈ ਕੇ ਬਹੁਤੇ ਵਿਦਵਾਨ ਇਕਮਤ ਨਹੀਂ ਹਨ। ਮੌਖਿਕ ਇਤਿਹਾਸ ਵੀ ਅਲੱਗ-ਅਲੱਗ ਤਰ੍ਹਾਂ ਨਾਲ ਸੁਣਿਆ ਤੇ ਸੁਣਾਇਆ ਜਾਂਦਾ ਹੈ। ਰਾਹੋਂ ਦੀ ਸਥਾਪਨਾ ਦਾ ਸਮਾਂ ਸਿੰਧੂ ਘਾਟੀ ਸੱਭਿਅਤਾ ਦੇ ਪਤਨ ਤੇ ਵੈਦਿਕ ਸੱਭਿਅਤਾ ਦੇ ਉਭਾਰ ਨਾਲ ਮੇਲ ਖਾਂਦਾ ਹੈ।


### ਬਾਹਰੀ ਹਮਲਿਆਂ ਦਾ ਪ੍ਰਭਾਵ

ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦੱਸਦੇ ਹਨ ਕਿ ਪੁਰਾਤਨ ਵਪਾਰਕ ਮਾਰਗ ’ਤੇ ਸਥਿਤ ਹੋਣ ਕਾਰਨ ਰਾਹੋਂ ਨੂੰ ਅਨੇਕ ਹਮਲਿਆਂ ਦਾ ਸ਼ਿਕਾਰ ਵੀ ਬਣਾਇਆ। 1206 ਈਸਵੀ ਵਿਚ ਗੁੱਜਰਾਂ ਨੇ ਸ਼ਹਿਰ ’ਤੇ ਕਬਜ਼ਾ ਕਰ ਲਿਆ ਪਰ ਬਾਅਦ ਵਿਚ ਮਹਿਤੋਂ ਰਾਜਪੂਤਾਂ ਨੇ ਉਨ੍ਹਾਂ ਨੂੰ ਹਰਾਇਆ। ਮਹਿਤੋਂ ਰਾਜਪੂਤਾਂ ਨੂੰ ਘੋੜੇਵਾਹ ਰਾਜਪੂਤਾਂ ਨੇ ਹਰਾਇਆ ਅਤੇ ਅੰਤ ਵਿਚ ਮੁਹੰਮਦ ਗੌਰੀ ਦੇ ਸਮੇਂ ਸ਼ਹਿਰ ਉਸ ਦੇ ਅਧੀਨ ਆ ਗਿਆ। ਇਤਿਹਾਸਕਾਰ ਇਸ ਦੀ ਵਿਆਖਿਆ ਵੀ ਅਲੱਗ-ਅਲੱਗ ਤਰ੍ਹਾਂ ਨਾਲ ਕਰਦੇ ਹਨ। ਇਨ੍ਹਾਂ ਤੋਂ ਪਹਿਲਾਂ 326 ਈਸਾ ਪੂਰਵ ਵਿਚ ਸਿਕੰਦਰ ਮਹਾਨ ਦੀ ਫ਼ੌਜ ਨੇ ਪੰਜਾਬ ’ਤੇ ਹਮਲਾ ਕੀਤਾ। ਹਾਲਾਂਕਿ ਉਸ ਦੀਆਂ ਫ਼ੌਜਾਂ ਬਿਆਸ ਨਦੀ ਨੂੰ ਪਾਰ ਨਹੀਂ ਕਰ ਸਕੀਆਂ ਪਰ ਉਸ ਦੇ ਹਮਲਿਆਂ ਨੇ ਪੰਜਾਬ ਦੇ ਸਥਾਨਕ ਜਨਪਦਾਂ ਨੂੰ ਪ੍ਰਭਾਵਿਤ ਕੀਤਾ। ਰਾਹੋਂ ਨੇ ਇਨ੍ਹਾਂ ਹਮਲਿਆਂ ਦਾ ਪ੍ਰਭਾਵ ਵੀ ਝੱਲਿਆ। ਸਿਕੰਦਰ ਦੀ ਮੌਤ ਤੋਂ ਬਾਅਦ ਚੰਦਰਗੁਪਤ ਮੌਰੀਆ ਨੇ 320 ਈਸਾ ਪੂਰਵ ’ਚ ਮੌਰੀਆ ਸਾਮਰਾਜ ਦੀ ਸਥਾਪਨਾ ਕੀਤੀ। ਚੰਦਰਗੁਪਤ ਨੇ ਪੰਜਾਬ ਦੇ ਸਥਾਨਕ ਜਨਪਦਾਂ ਦੇ ਸਹਿਯੋਗ ਨਾਲ ਉੱਤਰ-ਪੱਛਮੀ ਭਾਰਤ ਨੂੰ ਜਿੱਤ ਲਿਆ। ਉਸ ਦੇ ਪੋਤੇ ਅਸ਼ੋਕ ਨੇ ਬੁੱਧ ਧਰਮ ਨੂੰ ਅਪਣਾਇਆ ਅਤੇ ਪੰਜਾਬ ਵਿਚ ਬੁੱਧ ਧਰਮ ਦੇ ਪ੍ਰਚਾਰ ’ਚ ਅਹਿਮ ਭੂਮਿਕਾ ਨਿਭਾਈ ਅਤੇ ਇਸ ਦਾ ਪ੍ਰਭਾਵ ਵੀ ਇਸ ਸ਼ਹਿਰ ਨੇ ਕਬੂਲਿਆ।

### ਮੁਗ਼ਲਾਂ ਸਮੇਂ ਰਾਹੋਂ

ਮੁਗ਼ਲ ਸਾਮਰਾਜ (1526-1857) ਦੇ ਸਮੇਂ ਇਸ ਸ਼ਹਿਰ ਦੀ ਮਹੱਤਤਾ ਘਟਣੀ ਸ਼ੁਰੂ ਹੋ ਗਈ ਕਿਉਂਕਿ ਸਿਲਕ ਰੂਟ ਨੇ ਕਾਬੁਲ ਦੇ ਰਸਤੇ ਨੂੰ ਅਪਣਾ ਲਿਆ। ਇਸ ਨਾਲ ਇੱਥੇ ਵਪਾਰਕ ਸਰਗਰਮੀਆਂ ’ਚ ਕਾਫ਼ੀ ਕਮੀ ਆਈ। ਹਾਲਾਂਕਿ, ਮੁਗ਼ਲ ਸ਼ਾਸਕ ਅਕਬਰ ਦੇ ਪ੍ਰਸ਼ਾਸਨਿਕ ਸੁਧਾਰਾਂ ਨੇ ਪੰਜਾਬ ਨੂੰ ਸੱਭਿਆਚਾਰਕ ਤੌਰ ’ਤੇ ਜੀਵੰਤ ਰੱਖਿਆ। ਅਕਬਰ ਦੇ ਸਮੇਂ (1556-1605) ‘ਆਈਨ-ਏ-ਅਕਬਰੀ’ ਵਿਚ ਪੰਜਾਬ ਨੂੰ ਲਾਹੌਰ ਤੇ ਮੁਲਤਾਨ ਸੂਬਿਆਂ ਦੇ ਹਿੱਸੇ ਵਜੋਂ ਵਰਣਿਤ ਕੀਤਾ ਗਿਆ ਹੈ। ਲਾਹੌਰ-ਦਿੱਲੀ ਸ਼ੇਰ ਸ਼ਾਹ ਸੂਰੀ ਮਾਰਗ ਦੇ ਨੇੜੇ ਸਥਿਤ ਇਸ ਸ਼ਹਿਰ ਨੇ ਫ਼ੌਜੀ ਤੇ ਕੁਝ ਹੱਦ ਤੱਕ ਆਪਣਾ ਵਪਾਰਕ ਮਹੱਤਵ ਜ਼ਰੂਰ ਬਰਕਰਾਰ ਰੱਖਿਆ। ਮੁਗ਼ਲ ਸ਼ਾਸਨ ਦੌਰਾਨ, ਸਤਲੁਜ ਦਰਿਆ ਦੀ ਨੇੜਤਾ ਕਾਰਨ ਰਾਹੋਂ ਖੇਤੀਬਾੜੀ ਦਾ ਇਕ ਅਹਿਮ ਕੇਂਦਰ ਬਣਿਆ, ਜਿਸ ਨੇ ਸਥਾਨਕ ਅਰਥਚਾਰੇ ਨੂੰ ਮਜ਼ਬੂਤ ਕੀਤਾ।

### ਮਹਾਰਾਜਾ ਰਣਜੀਤ ਸਿੰਘ ਦਾ ਯੁੱਗ



18ਵੀਂ ਸਦੀ ਵਿਚ ਮੁਗ਼ਲ ਸਾਮਰਾਜ ਦੇ ਪਤਨ ਨਾਲ ਪੰਜਾਬ ਵਿਚ ਸਿੱਖ ਮਿਸਲਾਂ ਦਾ ਉਭਾਰ ਹੋਇਆ। ਇਸ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਇੱਥੇ ਕਬਜ਼ਾ ਕਰ ਲਿਆ ਸੀ। ਇੱਥੋਂ ਦੇ ਇਤਿਹਾਸ ’ਚ ਸਿੱਖ ਮਿਸਲਾਂ ਦਾ ਮਹੱਤਵਪੂਰਨ ਯੋਗਦਾਨ ਹੈ। ਡੱਲੇਵਾਲੀਆ ਮਿਸਲ ਨੇ ਰਾਹੋਂ ਤੇ ਆਸ-ਪਾਸ ਦੇ ਖੇਤਰਾਂ ’ਚ ਆਪਣਾ ਪ੍ਰਭਾਵ ਜਮਾਇਆ। ਸਿੱਖ ਸੰਘਰਸ਼ਾਂ ਦੇ ਸਮੇਂ ਇਸ ਸ਼ਹਿਰ ਨੇ ਇਕ ਰਣਨੀਤਕ ਸਥਾਨ ਵਜੋਂ ਕੰਮ ਕੀਤਾ ਕਿਉਂਕਿ ਇਹ ਸਤਲੁਜ ਦੇ ਕੰਢੇ ਤੇ ਮੁਗ਼ਲ-ਅਫ਼ਗਾਨ ਫ਼ੌਜਾਂ ਦੇ ਮਾਰਗਾਂ ਦੇ ਨੇੜੇ ਸੀ। 19ਵੀਂ ਸਦੀ ਦੀ ਸ਼ੁਰੂਆਤ ’ਚ ਮਹਾਰਾਜਾ ਰਣਜੀਤ ਸਿੰਘ (1780-1839) ਨੇ ਪੰਜਾਬ ਵਿਚ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ ਤੇ ਰਾਹੋਂ ਸਿੱਖ ਰਾਜ ਦੇ ਅਹਿਮ ਸ਼ਹਿਰਾਂ ’ਚੋਂ ਇਕ ਸੀ। ਇਸ ਨੇ ਇਸ ਸਮੇਂ ਦੌਰਾਨ ਆਰਥਿਕ ਤੇ ਸੱਭਿਆਚਾਰਕ ਤਰੱਕੀ ਦੇਖੀ। ਦਰਿਆ ਦੀਆਂ ਸਿੰਚਾਈ ਸਹੂਲਤਾਂ ਨੇ ਇਸ ਨੂੰ ਅਨਾਜ ਉਤਪਾਦਨ ਦਾ ਕੇਂਦਰ ਬਣਾਇਆ, ਜਿਸ ਕਾਰਨ ਇਸ ਨੂੰ ‘ਪੰਜਾਬ ਦਾ ਅਨਾਜ ਭੰਡਾਰ’ ਦਾ ਹਿੱਸਾ ਮੰਨਿਆ ਜਾਣ ਲੱਗਾ। ਸਥਾਨਕ ਜੱਟ ਤੇ ਸਿੱਖ ਪਰਿਵਾਰਾਂ ਨੇ ਸਿੱਖ ਫ਼ੌਜ ਵਿਚ ਵੱਡਾ ਯੋਗਦਾਨ ਪਾਇਆ, ਜਿਸ ਨੇ ਇਸ ਦੀ ਫ਼ੌਜੀ ਪਛਾਣ ਨੂੰ ਹੋਰ ਮਜ਼ਬੂਤ ਕੀਤਾ।

### ਬ੍ਰਿਟਿਸ਼ ਰਾਜ ਤੇ ਸੁਤੰਤਰਤਾ ਸੰਘਰਸ਼

1849 ਵਿਚ ਸਿੱਖ ਸਾਮਰਾਜ ਦੇ ਪਤਨ ਤੋਂ ਬਾਅਦ ਪੰਜਾਬ ਬ੍ਰਿਟਿਸ਼ ਰਾਜ ਦਾ ਹਿੱਸਾ ਬਣ ਗਿਆ। ਰਾਹੋਂ ਜੋ ਪਹਿਲਾਂ ਸਿੱਖ ਸ਼ਕਤੀ ਦਾ ਕੇਂਦਰ ਸੀ, ਨੇ ਬ੍ਰਿਟਿਸ਼ ਸ਼ਾਸਨ ਅਧੀਨ ਨਵੇਂ ਬਦਲਾਅ ਦੇਖੇ। ਬ੍ਰਿਟਿਸ਼ ਸਰਕਾਰ ਨੇ ਸਤਲੁਜ ਦਰਿਆ ’ਤੇ ਨਹਿਰਾਂ ਦਾ ਜਾਲ ਵਿਛਾਇਆ, ਜਿਸ ਨੇ ਖੇਤੀਬਾੜੀ ਅਰਥ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ। ਬ੍ਰਿਟਿਸ਼ ਰਾਜ ਦੌਰਾਨ ਰਾਹੋਂ ਸੁਤੰਤਰਤਾ ਸੰਘਰਸ਼ ਦਾ ਵੀ ਗਵਾਹ ਬਣਿਆ। ਸਥਾਨਕ ਸਿੱਖ ਤੇ ਹਿੰਦੂ ਪਰਿਵਾਰਾਂ ਨੇ ਗ਼ਦਰ ਅੰਦੋਲਨ ਅਤੇ ਅਕਾਲੀ ਅੰਦੋਲਨ ਵਰਗੀਆਂ ਰਾਸ਼ਟਰਵਾਦੀ ਲਹਿਰਾਂ ਵਿਚ ਹਿੱਸਾ ਲਿਆ। ਨੌਜਵਾਨਾਂ ਨੇ 1920 ਅਤੇ 1930 ਦੇ ਦਹਾਕੇ ’ਚ ਬ੍ਰਿਟਿਸ਼-ਵਿਰੋਧੀ ਪ੍ਰਦਰਸ਼ਨਾਂ ਵਿਚ ਵੀ ਸਰਗਰਮ ਭੂਮਿਕਾ ਨਿਭਾਈ।

### ਸੁਤੰਤਰਤਾ ਤੋਂ ਬਾਅਦ

ਰਾਹੋਂ ਦੇ ਇਤਿਹਾਸ ’ਤੇ ਕਈ ਸਾਲ ਖੋਜ ਕਰਨ ਵਾਲੇ ਅਜਮੇਰ ਸਿੱਧੂ ਕਹਿੰਦੇ ਹਨ ਕਿ 1947 ਵਿਚ ਭਾਰਤ ਦੀ ਵੰਡ ਨੇ ਪੰਜਾਬ ਦੇ ਸਮਾਜਿਕ ਤੇ ਆਰਥਿਕ ਢਾਂਚੇ ਨੂੰ ਬਦਲ ਦਿੱਤਾ। ਭਾਰਤੀ ਪੰਜਾਬ ਦਾ ਹਿੱਸਾ ਬਣੇ ਇਸ ਸ਼ਹਿਰ ਨੇ ਵੰਡ ਦੀਆਂ ਤਬਾਹੀਆਂ ਦਾ ਸਾਹਮਣਾ ਕੀਤਾ। ਪਾਕਿਸਤਾਨੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਨੇ ਰਾਹੋਂ ਵਿਚ ਨਵੀਂ ਸ਼ੁਰੂਆਤ ਕੀਤੀ, ਜਿਸ ਨੇ ਸਥਾਨਕ ਸੱਭਿਆਚਾਰ ਵਿਚ ਵਿਭਿੰਨਤਾ ਜੋੜੀ। 1960 ਦੇ ਦਹਾਕੇ ’ਚ ਹਰੀ ਕ੍ਰਾਂਤੀ ਨੇ ਇੱਥੋਂ ਦੀ ਖੇਤੀਬਾੜੀ ਨੂੰ ਨਵੀਂਆਂ ਉਚਾਈਆਂ ’ਤੇ ਪਹੁੰਚਾਇਆ। ਅੱਜ ਇਹ ਆਪਣੀਆਂ ਖੇਤੀਬਾੜੀ ਮੰਡੀਆਂ ਤੇ ਸਥਾਨਕ ਵਪਾਰ ਲਈ ਜਾਣਿਆ ਜਾਂਦਾ ਹੈ। ਇੱਥੋਂ ਦਾ ਸੱਭਿਆਚਾਰ ਪੰਜਾਬੀ ਪ੍ਰੰਪਰਾਵਾਂ ਦਾ ਸੁਮੇਲ ਹੈ। ਭੰਗੜਾ, ਗਿੱਧਾ ਤੇ ਲੋਕ ਗੀਤ ਇੱਥੋਂ ਦੀ ਸੱਭਿਆਚਾਰਕ ਪਛਾਣ ਦਾ ਅਹਿਮ ਹਿੱਸਾ ਹਨ। ਸਥਾਨਕ ਗੁਰਦੁਆਰੇ, ਮੰਦਰ ਤੇ ਮਸਜਿਦਾਂ ਧਾਰਮਿਕ ਸਹਿਣਸ਼ੀਲਤਾ ਦੀ ਮਿਸਾਲ ਹਨ।

### ਸਮਕਾਲੀ ਚੁਣੌਤੀਆਂ

ਅੱਜ ਰਾਹੋਂ ਆਧੁਨਿਕਤਾ ਤੇ ਪਰੰਪਰਾ ਦੇ ਸੰਗਮ ’ਤੇ ਖੜ੍ਹਾ ਹੈ। ਸਿੱਖਿਆ, ਸਿਹਤ ਸਹੂਲਤਾਂ ਤੇ ਆਵਾਜਾਈ ਦੇ ਵਿਕਾਸ ਨੇ ਇਸ ਨੂੰ ਤਰੱਕੀ ਦਿੱਤੀ ਹੈ ਪਰ ਨੌਜਵਾਨਾਂ ਦਾ ਪ੍ਰਵਾਸ, ਬੇਰੁਜ਼ਗਾਰੀ ਤੇ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ ਤੇ ਚੁਣੌਤੀਆਂ ਵੀ ਮੌਜੂਦ ਹਨ। ਇਸ ਸ਼ਹਿਰ ਦਾ ਭਵਿੱਖ ਸਥਾਨਕ ਸਰਕਾਰ ਤੇ ਸਮਾਜ ਦੇ ਸਾਂਝੇ ਯਤਨਾਂ ’ਤੇ ਨਿਰਭਰ ਕਰਦਾ ਹੈ। ਭਾਵੇਂ ਇਹ ਛੋਟਾ ਕਸਬਾ ਹੈ ਪਰ ਇਸ ਦਾ ਇਤਿਹਾਸ ਪੰਜਾਬ ਦੀ ਗੰਗੋਤਰੀ ਵਾਂਗ ਵਹਿੰਦਾ ਹੈ। ਸਿੰਧੂ ਘਾਟੀ ਸੱਭਿਅਤਾ ਤੋਂ ਲੈ ਕੇ ਸਿੱਖ ਸਾਮਰਾਜ, ਬ੍ਰਿਟਿਸ਼ ਰਾਜ ਅਤੇ ਸੁਤੰਤਰ ਭਾਰਤ ਤੱਕ ਰਾਹੋਂ ਨੇ ਹਰ ਯੁੱਗ ਦੀਆਂ ਛਾਪਾਂ ਨੂੰ ਸੰਭਾਲਿਆ ਹੈ। ਇਸ ਦੀ ਸੱਭਿਆਚਾਰਕ ਵਿਰਾਸਤ, ਧਾਰਮਿਕ ਸਹਿਣਸ਼ੀਲਤਾ ਤੇ ਖੇਤੀਬਾੜੀ ਅਰਥਚਾਰਾ ਇਸ ਨੂੰ ਪੰਜਾਬ ਦੀ ਸ਼ਾਨ ਬਣਾਉਂਦੇ ਹਨ।

### ਵੈਦਿਕ ਸੱਭਿਅਤਾ ਅਤੇ ਇੰਡੋ-ਆਰੀਅਨ ਪ੍ਰਵਾਸ

ਸਿੰਧੂ ਘਾਟੀ ਸੱਭਿਅਤਾ ਦੇ ਪਤਨ ਤੋਂ ਬਾਅਦ ਇੰਡੋ-ਆਰੀਅਨ ਕਬੀਲਿਆਂ ਦੀਆਂ ਲਹਿਰਾਂ ਨੇ ਪੰਜਾਬ ’ਚ ਪ੍ਰਵੇਸ਼ ਕੀਤਾ। ਇਹ ਪ੍ਰਵਾਸ 1500 ਈਸਾ ਪੂਰਵ ਤੋਂ 500 ਈਸਾ ਪੂਰਵ ਦਰਮਿਆਨ ਹੋਇਆ, ਜਿਸ ਨੇ ਵੈਦਿਕ ਸਭਿਅਤਾ ਦੀ ਨੀਂਹ ਰੱਖੀ। ਇਸ ਦੌਰਾਨ ਪੰਜਾਬ ਨੂੰ ‘ਸਪਤ ਸਿੰਧੂ’ (ਸੱਤ ਨਦੀਆਂ ਦੀ ਧਰਤੀ) ਵਜੋਂ ਜਾਣਿਆ ਜਾਂਦਾ ਸੀ,



ਜਿਸ ਦਾ ਜ਼ਿਕਰ ਰਿਗਵੇਦ ਵਿਚ ਮਿਲਦਾ ਹੈ। ਰਾਹੋਂ ਸਤਲੁਜ ਕੰਢੇ ਹੋਣ ਕਾਰਨ ਇਸ ਦਾ ਕੇਂਦਰ ਬਣਿਆ। ਰਾਹੋਂ ਜੋ ਕਿ ਤਿਬਤ ਤੇ ਮੱਧ ਏਸ਼ੀਆ ਨੂੰ ਜਾਣ ਵਾਲੇ ਪੁਰਾਤਨ ਵਪਾਰਕ ਮਾਰਗ ’ਤੇ ਸਥਿਤ ਸੀ, ਨੇ ਇਸ ਸਮੇਂ ਵਪਾਰਕ ਤੇ ਸੱਭਿਆਚਾਰਕ ਮਹੱਤਤਾ ਪ੍ਰਾਪਤ ਕੀਤੀ। ਇੰਡੋ-ਆਰੀਅਨ ਪ੍ਰਵਾਸ ਨੇ ਪੰਜਾਬ ਦੀ ਸਮਾਜਿਕ ਤੇ ਧਾਰਮਿਕ ਰਚਨਾ ਨੂੰ ਬਦਲ ਦਿੱਤਾ। ਵੈਦਿਕ ਧਰਮ ਦੀ ਸਥਾਪਨਾ ਨੇ ਹਿੰਦੂ ਧਰਮ ਦੀ ਨੀਂਹ ਰੱਖੀ, ਜਿਸ ਦਾ ਪ੍ਰਭਾਵ ਰਾਹੋਂ ਵਰਗੇ ਸ਼ਹਿਰਾਂ ’ਤੇ ਵੀ ਪਿਆ। ਇਸ ਸਮੇਂ ਦੌਰਾਨ ਇੱਥੋਂ ਦੀ ਮੰਡੀ ਬਾਜ਼ਾਰ, ਜੋ ਦਿੱਲੀ ਦਰਵਾਜ਼ੇ ’ਤੇ ਸਥਿਤ ਸੀ, ਨੂੰ ਏਸ਼ੀਆ ਦੀ ਸਭ ਤੋਂ ਪੁਰਾਣੀ ਮੰਡੀ ਮੰਨਿਆ ਜਾਂਦਾ ਸੀ। ਇਕ ਪਾਸੇ ਦਿੱਲੀ ਦਰਵਾਜ਼ਾ ਤੇ ਦੂਜੇ ਪਾਸੇ ਲਾਹੌਰੀ ਦਰਵਾਜ਼ਾ ਇਸ ਦੀ ਪਛਾਣ ਬਣਿਆ।

ਪ੍ਰਸਿੱਧ ਹਸਤੀਆਂ

- ਦਿਲਬਾਗ ਸਿੰਘ
ਏਅਰ ਚੀਫ ਮਾਰਸ਼ਲ
- ਬਲਬੀਰ ਸਿੰਘ
ਆਈਏਐੱਸ (ਮੁੱਖ ਸਕੱਤਰ ਅੰਡੇਮਾਨ ਨਿਕੋਬਾਰ)
- ਮਨਜੀਤ ਸਿੰਘ
ਬ੍ਰਿਗੇਡੀਅਰ ਭਾਰਤੀ ਫ਼ੌਜ
- ਬੀਆਰ ਚੋਪੜਾ
ਫਿਲਮ ਡਾਇਰੈਕਟਰ
- ਯਸ਼ ਚੋਪੜਾ
ਫਿਲਮ ਡਾਇਰੈਕਟਰ
- ਜੀਡੀ ਖੋਸਲਾ
ਜੱਜ ਹਾਈ ਕੋਰਟ
- ਪ੍ਰੇਮ ਚੋਪੜਾ
ਫਿਲਮੀ ਐਕਟਰ
- ਮੁਹੰਮਦ ਜ਼ਹੂਰ ਖ਼ਿਆਮ
ਫਿਲਮੀ ਸੰਗੀਤ ਨਿਰਦੇਸ਼ਕ
- ਸੁਰਿੰਦਰ ਮੋਹਨ ਸ਼ਰਮਾ
ਸਾਇੰਟਫਿਕ ਅਫਸਰ ਭਾਬਾ ਖੋਜ ਕੇਂਦਰ
- ਡਾ. ਅਸ਼ਵਨੀ ਕੁਮਾਰ ਖੱਬਾ
ਚਾਂਸਲਰ ਆਫ ਐੱਫਆਰਆਈ ਯੂਨੀਵਰਸਿਟੀ ਦੇਹਰਾਦੂਨ
- ਡਾ. ਨਛੱਤਰ ਪਾਲ
ਮੌਜੂਦਾ ਐੱਮਐੱਲਏ ਨਵਾਂਸ਼ਹਿਰ

### ਰੇਲਵੇ ਲਾਈਨ ਤੇ ਸਟੇਸ਼ਨ

ਕਸਬੇ ਦਾ ਰੇਲਵੇ ਸਟੇਸ਼ਨ, ਭਾਵੇਂ ਬਹੁਤ ਜ਼ਿਆਦਾ ਵਿਅਸਤ ਨਹੀਂ ਹੈ ਪਰ ਇਸ ਦੀ ਰੇਲਵੇ ਲਾਈਨ ਦਾ ਇਤਿਹਾਸ ਤੇ ਵਰਤਮਾਨ ਪੰਜਾਬ ਦੇ ਰੇਲਵੇ ਨੈੱਟਵਰਕ ਦੇ ਵਿਕਾਸ ਨੂੰ ਸਮਝਣ ਲਈ ਮਹੱਤਵਪੂਰਣ ਹੈ। ਉੱਤਰੀ ਰੇਲਵੇ ਦੇ ਅਧੀਨ ਆਉਂਦਾ ਰਾਹੋਂ ਰੇਲਵੇ ਸਟੇਸ਼ਨ ਜਲੰਧਰ-ਨਵਾਂਸ਼ਹਿਰ-ਜੈਜੋਂ ਦੋਆਬਾ ਲਾਈਨ ਦਾ ਹਿੱਸਾ ਹੈ, ਜੋ ਪੰਜਾਬ ਦੇ ਦੋਆਬਾ ਖੇਤਰ ਦੇ ਪਿੰਡਾਂ ਤੇ ਕਸਬਿਆਂ ਨੂੰ ਜੋੜਦੀ ਹੈ। ਰਾਹੋਂ ਰੇਲਵੇ ਸਟੇਸ਼ਨ ਦੀ ਸਥਾਪਨਾ 19ਵੀਂ ਸਦੀ ਦੇ ਅਖ਼ੀਰ ਜਾਂ 20ਵੀਂ ਸਦੀ ਦੇ ਸ਼ੁਰੂ ਵਿਚ ਹੋਈ ਸੀ। ਇਹ ਲਾਈਨ ਮੁੱਖ ਤੌਰ ’ਤੇ ਸਥਾਨਕ ਵਪਾਰ, ਖੇਤੀਬਾੜੀ ਉਤਪਾਦਾਂ ਦੀ ਢੋਆ-ਢੁਆਈ ਅਤੇ ਯਾਤਰੀ ਸੇਵਾਵਾਂ ਲਈ ਵਿਛਾਈ ਗਈ ਸੀ। ਬਰਤਾਨਵੀ ਸਰਕਾਰ ਨੇ ਪੰਜਾਬ ਦੇ ਉਪਜਾਊ ਖੇਤਰਾਂ ਤੋਂ ਅਨਾਜ ਅਤੇ ਹੋਰ ਸਮੱਗਰੀ ਨੂੰ ਵੱਡੇ ਸ਼ਹਿਰਾਂ ਤੇ ਬੰਦਰਗਾਹਾਂ ਤੱਕ ਪਹੁੰਚਾਉਣ ਲਈ ਇਸ ਰੇਲਵੇ ਲਾਈਨ ਦਾ ਵਿਸਥਾਰ ਕੀਤਾ। ਇਸ ਦਾ ਮੁੱਖ ਉਦੇਸ਼ ਬਰਤਾਨਵੀ ਸ਼ਾਸਨ ਦੀ ਪਕੜ ਨੂੰ ਮਜ਼ਬੂਤ ਕਰਨਾ ਵੀ ਸੀ। ਇਸ ਦੀ ਭੂਗੋਲਿਕ ਸਥਿਤੀ ਨੇ ਇਸ ਨੂੰ ਰੇਲਵੇ ਸਟੇਸ਼ਨ ਦੀ ਸਥਾਪਨਾ ਲਈ ਅਨੁਕੂਲ ਸਥਾਨ ਬਣਾਇਆ। ਇਹ ਲਾਈਨ ਮੁੱਖ ਤੌਰ ’ਤੇ ਮੀਟਰ ਗੇਜ (1,000 ਮਿਲੀਮੀਟਰ) ’ਤੇ ਵਿਛਾਈ ਗਈ ਸੀ। ਬਾਅਦ ਵਿਚ ਇਸ ਨੂੰ ਬਰੌਡ ਗੇਜ (1,676 ਮਿਲੀਮੀਟਰ) ਵਿਚ ਤਬਦੀਲ ਕਰ ਦਿੱਤਾ ਗਿਆ। ਅੱਜ ਦੇ ਸਮੇਂ ਸੜਕੀ ਆਵਾਜਾਈ ਦੇ ਵਿਕਾਸ ਅਤੇ ਸੜਕ ਮਾਰਗਾਂ ਦੀ ਸੌਖ ਨੇ ਰਾਹੋਂ ਵਰਗੇ ਛੋਟੇ ਸਟੇਸ਼ਨਾਂ ’ਤੇ ਰੇਲਵੇ ਦੀ ਵਰਤੋਂ ਨੂੰ ਪ੍ਰਭਾਵਿਤ ਕੀਤਾ ਹੈ। ਇਲਾਕੇ ਦੇ ਜਾਣਕਾਰ ਪ੍ਰਦੀਪ ਭਨੋਟ ਦੱਸਦੇ ਹਨ ਕਿ ਕੋਰੋਨਾ ਕਾਲ ਤੋਂ ਬਾਅਦ ਇਸ ਸਟੇਸ਼ਨ ’ਤੇ ਕੋਈ ਰੇਲਗੱਡੀ ਨਹੀਂ ਆ ਰਹੀ ਹੈ। ਹਾਲਾਂਕਿ ਭਾਰਤੀ ਰੇਲਵੇ ਨੇ ਪਿਛਲੇ ਕੁਝ ਸਾਲਾਂ ’ਚ ਆਪਣੇ ਨੈੱਟਵਰਕ ਨੂੰ ਅਧੁਨਿਕ ਬਣਾਉਣ ਲਈ ਕਈ ਕਦਮ ਚੁੱਕੇ ਹਨ। 96.59% ਬਰੌਡ-ਗੇਜ ਨੈੱਟਵਰਕ ਦਾ ਬਿਜਲੀਕਰਨ 2024 ਤੱਕ ਪੂਰਾ ਹੋ ਚੁੱਕਾ ਹੈ, ਰਾਹੋਂ ਨੂੰ ਜੋੜਨ ਵਾਲੀ ਲਾਈਨ ਵੀ ਇਸ ਬਿਜਲੀਕਰਨ ਦਾ ਹਿੱਸਾ ਹੈ, ਜਿਸ ਨਾਲ ਇਸ ਦੀ ਸੰਚਾਲਨ ਸਮਰੱਥਾ ਵਿਚ ਸੁਧਾਰ ਹੋਇਆ ਹੈ। ਹਾਲਾਂਕਿ ਇਸ ਦਾ ਪਲੇਟਫਾਰਮ ਵੀ ਨਵਾਂ ਬਣ ਚੁੱਕਾ ਹੈ ਪਰ ਬਿਲਡਿੰਗ ਤੇ ਹੋਰ ਸਹੂਲਤਾਂ ਨਾਂਹ ਦੇ ਬਰਾਬਰ ਹੀ ਹਨ। ਰਾਹੋਂ ਰੇਲਵੇ ਸਟੇਸ਼ਨ ਤੇ ਇਸ ਨਾਲ ਜੁੜੀ ਰੇਲਵੇ ਲਾਈਨ ਪੰਜਾਬ ਦੇ ਰੇਲਵੇ ਇਤਿਹਾਸ ਦਾ ਇਕ ਅਹਿਮ ਹਿੱਸਾ ਹੈ। ਇਸ ਦੀ ਸਥਾਪਨਾ ਨੇ ਸਥਾਨਕ ਅਰਥਵਿਵਸਥਾ ਤੇ ਸਮਾਜ ਨੂੰ ਜੋੜਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ, ਭਾਵੇਂ ਅੱਜ ਇਸ ਦੀ ਵਰਤੋਂ ਨਹੀ ਵੀ ਹੋ ਰਹੀ ਹੈ।

### ਪ੍ਰਸਿੱਧ ਪੰਜ ਤੀਰਥ ਅਸਥਾਨ

ਮਾਛੀਵਾੜਾ ਰੋਡ ਵਾਲੇ ਪਾਸੇ ਪੰਜ ਤੀਰਥ ਸਥਾਨ ਵੀ ਕਾਫ਼ੀ ਪ੍ਰਸਿੱਧ ਹੈ। ਇਹ ਰਮਣੀਕ ਜਗ੍ਹਾ ਹੈ। ਆਲੇ-ਦੁਆਲੇ ਛੋਟੇ ਮੰਦਰ ਤੇ ਵਿਚ ਤਲਾਬ ਬਣਿਆ ਹੋਇਆ ਹੈ। ਇਸ ਦੇ ਇਤਿਹਾਸ ਨੂੰ ਲੈ ਕੇ ਵੀ ਵੱਖ-ਵੱਖ ਰਾਵਾਂ ਹਨ। ਕਹਿੰਦੇ ਹਨ ਕਿ ਇਸ ਨੂੰ ਮਾਛੀਵਾੜੇ ਦੇ ਰਾਜੇ ਰਾਣਾ ਊਦੋ ਨੇ ਬਣਾਇਆ ਸੀ। ਰਾਣਾ ਊਧੋ ਇਕ ਧਰਮ ਨਿਰਪੱਖ ਰਾਜਾ ਸੀ ਤੇ ਇਸ ਜਗ੍ਹਾ ਨਾਲ ਬਣਾਉਣ ਪਿੱਛੇ ਉਸ ਦਾ ਮਕਸਦ ਵੀ ਇਹੀ ਸੀ ਕਿ ਹਿੰਦੂ ਮੁਸਲਮਾਨ ਤੇ ਸਾਰੇ ਲੋਕ ਰਲ-ਮਿਲ ਕੇ ਰਹਿਣ।

### ਧਾਰਮਿਕ ਵਿਰਾਸਤ ਦੇ ਅਨਿੱਖੜਵੇਂ ਅੰਗ

ਰਾਹੋਂ ਦੀਆਂ ਧਾਰਮਿਕ ਥਾਵਾਂ ਸਿਰਫ਼ ਪੂਜਾ ਸਥਾਨ ਹੀ ਨਹੀਂ ਹਨ ਸਗੋਂ ਇਹ ਸੱਭਿਆਚਾਰਕ ਤੇ ਸਮਾਜਿਕ ਸਾਂਝ ਦੀਆਂ ਵੀ ਪ੍ਰਤੀਕ ਹਨ। ਇੱਥੋਂ ਦੇ ਧਾਰਮਿਕ ਸਥਾਨ ਨਾ ਸਿਰਫ਼ ਸਥਾਨਕ ਲੋਕਾਂ ਲਈ ਸਗੋਂ ਦੂਰ-ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਵੀ ਆਸਥਾ ਦੇ ਕੇਂਦਰ ਹਨ। ਇਥੋਂ ਦੀ ਧਾਰਮਿਕ ਵਿਭਿੰਨਤਾ ਇਸ ਨੂੰ ਪੰਜਾਬ ਦੇ ਸਭ ਤੋਂ ਵਿਲੱਖਣ ਸਥਾਨਾਂ ’ਚੋਂ ਇਕ ਬਣਾਉਂਦੀ ਹੈ। ਇਹ ਪ੍ਰਾਚੀਨ ਸ਼ਹਿਰ ਵੱਖ-ਵੱਖ ਧਰਮਾਂ ਦੇ ਅਨੁਯਾਈਆਂ ਦੀ ਸਾਂਝੀ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਹੈ ਅਤੇ ਇਸ ਦੀ ਧਾਰਮਿਕ ਤੇ ਸੱਭਿਆਚਾਰਕ ਵਿਰਾਸਤ ਅਤਿਅੰਤ

**(ਬਾਕੀ ਅਗਲੇ ਸਫੇ ‘ਤੇ)**



## ਭਗਵੰਤ ਮਾਨ ਨੇ ਵਾਪਸ ਲੈ ਹੀ ਲਈ ਲੈਂਡ ਪੂਲਿੰਗ ਪਾਲਿਸੀ

ਪੰਜਾਬ ਸਰਕਾਰ ਨੇ ਆਖ਼ਰਕਾਰ ਆਪਣੀ ਵਿਵਾਦਤ ਲੈਂਡ ਪੂਲਿੰਗ ਪਾਲਿਸੀ ਵਾਪਸ ਲੈ ਲਈ ਹੈ। ਇਹ ਫ਼ੈਸਲਾ ਕਿਸਾਨ ਜਥੇਬੰਦੀਆਂ, ਪ੍ਰਭਾਵਿਤ ਲੋਕਾਂ ਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਤਿੱਖੇ ਵਿਰੋਧ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਟੇਅ ਆਰਡਰ ਤੋਂ ਬਾਅਦ ਆਇਆ ਹੈ। ਭਾਵੇਂ ਇਹ ਦੇਰੀ ਨਾਲ ਲਿਆ ਗਿਆ ਫ਼ੈਸਲਾ ਹੈ ਪਰ ਇਸ ਨੂੰ ਦਰੁਸਤ ਮੰਨਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 14 ਮਈ 2025 ਨੂੰ ਜਾਰੀ ਪਾਲਿਸੀ ਦਾ ਮਕਸਦ ਸੂਬੇ ਵਿਚ ਯੋਜਨਾਬੱਧ ਤੇ ਟਿਕਾਊ ਸ਼ਹਿਰੀਕਰਨ ਨੂੰ ਉਤਸ਼ਾਹਤ ਕਰਨਾ ਸੀ ਪਰ ਇਸ ਨੂੰ ਕਿਸਾਨਾਂ ਤੇ ਜ਼ਮੀਨ ਮਾਲਕਾਂ ਨੇ 'ਜ਼ਮੀਨ ਹੜੱਪਣ ਦੀ ਸਕੀਮ' ਕਰਾਰ ਦਿੱਤਾ ਜਿਸ ਨੇ ਵਿਆਪਕ ਵਿਰੋਧ ਨੂੰ ਜਨਮ ਦਿੱਤਾ। ਇਸ ਪਾਲਿਸੀ ਅਧੀਨ ਸਰਕਾਰ ਦਾ ਇਰਾਦਾ ਲੁਧਿਆਣਾ, ਮੋਹਾਲੀ, ਅੰਮ੍ਰਿਤਸਰ, ਜਲੰਧਰ, ਪਟਿਆਲਾ ਸਣੇ ਵੱਖ-ਵੱਖ ਜ਼ਿਲ੍ਹਿਆਂ 'ਚ 65,000 ਏਕੜ ਤੋਂ ਵੱਧ ਜ਼ਮੀਨ ਨੂੰ ਪੂਲ ਕਰਨ ਦਾ ਸੀ।

ਇਸ ਸਕੀਮ ਅਧੀਨ ਜ਼ਮੀਨ ਮਾਲਕਾਂ ਨੂੰ ਉਨ੍ਹਾਂ ਦੀ ਇਕ ਏਕੜ ਜ਼ਮੀਨ ਦੇ ਬਦਲੇ 1,000 ਵਰਗ ਗਜ਼ ਦਾ ਰਿਹਾਇਸ਼ੀ ਪਲਾਟ ਤੇ 200 ਵਰਗ ਗਜ਼ ਦਾ ਵਪਾਰਕ



ਪਲਾਟ ਵਿਕਸਤ ਜ਼ਮੀਨ 'ਚ ਦਿੱਤਾ ਜਾਣਾ ਸੀ। ਸਰਕਾਰ ਨੇ ਦਾਅਵਾ ਕੀਤਾ ਸੀ ਕਿ ਕਿਸਾਨਾਂ ਤੋਂ ਜ਼ਬਰਦਸਤੀ ਜ਼ਮੀਨ ਨਹੀਂ ਲਈ ਜਾਵੇਗੀ। ਦਰਅਸਲ, ਪਾਲਿਸੀ ਦੀ ਸ਼ੁਰੂਆਤ ਤੋਂ ਹੀ ਇਸ ਦਾ ਸਖ਼ਤ ਵਿਰੋਧ ਸ਼ੁਰੂ ਹੋ ਗਿਆ ਸੀ। ਕਿਸਾਨਾਂ ਤੇ ਜ਼ਮੀਨ ਮਾਲਕਾਂ ਨੂੰ ਖ਼ਦਸ਼ਾ ਸੀ ਕਿ ਇਹ ਜ਼ਮੀਨ 'ਹੜੱਪਣ' ਦੀ ਇਕ ਸਕੀਮ ਸੀ ਜਿਸ ਦਾ ਮੁੱਖ ਫ਼ਾਇਦਾ ਰੀਅਲ ਅਸਟੇਟ ਡਿਵੈਲਪਰਾਂ ਆਦਿ ਨੂੰ ਹੋਣਾ ਸੀ।

ਇਸੇ ਕਾਰਨ 115 ਤੋਂ ਵੱਧ ਪੰਚਾਇਤਾਂ ਨੇ ਇਸ ਸਕੀਮ ਅਧੀਨ ਜ਼ਮੀਨ ਨਾ ਦੇਣ ਦੇ ਪ੍ਰਸਤਾਵ ਪਾਸ ਕੀਤੇ। ਹਾਈ ਕੋਰਟ ਨੇ ਆਪਣੇ 7 ਅਗਸਤ ਦੇ ਆਰਡਰ 'ਚ ਸਪਸ਼ਟ ਕੀਤਾ ਕਿ ਪਾਲਿਸੀ ਨੂੰ 'ਜਲਦਬਾਜ਼ੀ' ਵਿਚ ਜਾਰੀ ਕੀਤਾ ਗਿਆ ਸੀ ਤੇ ਇਸ 'ਚ ਸਮਾਜਿਕ ਤੇ ਵਾਤਾਵਰਨ ਪ੍ਰਭਾਵ ਮੁਲਾਂਕਣ ਦੀ ਘਾਟ ਸੀ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਪਾਲਿਸੀ 'ਚ ਬੇਜ਼ਮੀਨੇ ਮਜ਼ਦੂਰਾਂ ਆਦਿ ਵਰਗਾਂ ਦੇ ਮੁੜ ਵਸੇਬੇ ਲਈ ਕੋਈ ਪ੍ਰਬੰਧ ਨਹੀਂ ਸੀ।

ਹਾਈ ਕੋਰਟ ਨੇ ਪਾਲਿਸੀ 'ਚ ਸਮਾਂ-ਸੀਮਾ ਤੇ ਬਜਟ ਸਬੰਧੀ ਸਪਸ਼ਟਤਾ ਦੀ ਘਾਟ 'ਤੇ ਵੀ ਸਵਾਲ ਚੁੱਕੇ ਸਨ ਤੇ ਸਰਕਾਰ ਨੂੰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ 10 ਸਤੰਬਰ ਤੱਕ ਜਵਾਬ ਦਾਇਰ ਕਰਨ ਦਾ ਸਮਾਂ ਦਿੱਤਾ ਸੀ ਪਰ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਪਾਲਿਸੀ ਨੂੰ ਵਾਪਸ ਲੈ ਲਿਆ। ਹੁਣ ਇਸ ਨੂੰ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਦੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। 'ਆਪ' ਮੁਤਾਬਕ ਜੇ ਕਿਸਾਨ ਤੇ ਲੋਕ ਇਸ ਪਾਲਿਸੀ ਨੂੰ ਸਹੀ ਨਹੀਂ ਸਮਝਦੇ ਤਾਂ ਸਰਕਾਰ ਨੇ ਉਨ੍ਹਾਂ ਦੀ ਭਾਵਨਾ ਦਾ ਸਨਮਾਨ ਕਰਦਿਆਂ ਇਸ ਨੂੰ ਵਾਪਸ ਲੈ ਲਿਆ ਹੈ।

ਪੰਜਾਬ ਦੇ ਇਤਿਹਾਸ 'ਚ ਲੈਂਡ ਪੂਲਿੰਗ ਪਾਲਿਸੀ ਨੂੰ ਵਾਪਸ ਲੈਣਾ ਇਕ ਅਹਿਮ ਘਟਨਾ ਹੈ ਜੋ ਸਰਕਾਰੀ ਨੀਤੀਆਂ 'ਚ ਪਾਰਦਰਸ਼ਤਾ, ਸਲਾਹ-ਮਸ਼ਵਰੇ ਤੇ ਸਮਾਜਿਕ-ਵਾਤਾਵਰਨ ਸਬੰਧੀ ਪ੍ਰਭਾਵਾਂ ਦੇ ਮੁਲਾਂਕਣ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ। ਇਹ ਫ਼ੈਸਲਾ ਨਾ ਸਿਰਫ਼ ਕਿਸਾਨਾਂ ਤੇ ਆਮ ਲੋਕਾਂ ਦੀ ਤਾਕਤ ਨੂੰ ਦਰਸਾਉਂਦਾ ਹੈ ਸਗੋਂ ਸਰਕਾਰਾਂ ਲਈ ਵੀ ਇਕ ਸਬਕ ਹੈ ਕਿ ਵਿਕਾਸ ਦੀਆਂ ਯੋਜਨਾਵਾਂ ਨੂੰ ਸਥਾਨਕ ਸੰਦਰਭ ਤੇ ਲੋਕਾਂ ਦੀਆਂ ਚਿੰਤਾਵਾਂ ਨੂੰ ਧਿਆਨ 'ਚ ਰੱਖ ਕੇ ਤਿਆਰ ਕਰਨਾ ਜ਼ਰੂਰੀ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਸ ਪਾਲਿਸੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਿਆਸੀ ਤੌਰ 'ਤੇ ਨੁਕਸਾਨ ਪਹੁੰਚਾਇਆ ਹੈ ਪਰ ਇਸ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਪੰਜਾਬੀਆਂ, ਖ਼ਾਸ ਤੌਰ 'ਤੇ ਕਿਸਾਨਾਂ ਦੀ ਤਾਕਤ ਅਤੇ ਏਕਾ ਅਜੇ ਵੀ ਅਟੱਲ ਹੈ।

# ਪੰਜਾਬ ਵਿਚ ਇਕ ਹੋਰ ਅਕਾਲੀ ਦਲ

ਸ਼ਤਾਬਦੀ ਹੰਢਾ ਚੁੱਕਿਆ ਸ਼੍ਰੋਮਣੀ ਅਕਾਲੀ ਦਲ ਕਈ ਧੜਿਆਂ ਵਿਚ ਵੰਡਿਆ ਜਾ ਚੁੱਕਾ ਹੈ। ਅਠਾਰਵੀਂ ਸਦੀ ਦੀਆਂ ਮਿਸਲਾਂ ਵਾਂਗ! ਮਿਸਲਾਂ ਦੀ ਖ਼ਾਨਾਜੰਗੀ ਵਾਂਗ ਇਹ ਧੜੇ ਇਕ-ਦੂਜੇ ਨੂੰ ਠਿੱਬੀਆਂ ਮਾਰ ਕੇ ਪੰਥਿਕ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ 'ਚ ਊਰਜਾ ਗੁਆ ਰਹੇ ਹਨ। ਅਠਾਰਵੀਂ ਸਦੀ ਦੇ ਅੰਤਲੇ ਸਾਲਾਂ ਤੇ ਉੱਨੀਵੀਂ ਸਦੀ ਦੀ ਸ਼ੁਰੂਆਤ 'ਚ ਸਿੱਖ ਮਿਸਲਾਂ ਆਪਣੀ ਪ੍ਰਭੂਸੱਤਾ, ਹੱਦਬੰਦੀ ਤੇ ਸਰੋਤਾਂ ਨੂੰ ਹਾਸਲ ਕਰਨ ਲਈ ਆਪਸ 'ਚ ਲੜਦੇ-ਭਿੜਦੇ ਰਹਿੰਦੇ ਸਨ। ਸ਼ੁਕਰਚੱਕੀਆ ਮਿਸਲਦਾਰ ਰਣਜੀਤ ਸਿੰਘ ਦੂਜੀਆਂ ਗਿਆਰਾਂ ਮਿਸਲਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਕੇ ਮਹਾਰਾਜਾ ਬਣ ਗਿਆ।

ਖ਼ਾਲਸਾ ਪੰਥ ਦੀ 1699 'ਚ ਹੋਈ ਸਾਜਨਾ ਦੀ ਸ਼ਤਾਬਦੀ ਤੋਂ ਬਾਅਦ ਹੀ ਸਿੱਖਾਂ/ਪੰਜਾਬੀਆਂ ਨੂੰ ਰਾਜ-ਭਾਗ ਨਸੀਬ ਹੋ ਗਿਆ ਸੀ। ਆਹ-ਲੂਵਾਲੀਆ, ਭੰਗੀ, ਕਨਹੀਆ, ਨਕਈ, ਰਾਮਗੜ੍ਹੀਆ, ਸ਼ੁਕਰਚੱਕੀਆ, ਕਰੋੜਸਿੰਗੀਆ, ਫੂਲਕੀਆ, ਨਿਸ਼ਾਨਵਾਲੀਆ, ਡੱਲੇਵਾਲੀਆ ਤੇ ਫ਼ੈਜ਼ਲਪੁਰੀਆ ਮਿਸਲਾਂ ਦੇ ਜਥੇਦਾਰ ਇਕ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਏ ਤਾਂ ਸਿੱਖ ਸਾਮਰਾਜ ਦੀਆਂ ਹੱਦਾਂ ਦੂਰ-ਦੂਰ ਤੱਕ ਫੈਲ ਗਈਆਂ ਸਨ। ਸ਼ੇਰ-ਏ-ਪੰਜਾਬ ਦੇ ਚੜ੍ਹਾਈ ਕਰਨ ਤੋਂ ਬਾਅਦ ਇਹੀ ਸਾਮਰਾਜ ਢਹਿ-ਢੇਰੀ ਹੋ ਗਿਆ। ਸੱਤਾ ਦੇ ਲੋਭੀਆਂ ਦੀ ਬੁਰਛਾਗਰਦੀ ਨੇ ਬ੍ਰਿਟਿਸ਼ ਸਾਮਰਾਜ ਲਈ ਰਾਹ ਮੋਕਲਾ ਕੀਤਾ ਸੀ। ਇਤਿਹਾਸ ਆਪਣੇ-ਆਪ ਨੂੰ ਦੁਹਰਾਅ ਰਿਹਾ ਜਾਪਦਾ ਹੈ। ਅਕਾਲੀ ਦਲ ਦੇ ਇੰਨੇ ਕੁ ਧੜੇ ਬਣ ਚੁੱਕੇ ਹਨ ਜਿਨ੍ਹਾਂ ਨੂੰ ਯਾਦ ਰੱਖਣਾ ਵੀ ਮੁਸ਼ਕਲ ਹੈ। ਕਿਹੜਾ ਨਵਾਂ ਅਕਾਲੀ ਦਲ ਕਦੋਂ ਹੋਂਦ 'ਚ ਆਇਆ ਤੇ ਕਦੋਂ ਖ਼ਤਮ ਹੋਇਆ, ਇਸ ਦਾ ਹਿਸਾਬ ਲਾਉਣਾ ਵੀ ਮੁਸ਼ਕਲ ਹੈ। ਸਾਰੇ ਧੜੇ ਆਪਣੇ ਅਕਾਲੀ ਦਲ ਨੂੰ 'ਸ਼੍ਰੋਮਣੀ' ਲਿਖ ਰਹੇ ਹਨ। ਵੇਖਿਆ ਜਾਵੇ ਤਾਂ 'ਸ਼੍ਰੋਮਣੀ' ਤਾਂ ਮੁੱਖਧਾਰਾ ਵਾਲੀ ਜਮਾਤ ਨੂੰ ਹੀ ਲਿਖਣਾ ਉਚਿਤ ਹੁੰਦਾ ਹੈ। ਸਾਰੇ ਹੀ 'ਸਰਦਾਰ' ਹੋਣ ਤਾਂ ਸੈਨਾ ਦਾ ਹਸ਼ਰ ਕੰਧ 'ਤੇ ਲਿਖਿਆ ਹੁੰਦਾ ਹੈ। ਨਾਨਕ ਨਾਮਲੇਵਾ ਇਕ ਨਿਸ਼ਾਨ ਥੱਲੇ ਹੋਣ ਤਾਂ ਹੀ ਉਸ ਨੂੰ ਪੰਥ ਕਿਹਾ ਜਾ ਸਕਦਾ ਹੈ। ਖੱਖੜੀ-ਖੱਖੜੀ ਸ਼ਕਤੀ ਝੰਡਿਆਂ ਨੂੰ ਬੁਲੰਦ ਰੱਖਣ ਤੋਂ ਅਸਮਰੱਥ ਹੁੰਦੀ ਹੈ। ਇਕ ਸੌ ਪੰਜ ਸਾਲ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਖਧਾਰਾ ਤੋਂ ਟੁੱਟ ਕੇ ਇਕ ਹੋਰ ਨਵਾਂ ਅਕਾਲੀ ਦਲ ਬਣਨ ਜਾ ਰਿਹਾ ਹੈ।

ਦਰਅਸਲ, ਦੇਸ਼ ਤੇ ਕੌਮ ਲਈ ਲਹੂ-ਵੀਟਵੀਂ ਲੜਾਈ ਲੜਨ ਵਾਲਾ ਅਕਾਲੀ ਦਲ ਇਸ ਦੀ ਹੋਂਦ ਦੇ ਚਾਰ ਦਹਾਕਿਆਂ ਬਾਅਦ ਹੀ ਧੜੇਬੰਦੀ ਦਾ ਸ਼ਿਕਾਰ ਹੋ ਗਿਆ ਸੀ। ਸੱਠਵਿਆਂ ਦੇ ਸ਼ੁਰੂ ਤੱਕ ਮਾਸਟਰ ਤਾਰਾ ਸਿੰਘ ਦੇ ਹੱਥਾਂ 'ਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਮਾਨ ਰਹੀ। ਦੇਸ਼ ਦੀ ਵੰਡ ਤੋਂ ਪਹਿਲਾਂ ਵੀ ਉਹ ਸਿੱਖਾਂ ਦੇ ਦਿਲਾਂ 'ਤੇ ਰਾਜ ਕਰਦੇ ਸਨ। ਸੰਨ 1962 'ਚ ਸੰਤ ਫ਼ਤਿਹ ਸਿੰਘ ਦੇ ਉਭਾਰ ਨਾਲ ਪੰਥ 'ਚ ਦਰਾੜ ਪੈਣੀ ਸ਼ੁਰੂ ਹੋ ਗਈ। ਦੂਜਾ ਧੜਾ ਸੰਤ ਚੰਨਣ ਸਿੰਘ ਦਾ ਸੀ। ਸਮੇਂ ਦੀਆਂ ਸਰਕਾਰਾਂ ਨੇ ਪੰਥ ਨੂੰ ਖੰਡ-ਖੰਡ ਕਰਨ ਲਈ ਹਰ ਹਰਬਾ ਵਰਤਿਆ।

ਪੰਜਾਬੀ ਸੂਬਾ ਮੋਰਚੇ ਵੇਲੇ ਪੰਥ ਪੂਰੇ ਜੋਸ਼ ਨਾਲ ਲੜਿਆ, ਭਾਵੇਂ ਲੀਡਰਸ਼ਿਪ 'ਚ ਪੂਰਾ ਇਤਫ਼ਾਕ ਨਹੀਂ ਸੀ। ਸੰਤ ਫ਼ਤਿਹ ਸਿੰਘ ਨੇ 1966 'ਚ ਅਕਾਲ ਤਖ਼ਤ 'ਤੇ ਅਗਨੀ-ਕੁੰਡ ਬਣਾ ਲਿਆ ਸੀ। ਉਨ੍ਹਾਂ ਨੇ ਕੇਂਦਰ ਨੂੰ ਧਮਕੀ ਦਿੱਤੀ ਸੀ ਕਿ ਜੇ ਦਸੰਬਰ ਤੱਕ ਪੰਜਾਬੀ ਸੂਬਾ ਨਾ ਬਣਿਆ ਤਾਂ ਉਹ ਅਗਨੀ-ਕੁੰਡ 'ਚ ਬੈਠ ਕੇ ਆਤਮਦਾਹ ਕਰ ਲੈਣਗੇ। ਮਰਨ ਵਰਤ ਦੀ ਅਰਦਾਸ ਪੂਰੀ ਨਾ ਹੋਈ ਤਾਂ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹਾਦਤ ਦੇ ਕੇ ਕੇਂਦਰ ਸਰਕਾਰ ਦੀਆਂ ਚੂਲਾਂ ਹਿਲਾਈਆਂ।

ਸੱਤਰਵਿਆਂ 'ਚ ਪ੍ਰਕਾਸ਼ ਸਿੰਘ ਬਾਦਲ ਅਕਾਲੀ ਨੇਤਾ ਵਜੋਂ ਉੱਭਰੇ ਤੇ ਮੁੱਖ ਮੰਤਰੀ ਬਣੇ। ਇਕ ਸੌ ਪੰਜ ਸਾਲਾਂ 'ਚ ਬਹੁਤਾ ਸਮਾਂ ਅਕਾਲੀ ਦਲ ਦੀ ਪ੍ਰਧਾਨਗੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਫ਼ਰਜ਼ੰਦ ਸੁਖਬੀਰ ਸਿੰਘ ਬਾਦਲ ਕੋਲ ਰਹੀ ਹੈ। ਪਰਿਵਾਰ ਦਾ ਲੰਬਾ ਸਮਾਂ ਕਬਜ਼ਾ ਹੋਣ ਕਾਰਨ ਟਕਸਾਲੀ ਨੇਤਾਵਾਂ ਵਿਚ ਨਾਰਾਜ਼ਗੀ ਵਧਣੀ ਸ਼ੁਰੂ ਹੋ ਗਈ। ਸੰਨ 1978 ਦੇ ਸਿੱਖ-ਨਿਰੰਕਾਰੀ ਕਾਂਡ ਵੇਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਸਨ। ਸੁਖਬੀਰ ਉਦੋਂ ਤਸਵੀਰ 'ਚ ਨਹੀਂ ਸਨ।

ਸੰਨ 1982 ਦੇ ਧਰਮ ਯੁੱਧ ਮੋਰਚੇ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਮੋਰਚਾ ਡਿਕਟੇਟਰ ਸਨ। ਜੂਨ ਚੁਰਾਸੀ ਦੇ ਸਾਕਾ ਨੀਲਾ ਤਾਰਾ ਤੋਂ ਬਾਅਦ ਲੌਂਗੋਵਾਲ, ਬਾਦਲ ਤੇ ਟੌਹੜਾ ਸਣੇ ਅਣਗਿਣਤ ਅਕਾਲੀ ਨੇਤਾ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਇਸ ਤੋਂ ਬਾਅਦ ਸੁਰਜੀਤ ਸਿੰਘ ਬਰਨਾਲਾ ਨੇ ਸੰਤ ਲੌਂਗੋਵਾਲ 'ਤੇ ਪੱਟੂ ਪਾ ਲਿਆ। ਬਰਨਾਲਾ ਤੇ ਬਲਵੰਤ ਸਿੰਘ ਦੀ ਜੋੜੀ ਨੇ ਸੰਤ ਲੌਂਗੋਵਾਲ ਨੂੰ ਵਰਗਲਾ ਕੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ 24 ਜੁਲਾਈ 1985 ਨੂੰ 'ਪੰਜਾਬ ਸਮਝੌਤਾ' ਕਰਵਾ ਲਿਆ।

ਚੋਣਾਂ ਹੋਈਆਂ ਤੇ ਬਰਨਾਲਾ ਮੁੱਖ ਮੰਤਰੀ ਬਣ ਗਏ। ਪੰਜਾਬ ਸਮਝੌਤਾ ਆਪਣੀ ਮੌਤੇ ਮਰ ਗਿਆ ਤਾਂ ਬਰਨਾਲਾ ਵੀ ਸਿੱਖ ਸਿਆਸਤ 'ਚੋਂ ਮਨਫ਼ੀ ਹੋਣੇ ਸ਼ੁਰੂ ਹੋ ਗਏ। ਜੇਲ੍ਹ 'ਚ ਬੈਠੇ ਸਿਮਰਨਜੀਤ ਸਿੰਘ ਮਾਨ ਪੰਥ ਦੇ ਨਵੇਂ ਲੀਡਰ ਬਣ ਗਏ ਤੇ ਉਨ੍ਹਾਂ ਦੀ ਕਮਾਂਡ ਹੇਠ ਅਕਾਲੀ ਦਲ ਨੇ 1989 ਦੀਆਂ ਲੋਕ ਸਭਾ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕੀਤੀ। ਬਾਦਲ, ਬਰਨਾਲਾ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਅਕਸ ਧੁੰਦਲਾ ਪੈ ਚੁੱਕਾ ਸੀ। ਖ਼ੈਰ, ਕਿਰਪਾਨ ਦੇ ਮੁੱਦੇ 'ਤੇ ਮਾਨ ਅਤੇ ਉਨ੍ਹਾਂ ਦੇ ਸਾਥੀ ਪਾਰਲੀਮੈਂਟ ਦੀਆਂ ਪੌੜੀਆਂ ਨਾ ਚੜ੍ਹੇ। ਬਾਦਲ ਧੜੇ ਦਾ ਫਿਰ ਦਾਅ ਲੱਗ ਗਿਆ। ਸੰਨ 1996 ਤੋਂ 2008 ਤੱਕ ਉਹ 12 ਸਾਲ ਤੱਕ ਅਕਾਲੀ ਦਲ ਦੇ ਪ੍ਰਧਾਨ ਰਹੇ ਤੇ ਉਹ 1997 'ਚ ਮੁੜ ਮੁੱਖ ਮੰਤਰੀ ਬਣ ਗਏ। ਆਦਮਪੁਰ ਦੀ ਵਿਧਾਨ ਸਭਾ ਸੀਟ ਮਹਿਜ਼ ਛੇ ਵੋਟਾਂ ਦੇ ਫ਼ਰਕ ਨਾਲ ਹਾਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਮਸ਼ਵਰਾ ਦਿੱਤਾ ਕਿ ਬਾਦਲ ਨੂੰ ਅਕਾਲੀ ਦਲ ਦਾ ਕੋਈ ਹੋਰ ਐਕਟਿੰਗ ਪ੍ਰਧਾਨ ਬਣਾ ਦੇਣਾ ਚਾਹੀਦਾ ਹੈ।

ਇਸ ਤੋਂ ਬਾਅਦ ਟੌਹੜਾ ਖ਼ਿਲਾਫ਼ ਜਹਾਦ ਖੜ੍ਹਾ ਹੋ ਗਿਆ ਤਾਂ ਉਨ੍ਹਾਂ ਨੇ ਸਰਬ ਹਿੰਦ ਅਕਾਲੀ ਦਲ ਬਣਾ ਲਿਆ। ਚੋਣਾਂ 'ਚ ਬਾਦਲ ਦਲ ਨੂੰ ਖੋਰਾ ਲੱਗਿਆ ਤਾਂ ਪੰਥਕ ਏਕਤਾ ਦਾ ਪਾਠ ਪੜ੍ਹਿਆ ਜਾਣ ਲੱਗਾ। ਆਖ਼ਰ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ, ਬਾਦਲ ਦਲ 'ਚ ਮਿਲ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸ਼੍ਰੋਮਣੀ ਅਕਾਲੀ ਦਲ (1920), ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੈਟਿਕ) ਆਦਿ ਕਈ ਅਕਾਲੀ ਦਲ ਬਣੇ। ਬਹੁਤੇ ਧੜੇ ਪੂਛਲ ਵਾਲੇ ਤਾਰਿਆਂ ਜਿੰਨੀ ਅਉਧ ਹੀ ਹੰਢਾ ਸਕੇ। ਅੱਜ ਹਾਲਾਤ ਇਹ ਹਨ ਕਿ ਤਮਾਮ ਅਕਾਲੀ ਧੜੇ 'ਜ਼ਮਾਨਤਾਂ ਜ਼ਬਤ ਕਰਵਾਉਣ ਵਾਲੇ ਅਕਾਲੀ ਦਲ' ਵਜੋਂ ਹੀ ਜਾਣੇ ਜਾਂਦੇ ਹਨ।

ਕਈਆਂ ਨੂੰ ਤਾਂ 'ਨੋਟਾ' ਤੋਂ ਵੀ ਘੱਟ ਵੋਟਾਂ ਮਿਲਦੀਆਂ ਹਨ। ਸ਼੍ਰੋਮਣੀ ਕਮੇਟੀ 'ਤੇ ਕਾਬਿਜ਼ ਅਕਾਲੀ ਦਲ ਦੇ ਉਮੀਦਵਾਰਾਂ ਦੀਆਂ ਵੀ ਜ਼ਮਾਨਤਾਂ ਜ਼ਬਤ ਹੋ ਰਹੀਆਂ ਹਨ। ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸੁਣਾਏ ਗਏ ਹੁਕਮਨਾਮੇ ਤੋਂ ਬਾਅਦ ਧੜਿਆਂ 'ਚ ਤਕਸੀਮ ਅਕਾਲੀ ਦਲ ਦੀ ਏਕਤਾ ਹੋਣ ਦੇ ਆਸਾਰ ਬੱਝੇ ਸਨ। ਅਫ਼ਸੋਸ! ਹੁਕਮਨਾਮੇ 'ਤੇ ਦਸਤਖ਼ਤ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਫ਼ਾਰਗ ਕਰ ਦਿੱਤਾ ਗਿਆ।

ਖ਼ਾਲਸਾ ਪੰਥ ਦੀ 1999 'ਚ ਆਈ ਤ੍ਰੈਸ਼ਤਾਬਦੀ ਵੇਲੇ ਤੋਂ ਅਕਾਲ ਤਖ਼ਤ ਦੇ ਜਥੇਦਾਰਾਂ ਦੀ ਹੈਸੀਅਤ ਨੂੰ ਨੀਵਾਂ ਦਿਖਾਉਣ ਲਈ ਚਾਰਾਜੋਈਆਂ ਹੁੰਦੀਆਂ ਰਹੀਆਂ ਹਨ। ਇਹ ਵੀ ਵਿਡੰਬਣਾ ਹੈ ਕਿ ਤਨਖ਼ਾਹਾਂ ਲਾਉਣ ਵਾਲੇ ਕਈ ਜਥੇਦਾਰਾਂ ਨੂੰ ਕੇਵਲ ਤਨਖ਼ਾਹੀਆ ਹੀ ਕਰਾਰ ਨਹੀਂ ਦਿੱਤਾ ਗਿਆ ਸਗੋਂ ਰਾਗੀ ਦਰਸ਼ਨ ਸਿੰਘ ਵਰਗਿਆਂ ਨੂੰ ਪੰਥ 'ਚੋਂ ਹੀ ਛੇਕਣ ਦੇ ਹੁਕਮਨਾਮੇ ਜਾਰੀ ਕੀਤੇ ਗਏ ਹਨ। ਸਿਰਸਾ ਡੇਰਾ ਮੁਖੀ ਰਾਮ ਰਹੀਮ ਨੂੰ ਮਾਫ਼ੀ ਦੇਣ ਤੇ ਫਿਰ ਹੁਕਮਨਾਮਾ ਵਾਪਸ ਲੈਣ ਵਾਲੇ ਆਦੇਸ਼ ਨੇ ਜਥੇਦਾਰਾਂ ਦੇ ਅਕਸ ਨੂੰ ਵੀ ਧੁੰਦਲਾ ਕੀਤਾ ਹੈ। ਦਾਗ਼ੀ ਤੇ ਬਾਗ਼ੀ ਕੇਵਲ ਅਕਾਲੀ ਧੜਿਆਂ ਦੇ ਮੁਖੀ ਹੀ ਨਹੀਂ, ਤਖ਼ਤਾਂ ਦੇ ਕਈ ਜਥੇਦਾਰ ਵੀ ਹਨ। ਸਿੱਖ ਸਟੂਡੈਂਟਸ ਫੈਡਰੇਸ਼ਨਾਂ ਵੀ ਕਈ ਧੜਿਆਂ 'ਚ ਵੰਡੀਆਂ ਮਿਲਦੀਆਂ ਹਨ। ਕਈ ਧੌਲ-ਦਾੜ੍ਹੀਏ ਹਾਲੇ ਤੱਕ 'ਵਿਦਿਆਰਥੀ ਨੇਤਾ' ਚੱਲੇ ਆ ਰਹੇ ਹਨ।

ਤਰਾਜ਼ੂ ਜਦੋਂ ਧਰਮ-ਗੁਰੂਆਂ ਦੇ ਹੱਥ 'ਚ ਸੀ ਤਾਂ ਇਹ 'ਤੇਰਾ-ਤੇਰਾ' ਤੋਲਦਾ ਸੀ। ਸਿਆਸਤਦਾਨਾਂ ਦੇ ਹੱਥ ਆਈ 'ਤੱਕੜੀ' ਨੇ 'ਮੇਰਾ-ਮੇਰਾ' ਤੋਲਣਾ ਸ਼ੁਰੂ ਕੀਤਾ ਤਾਂ ਪੰਥ ਰਸਾਤਲ ਵੱਲ ਜਾਣਾ ਸ਼ੁਰੂ ਹੋ ਗਿਆ। ਸੱਤਾ 'ਚ ਬਣੇ ਰਹਿਣਾ ਉਨ੍ਹਾਂ ਦਾ ਇਕਲੌਤਾ ਮੰਤਵ ਬਣ ਗਿਆ। ਗਿਰਗਿਟ ਤੋਂ ਵੀ ਪਹਿਲਾਂ ਰੰਗ ਬਦਲ ਲੈਣਾ ਉਨ੍ਹਾਂ ਦੇ ਕਿਰਦਾਰ ਦਾ ਹਿੱਸਾ ਬਣ ਗਿਆ। ਇਸੇ ਲਈ ਖ਼ੁਦ ਨੂੰ ਟਕਸਾਲੀ ਅਖਵਾਉਣ ਵਾਲੇ ਕਈ ਨੇਤਾ ਪਾਰਟੀਆਂ ਬਦਲਦੇ ਆਏ ਹਨ ਤੇ ਹਰ ਸਿਆਸੀ ਪਾਰਟੀ 'ਚ ਪਾਏ ਜਾਂਦੇ ਹਨ।

# ਸਭਿਆਤਾਵਾਂ ਦੇ ਪਤਨ ਅਤੇ ਮੁੜ ਉਭਾਰ ਦਾ ਗਵਾਹ ਹੈ ਪੁਰਾਤਨ ਕਸਬਾ ਰਾਹੋਂ

**(ਸਫਾ 16 ਦੀ ਬਾਕੀ)**

ਸੰਘਣੀ ਅਤੇ ਪ੍ਰਭਾਵਸ਼ਾਲੀ ਹੈ। ਅਸਲ ਵਿਚ ਸਤਲੁਜ ਦਰਿਆ ਦੀ ਸੁੰਦਰਤਾ ਨੇ ਇਸ ਨੂੰ ਧਾਰਮਿਕ ਸਰਗਰਮੀਆਂ ਦਾ ਕੇਂਦਰ ਬਣਾਇਆ। ਭੂਗੋਲਿਕ ਸਥਿਤੀ ਕਾਰਨ ਇਹ ਧਾਰਮਿਕ ਮਾਰਗਾਂ ਦਾ ਸੰਗਮ ਸਥਾਨ ਰਿਹਾ। ਸਮਰਾਟ ਅਸ਼ੋਕ ਦੇ ਸਮੇਂ ਇਸ ਸ਼ਹਿਰ ਨੇ ਬੁੱਧ ਧਰਮ ਦਾ ਪ੍ਰਭਾਵ ਕਬੂਲਿਆ। ਸੂਰਜ ਕੁੰਡ ਮੰਦਰ ਵਰਗੇ ਵਡੇ ਧਾਰਮਿਕ ਸਥਾਨ ਇਸ ਸ਼ਹਿਰ ਨੂੰ ਵੱਡਾ ਅਧਿਆਤਮਿਕ ਕੇਂਦਰ ਬਣਾਉਂਦੇ ਹਨ। ਇਹ ਸਥਾਨ ਨਾ ਸਿਰਫ਼ ਸ਼ਰਧਾਲੂਆਂ ਲਈ ਪ੍ਰੇਰਨਾ ਦਾ ਸੋਮਾ ਹਨ ਸਗੋਂ ਸੈਲਾਨੀਆਂ ਨੂੰ ਵੀ ਇਤਿਹਾਸ ਤੇ ਸੱਭਿਆਚਾਰ ਦੀ ਇਕ ਅਨੋਖੀ ਝਲਕ ਪ੍ਰਦਾਨ ਕਰਦੇ ਹਨ। ਇਹ ਧਾਰਮਿਕ ਥਾਵਾਂ ਸਾਨੂੰ ਸਿਖਾਉਂਦੀਆਂ ਹਨ ਕਿ ਵਿਭਿੰਨਤਾ ਹੀ ਸਾਡੀ ਤਾਕਤ ਹੈ ਅਤੇ ਸਹਿਣਸ਼ੀਲਤਾ ਤੇ ਸਾਂਝ ਦਾ ਸੁਨੇਹਾ ਸਾਰੇ ਧਰਮਾਂ ਦਾ ਮੂਲ ਅਧਾਰ ਹੈ।

### ਸੂਫ਼ੀ ਸੰਤਾਂ ਦੀਆਂ ਯਾਦਾਂ ਨਾਲ ਜੁੜਿਆ ਕਸਬਾ

ਕਸਬਾ ਸਿੱਖ ਇਤਿਹਾਸ ਤੇ ਸੂਫ਼ੀ ਸੰਤਾਂ ਦੀਆਂ ਯਾਦਾਂ ਨਾਲ ਵੀ ਜੁੜਿਆ ਹੋਇਆ ਹੈ। ਸਿੱਖ ਗੁਰੂਆਂ ਨਾਲ ਇੱਥੋਂ ਦਾ ਡੂੰਘਾ ਸਬੰਧ ਰਿਹਾ ਹੈ, ਜਿਸ ਕਾਰਨ ਇੱਥੇ ਸਥਿਤ ਗੁਰਦੁਆਰੇ ਤੇ ਹੋਰ ਧਾਰਮਿਕ ਸਥਾਨ ਸ਼ਰਧਾਲੂਆਂ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਗੁਰਦੁਆਰਾ ਸਤਿਕਰਤਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਇਸ ਸਥਾਨ 'ਤੇ ਕੁਝ ਸਮਾਂ ਬਿਤਾਇਆ ਸੀ ਤੇ ਇੱਥੇ ਸੰਗਤ ਨੂੰ ਉਪਦੇਸ਼ ਦਿੱਤੇ ਸਨ। ਗੁਰਦੁਆਰੇ ਵਿਚ ਸਾਲ ਭਰ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਹੈ, ਖ਼ਾਸ ਤੌਰ 'ਤੇ ਵਿਸਾਖੀ ਤੇ ਗੁਰਪੁਰਬਾਂ ਦੇ ਮੌਕੇ 'ਤੇ। ਸਥਾਨਕ ਗੁਰਦੁਆਰਿਆਂ, ਜਿਵੇਂ ਕਿ ਗੁਰਦੁਆਰਾ ਹਰੀ ਸਿੰਘ ਨਲਵਾ ਨੇ ਸਿੱਖ ਸਮਾਜ ਦੀ ਰੂਹਾਨੀ ਤੇ ਸਮਾਜਿਕ ਜੀਵਨ ਵਿਚ ਅਹਿਮ ਭੂਮਿਕਾ ਨਿਭਾਈ। ਮਹਾਰਾਜਾ ਰਣਜੀਤ ਸਿੰਘ ਵੇਲੇ ਇੱਥੇ ਸਿੱਖ ਧਰਮ ਦੀਆਂ ਜੜ੍ਹਾਂ ਡੂੰਘੀਆਂ ਹੋਈਆਂ। ਮੁਗ਼ਲਾਂ ਸਮੇਂ ਸ਼ਹਿਰ ਨੇ ਸੂਫ਼ੀ ਸੰਤਾਂ ਦੇ ਪ੍ਰਭਾਵ ਨੂੰ ਵੀ ਦੇਖਿਆ, ਜਿਨ੍ਹਾਂ ਨੇ ਇਸਲਾਮ ਦੇ ਪ੍ਰਚਾਰ 'ਚ ਅਹਿਮ ਭੂਮਿਕਾ ਨਿਭਾਈ। ਇੱਥੇ ਕਈ ਸੂਫ਼ੀ ਸੰਤਾਂ ਦੀਆਂ ਦਰਗਾਹਾਂ ਹਨ, ਜੋ ਸਾਂਝੀ ਵਿਰਾਸਤ ਦੀਆਂ ਪ੍ਰਤੀਕ ਹਨ। ਇਹ ਦਰਗਾਹਾਂ ਸੂਫ਼ੀ ਸੰਤਾਂ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਹਨ, ਜਿਨ੍ਹਾਂ ਨੇ ਪਿਆਰ, ਸ਼ਾਂਤੀ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ।

### ਹਿੰਦੂ ਭਾਈਚਾਰੇ ਦੀ ਆਸਥਾ ਦੇ ਧਾਮ

ਸੁਰਿੰਦਰ ਮੋਹਨ ਜੋਸ਼ੀ ਦੱਸਦੇ ਹਨ ਕਿ ਇੱਥੋਂ ਦੇ ਮੰਦਰ ਸਥਾਨਕ ਹਿੰਦੂ ਭਾਈਚਾਰੇ ਦੀ ਆਸਥਾ ਦਾ ਕੇਂਦਰ ਹਨ। ਅੱਜ ਵੀ ਇੱਥੇ 100 ਤੋਂ ਵੱਧ ਮੰਦਰ ਸਥਿਤ ਹਨ। ਇਨ੍ਹਾਂ 'ਚੋਂ ਕੁਝ ਮੰਦਰ ਪੌਰਾਣਿਕ ਕਥਾਵਾਂ ਤੇ ਇਤਿਹਾਸਕ ਘਟਨਾਵਾਂ ਨਾਲ ਜੁੜੇ ਹੋਏ ਹਨ। ਮੌਜੂਦਾ ਸਮੇਂ ਇੱਥੋਂ ਦੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਪ੍ਰਬੰਧਨ 'ਚ ਕਈ ਚੁਣੌਤੀਆਂ ਹਨ। ਵਧਦੇ ਸ਼ਹਿਰੀਕਰਨ ਤੇ ਆਰਥਿਕ ਦਬਾਅ ਕਾਰਨ ਇਨ੍ਹਾਂ ਸਥਾਨਾਂ ਦੀ ਇਤਿਹਾਸਕ ਤੇ ਸੱਭਿਆਚਾਰਕ ਵਿਰਾਸਤ ਨੂੰ ਬਚਾਉਣਾ ਮੁਸ਼ਕਲ ਹੋ ਰਿਹਾ ਹੈ। ਰਾਹੋਂ ਦੇ ਇਹ ਧਾਰਮਿਕ ਸਥਾਨ ਪੰਜਾਬ ਦੀ ਅਮੀਰ ਵਿਰਾਸਤ ਤੇ ਸਾਂਝੇ ਸੱਭਿਆਚਾਰ ਦਾ ਜੀਵੰਤ ਪ੍ਰਤੀਕ ਹਨ।

### ਸਾਰੇ ਧਰਮਾਂ ਦੀ ਏਕਤਾ ਦਾ ਪ੍ਰਤੀਕ ਕਿਰਪਾਲ ਸਾਗਰ

ਰਾਹੋਂ ਦੇ ਨੇੜੇ ਪਿੰਡ ਦਰੀਆਪੁਰ ਵਿਚ ਸਥਿਤ ਕਿਰਪਾਲ ਸਾਗਰ ਇਕ ਅਜਿਹਾ ਧਾਰਮਿਕ ਸਥਾਨ ਹੈ ਜੋ ਸਾਰੇ ਧਰਮਾਂ ਦੀ ਏਕਤਾ ਦਾ ਪ੍ਰਤੀਕ ਹੈ। ਇਸ ਸਥਾਨ 'ਤੇ ਚਾਰ ਮੁੱਖ ਧਰਮਾਂ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈਆਂ ਦੇ ਪੂਜਾ ਸਥਾਨਾਂ ਨੂੰ ਇਕ ਅੰਡੇ ਦੇ ਆਕਾਰ ਦੇ ਪੁਲ ਦੇ ਚਾਰ ਕੋਨਿਆਂ 'ਤੇ ਸਥਾਪਤ ਕੀਤਾ ਗਿਆ ਹੈ। ਇਸ ਦਾ ਕੇਂਦਰੀ ਪਿਰਾਮਿਡ ਸਾਰੇ ਧਰਮਾਂ ਦੀ ਸਾਂਝੀ ਵਿਰਾਸਤ ਨੂੰ ਦਰਸਾਉਂਦਾ ਹੈ। ਇਸ ਦੀ ਸਥਾਪਨਾ ਮਨੁੱਖੀ ਏਕਤਾ ਅਤੇ ਸਰਬ-ਧਰਮ ਸਹਿਣਸ਼ੀਲਤਾ ਦੇ ਸੁਨੇਹੇ ਨੂੰ ਫੈਲਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ।

### ਮਹਾਭਾਰਤ ਕਾਲ ਦਾ ਸੂਰਜ ਕੁੰਡ ਮੰਦਰ

ਰਾਹੋਂ ਦੀਆਂ ਸਭ ਤੋਂ ਮਹੱਤਵਪੂਰਨ ਧਾਰਮਿਕ ਥਾਵਾਂ 'ਚੋਂ ਇਕ ਹੈ ਸੂਰਜ ਕੁੰਡ ਮੰਦਰ। ਇਹ ਮੰਦਰ ਰਾਹੋਂ ਦੇ ਦੱਖਣੀ ਹਿੱਸੇ ਵਿਚ ਸਥਿਤ ਹੈ ਅਤੇ ਇਸ ਦਾ ਸਬੰਧ ਮਹਾਭਾਰਤ ਕਾਲ ਨਾਲ ਮੰਨਿਆ ਜਾਂਦਾ ਹੈ। ਮਿਥਿਹਾਸਕ ਕਥਾਵਾਂ ਅਨੁਸਾਰ ਪੂਰੇ ਭਾਰਤ ਵਿਚ ਸਿਰਫ਼ ਢਾਈ ਸੂਰਜ ਕੁੰਡ ਹਨ, ਜਿਨ੍ਹਾਂ 'ਚੋਂ ਇੱਕ ਰਾਹੋਂ ਵਿਚ, ਇਕ ਕੁਰੂਕਸ਼ੇਤਰ (ਹਰਿਆਣਾ) ਵਿਚ ਅਤੇ ਅੱਧਾ ਕੁੰਡ ਹਰਿਦੁਆਰ ਵਿਚ 'ਭੀਮ ਦਾ ਗੋਡਾ' ਨੇੜੇ ਸਥਿਤ ਹੈ। ਇਹ ਮੰਦਰ ਸੂਰਜ ਦੇਵਤਾ ਨੂੰ ਸਮਰਪਿਤ ਹੈ ਅਤੇ ਸ਼ਰਧਾਲੂਆਂ 'ਚ ਇਸ ਦੀ ਵਿਸ਼ੇਸ਼ ਮਹੱਤਤਾ ਹੈ। ਸੂਰਜ ਕੁੰਡ ਨੇੜੇ ਸਥਿਤ ਸਰੋਵਰ, ਜੋ ਕਿ ਇਸ ਮੰਦਰ ਦੀ ਪਵਿੱਤਰਤਾ ਨੂੰ ਹੋਰ ਵਧਾਉਂਦਾ ਹੈ, ਸ਼ਰਧਾਲੂਆਂ ਲਈ ਇਕ ਮਹੱਤਵਪੂਰਨ ਤੀਰਥ ਸਥਾਨ ਹੈ। ਸ਼ਰਧਾਲੂ ਇੱਥੇ ਸੂਰਜ ਦੇਵਤਾ ਦੀ ਪੂਜਾ ਕਰਨ ਅਤੇ ਸਰੋਵਰ 'ਚ ਇਸ਼ਨਾਨ ਕਰਨ ਲਈ ਆਉਂਦੇ ਹਨ, ਜਿਸ ਨੂੰ ਅਧਿਆਤਮਕ ਸ਼ੁੱਧੀਕਰਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸੂਰਜ ਕੁੰਡ ਮੰਦਰ ਦਾ ਆਰਕੀਟੈਕਚਰ ਸਾਦਗੀ ਤੇ ਪ੍ਰਾਚੀਨਤਾ ਦੀ ਮਿਸਾਲ ਹੈ। ਹਰ ਸਾਲ ਸੂਰਜ ਦੇਵਤਾ ਨਾਲ ਸਬੰਧਤ ਤਿਉਹਾਰਾਂ 'ਤੇ ਇੱਥੇ ਵੱਡੀ ਗਿਣਤੀ 'ਚ ਸ਼ਰਧਾਲੂ ਇਕੱਠੇ ਹੁੰਦੇ ਹਨ।

**– ਜਤਿੰਦਰ ਪੰਮੀ/ਅਨੁਰਾਧਾ**

ਕਹਾਣੀ

# ਅਥਰੂਆਂ ਦੇ ਬੋਲ

ਡਾਕਟਰ ਅਜੀਤ ਸਿੰਘ ਕੋਟਕਪੂਰਾ



ਕੇਸਰ ਸਿੰਘ ਨੇ ਆਪਣੇ ਦੋਵਾਂ ਪੁੱਤਰਾਂ ਨੂੰ ਬਹੁਤ ਹੀ ਤੰਗ ਹਾਲਾਤਾਂ ਵਿਚ ਪਾਲ ਪੋਸ ਕੇ ਪੜ੍ਹਾਇਆ ਅਤੇ ਨੌਕਰੀ ਸਿਰੇ ਕਰ ਦਿਤਾ ਸੀ। ਨੌਕਰੀ ਮਿਲਣ ਤੋਂ ਪਹਿਲਾਂ ਦੋਹਾਂ ਪੁੱਤਰਾਂ ਨੇ ਵੀ ਆਪਣੇ ਪਿਤਾ ਨਾਲ ਜਾਨ ਤੋੜ ਕੇ ਮੇਹਨਤ ਕੀਤੀ ਅਤੇ ਘਰ ਦੀ ਹਾਲਤ ਨੂੰ ਬੇਹਤਰ ਬਣਾਉਣ ਵਿਚ ਕੋਈ ਵੀ ਕਸਰ ਨਹੀਂ ਛੱਡੀ ਸੀ। ਸਵੇਰੇ ਉੱਠ ਆਪਣੇ ਮੁਢਲੇ ਕੰਮਾਂ ਤੋਂ ਵੇਹਲੇ ਹੋ ਕੇ ਮਹਿੰਦਰ ਕੌਰ ਚਾਹ ਬਣਾ ਦਿੰਦੀ ਸੀ। ਕੇਸਰ ਚਾਹ ਪੀ ਕੇ ਪਸ਼ੂਆਂ ਨੂੰ ਨੀਰਾ ਪਾ ਦਿੰਦਾ ਤੇ ਮਹਿੰਦਰ ਕੌਰ ਮੱਝਾਂ ਦੀਆਂ ਧਾਰਾ ਕੱਢ ਦੁੱਧ ਵਾਦ ਸੰਭਾਲ ਕੇ ਲੱਸੀ ਰਿੜਕਣ ਬੈਠ ਜਾਂਦੀ ਸੀ। ਦੋਵਾਂ ਰਜਵੰਤ ਅਤੇ ਹਰਬੰਸ ਨੂੰ ਤਿਆਰ ਕਰ ਸਕੂਲ ਭੇਜ ਦਿੰਦੀ ਸੀ ਤੇ ਆਪ ਕੇਸਰ ਦੀ ਹਾਜ਼ਰੀ ਲੈ ਕੇ ਖੇਤ ਚਲੀ ਜਾਂਦੀ ਸੀ। ਉਸ ਵੇਲੇ ਤਕ ਕੇਸਰ ਖੇਤਾਂ ਦਾ ਗੇੜਾ ਮਾਰ ਵਰਹਲਾ ਹੋ ਜਾਇਆ ਕਰਦਾ ਸੀ। ਉਹ ਦੋਵੇਂ ਜੀਅ ਬੈਠ ਦਹੀਂ ਮੱਖਣ ਨਾਲ ਫੁਲਕਾ ਛਕ ਲੈਂਦੇ ਸੀ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਘਰ ਕਬੀਲਦਾਰੀ ਦੀਆਂ ਗੱਲਾਂ ਕਰ ਲਿਆ ਕਰਦੇ ਸਨ। ਉਧਰ ਦੋਵੇਂ ਕਾਕੇ ਸਕੂਲ ਵਿਚੋਂ ਛੁਟੀ ਹੋ ਜਾਣ ਤੇ ਘਰ ਪੁੱਜ ਜਾਂਦੇ ਸਨ ਇਧਰ ਮਹਿੰਦਰ ਕੌਰ ਖੇਤਾਂ ਵਿਚੋਂ ਸਬਜ਼ੀ ਤੋੜ ਕੇ ਘਰੇ ਆ ਜਾਂਦੀ ਸੀ। ਰਾਜਵੰਤ ਅਤੇ ਹਰਬੰਸ ਘਰੇ ਆ ਕੇ ਰੋਟੀ ਖਾ ਸਕੂਲ ਦਾ ਕੰਮ ਕਰਨ ਬੈਠ ਜਾਂਦੇ ਸੀ। ਇਸ ਤਰਾਂ ਸਮਾਂ ਆਪਣੀ ਟੋਰ ਤੁਰਿਆ ਜਾ ਰਿਹਾ ਸੀ। ਸੂਰਜ ਉਗਣ ਅਤੇ ਡੁੱਬਣ ਤਕ ਕੰਮ ਵਿਚ ਹੀ ਸਾਰਿਆਂ ਦਾ ਸਮਾਂ ਬੀਤਦਾ ਜਾ ਰਿਹਾ ਸੀ। ਦੋਵੇਂ ਬੱਚੇ ਪੜ੍ਹਾਈ ਵਿਚ ਹੁਸ਼ਿਆਰ ਸਨ ਅਤੇ ਕਦੇ ਵੀ ਸਕੂਲ ਤੋਂ ਦੋਵਾਂ ਲਈ ਕੋਈ ਸ਼ਿਕਾਇਤ ਨਹੀਂ ਆਈ ਸੀ। ਬਲਕਿ ਅਧਿਆਪਕ ਦੋਹਾਂ ਦੀ ਪ੍ਰਸੰਸਾ ਕਰੀਏ ਕਰਦੇ ਸਨ। ਇਕ ਅਧਿਆਪਕ ਰੋਜ਼ਾਨਾ ਹੀ ਛੁਟੀ ਸਮੇਂ ਕੇਸਰ ਸਿੰਘ ਦੇ ਘਰ ਦੇ ਅੱਗੋਂ ਲੰਘ ਕੇ ਆਪਣੇ ਘਰ ਨੂੰ ਜਾਇਆ ਕਰਦਾ ਸੀ ਅਤੇ ਜਦੋਂ ਵੀ ਕੇਸਰ ਸਿੰਘ ਨਾਲ ਦੁਆ ਸਲਾਮ ਹੋ ਜਾਂਦੀ ਸੀ ਉਹ ਬੱਚਿਆਂ ਸਬੰਧੀ ਆਪਣੀ ਰਾਏ ਦੇ ਦੀਆ ਕਰਦਾ ਸੀ ਕਿ ਇਹ ਦੋਵੇਂ ਹੀ ਬਹੁਤ ਲਾਇਕ ਹਨ ਅਤੇ ਇੰਜ ਜਾਪਦਾ ਹੈ ਜ਼ਰੂਰ ਹੀ ਤੁਹਾਡਾ ਨਾਂ ਜੱਗ ਤੇ ਰੋਸ਼ਨ ਕਰਨਗੇ। ਉਂਜ ਹੀ ਹੋਇਆ ਰਜਵੰਤ ਸੂਬੇ ਵਿਚੋਂ ਅਤੇ ਹਰਬੰਸ ਜ਼ਿਲੇ ਵਿਚੋਂ ਪਹਿਲੇ ਨੰਬਰ ਤੇ ਆਇਆ ਸੀ। ਖੁਸ਼ੀ ਮਨਾਈ ਗਈ। ਉਸ ਅਧਿਆਪਕ ਦੀ ਨੇਕ ਸਲਾਹ ਸਦਕਾ ਉਹ ਅਗਲੇਰੀ ਪੜ੍ਹਾਈ ਵੀ ਪੂਰੀ ਕਰ ਚੁਕੇ ਤਾਂ ਉਨ੍ਹਾਂ ਨੇ ਨੌਕਰੀ ਲਈ ਇਮਤਿਹਾਨ ਦੇ ਕੇ ਬੈਂਕ ਵਿਚ ਨੌਕਰੀਆਂ ਪ੍ਰਾਪਤ ਕਰ ਲਈਆਂ। ਹੁਣ ਤਾਂ ਕੇਸਰ ਸਿੰਘ ਦੀ ਅੱਡੀ ਥੱਲੇ ਨਹੀਂ ਲਗਦੀ ਸੀ। ਮਹਿੰਦਰ ਕੌਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਰਜਵੰਤ ਦਾ ਵਿਆਹ ਸੁਰਜੀਤ ਕੌਰ ਨਾਲ ਅਤੇ ਹਰਬੰਸ ਦਾ ਵਿਆਹ ਦਲਜੀਤ ਕੌਰ ਨਾਲ ਕਰ ਦਿਤਾ ਗਿਆ। ਵਿਆਹ ਵਿਚ ਭਰਵਾਂ ਇਕੱਠ ਕਰਨ ਦੀ ਬਜਾਏ ਸਾਦਾ ਵਿਆਹ ਹੀ ਕੀਤੇ ਗਏ। ਸੁਰਜੀਤ ਕੌਰ ਕੰਮ ਦੀ ਸੁਚੱਜੀ ਸੀ ਉਹ ਘਰ ਦਾ ਕੰਮ ਸੰਭਾਲਦੀ ਸੀ। ਦਲਜੀਤ ਕੌਰ ਅਮੀਰ ਘਰ ਤੋਂ ਸੀ ਉਹ ਕੰਮ ਨਹੀਂ ਕਰਨਾ ਚਾਹੁੰਦੀ ਸੀ ਅਤੇ ਗਾਹੇ ਬਗਾਹੇ ਕੰਮ ਤੋਂ ਟਲਣ ਦੀ ਕੋਸ਼ਿਸ਼ ਕਰਦੀ ਸੀ। ਸੁਰਜੀਤ ਕੌਰ ਉਸ ਨੂੰ ਛੋਟੀ ਭੈਣ ਸਮਝਦੀ ਸੀ। ਦੋਹਾਂ ਵਿਚ ਪਿਆਰ ਬਥੇਰਾ ਸੀ। ਇਸ ਤਰਾਂ ਘਰ ਦਾ ਟੋਰਾ ਟੁਰਿਆ ਜਾ ਰਿਹਾ ਸੀ। ਸਵੇਰੇ ਦੋਵੇਂ ਭਰਾ ਕਾਰ ਰਾਹੀਂ ਬੈਂਕ ਵਿਚ ਚਲੇ ਜਾਂਦੇ ਸੀ। ਕੇਸਰ ਸਿੰਘ ਖੇਤ ਨੂੰ ਚਲਾ ਜਾਂਦਾ ਸੀ। ਸੁਰਜੀਤ ਕੌਰ ਹਾਜ਼ਰੀ ਤਿਆਰ ਕਰ ਦਿੰਦੀ ਸੀ ਅਤੇ ਮਹਿੰਦਰ ਕੌਰ ਹਾਜ਼ਰੀ ਲੈ ਕੇ ਖੇਤ ਚਲੀ ਜਾਂਦੀ ਸੀ। ਉਥੋਂ ਸਬਜ਼ੀ ਲੈ ਆਇਆ ਕਰਦੀ ਸੀ ਅਤੇ ਕੇਸਰ ਸਿੰਘ ਨਾਲ ਗੱਲਾਂ ਬਾਤਾਂ ਕਰ ਉਸ ਨੂੰ ਪਸ਼ੂਆਂ ਲਈ ਪੱਠਿਆਂ ਦਾ ਪ੍ਰਬੰਧ ਕਰ ਕੇ ਗੇਲੇ ਨੂੰ ਨਾਲ ਲੈ ਕੇ ਘਰ ਨੂੰ ਆ ਜਾਂਦੀ ਸੀ। ਗੇਲਾ ਪਸ਼ੂਆਂ ਨੂੰ ਕੁਤਰ ਕੇ ਮੱਝਾਂ ਨੂੰ ਪਾ ਦਿੰਦਾ ਸੀ। ਇਸ ਤਰਾਂ ਗੇਲਾ ਵੀ ਘਰ ਲਈ ਮਦਦਗਾਰ ਸਾਬਤ ਹੋ ਰਿਹਾ ਸੀ। ਗੇਲਾ ਕੇਸਰ ਦੀ ਖੇਤੀ ਦੇ ਕੰਮਾਂ ਵਿਚ ਹੱਥ ਵਟਾ ਦਿਆ ਕਰਦਾ ਸੀ ਅਤੇ ਇਸ ਦੇ ਬਦਲੇ ਉਸ ਨੂੰ ਤਨਖਾਹ ਮਿਲ ਜਾਂਦੀ ਸੀ। ਘਰ ਦੇ ਛੋਟੇ ਮੋਟੇ ਕੰਮਾਂ ਲਈ ਗੇਲੇ ਦੇ ਘਰ ਵਾਲੀ ਸਿਮਰੋ ਵੀ ਸਵੇਰੇ ਹੀ ਆ ਜਾਂਦੀ ਸੀ। ਉਹ ਘਰ ਦੀ ਸਾਫ ਸਫਾਈ ਅਤੇ ਗੋਹਾ ਕੂੜਾ ਵੀ ਕਰ ਦਿੰਦੀ ਸੀ ਅਤੇ ਉਸ ਨੂੰ ਬਣਦੀ ਮਜ਼ਦੂਰੀ ਦੇ ਦਿਤੀ ਜਾਂਦੀ ਸੀ।

ਸਮੇਂ ਨੇ ਕਰਵਟ ਲਈ ਦੋਹਾਂ ਨੂੰਹਾਂ ਦੇ ਪੈਰ ਭਾਰੀ ਹੋ ਗਏ। ਮੋਹਿੰਦਰ ਕੌਰ ਉਨ੍ਹਾਂ ਦਾ ਧਿਆਨ ਰੱਖ ਰਹੀ ਸੀ ਸਿਮਰੋ ਨੇ ਘਰ ਦੇ ਹੋਰ ਕੰਮਾਂ ਵਿਚ ਵੀ ਮਦਦ ਕਰਨੀ ਸ਼ੁਰੂ ਕਰ ਦਿਤੀ ਸੀ। ਸਮੇਂ ਸਮੇਂ ਤੇ ਦੋਨਾਂ ਨੂੰ ਡਾਕਟਰ ਨੂੰ ਦਿਖਾਇਆ ਜਾਂਦਾ ਸੀ ਅਤੇ ਹਦਾਇਤਾਂ ਅਨੁਸਾਰ ਉਨ੍ਹਾਂ ਦੀ ਦੇਖ ਭਾਲ ਕੀਤੀ ਜਾ ਰਹੀ ਸੀ। ਉਡੀਕ ਖਤਮ ਹੋਈ। ਪਰਮਾਤਮਾ ਨੇ ਕਿਰਪਾ ਕੀਤੀ। ਅਗੜ ਪਿੱਛੜ ਰਜਵੰਤ ਅਤੇ ਹਰਬੰਸ ਨੂੰ ਵਾਹਿਗੁਰੂ ਨੇ ਪੁੱਤਰਾਂ ਦੀ ਦਾਤ ਬਖਸ਼ੀ। ਖੁਸ਼ੀ ਮਨਾਈ ਗਈ। ਸੁਰਜੀਤ ਅਤੇ ਦਲਜੀਤ ਵੀ ਠੀਕ ਸਨ। ਰੱਬ ਨੇ ਮੇਹਰ ਰੱਖੀ ਦੋਵੇਂ ਬੱਚੇ ਅਤੇ ਉਨ੍ਹਾਂ ਦੀਆਂ ਮਾਵਾਂ ਤੰਦਰੁਸਤ ਸਨ।

ਹਰਬੰਸ ਦੀ ਬਦਲੀ ਹੋ ਗਈ ਹੁਣ ਉਹ ਦੋਵੇਂ ਇਕੱਠੇ ਨਹੀਂ ਜਾ ਸਕਦੇ ਹਨ। ਹਰਬੰਸ ਨੇ ਨਵੀਂ ਕਾਰ ਲੈ ਲਈ। ਉਹ ਆਪਣੀ ਵੱਖਰੀ ਕਾਰ ਤੇ ਜਾਣ ਲੱਗ ਪਿਆ। ਬੱਚਿਆਂ ਦਾ ਨਾਮਕਰਣ ਕੀਤਾ ਗਿਆ। ਸੁਰਜੀਤ ਕੌਰ ਨੇ ਪਰਿਵਾਰ ਦੀ ਸਲਾਹ ਨਾਲ ਆਪਣੇ ਬੱਚੇ ਦਾ ਨਾਂ ਲੱਡੂ ਜਾਂ ਲਖਵੀਰ ਸਿੰਘ ਰੱਖ ਲਿਆ। ਜਦੋਂ ਕਿ ਦਲਜੀਤ ਕੌਰ ਨੇ ਆਪਣੇ ਬੱਚੇ ਦਾ ਨਾਂ ਪਰਿਵਾਰ ਦੀ ਸਲਾਹ ਨਾਲ ਵੀਰੂ ਜਾਂ ਮਨਵੀਰ ਸਿੰਘ ਰੱਖ ਲਿਆ। ਲੱਡੂ ਆਪਣੇ ਮਾਤਾ ਪਿਤਾ ਨਾਲ ਕਦੇ ਕਦੇ ਬਾਜ਼ਾਰ ਚਲਾ ਜਾਂਦਾ ਸੀ ਅਤੇ ਉਸ ਦੀ ਮਾਂ ਸੁਰਜੀਤ ਕੌਰ ਆਪਣੀ ਲੋੜ ਦੀਆਂ ਵਸਤਾਂ ਲੈ ਕੇ ਅਤੇ ਕੁਝ ਬਾਹਰ ਦਾ ਖਾ ਪੀ ਕੇ ਸ਼ਾਮ ਢਲੇ ਘਰ ਆ ਜਾਂਦੇ ਸਨ। ਕੇਸਰ ਸਿੰਘ ਵੀ ਹੁਣ ਬਜ਼ੁਰਗ ਹੋ ਚਲਿਆ ਸੀ ਉਸ ਤੋਂ ਵੀ ਹੁਣ ਖੇਤੀ ਦਾ ਕੰਮ ਮੁਸ਼ਕਿਲ ਨਾਲ ਹੀ ਹੁੰਦਾ ਸੀ। ਮਹਿੰਦਰ ਕੌਰ ਵੀ ਜਿਆਦਾ ਹੁਣ ਪਾਠ ਭਜਨ ਵਿਚ ਆਪਣਾ ਸਮਾਂ ਬਤੀਤ ਕਰਦੀ ਸੀ। ਕਦੇ ਕਦੇ ਕੇਸਰ ਸਿੰਘ ਤੇ ਮਹਿੰਦਰ ਕੌਰ ਆਪਣੇ ਰਜਵੰਤ ਜਾਂ ਹਰਬੰਸ ਦੇ ਪਰਿਵਾਰ ਨਾਲ ਸ਼ਹਿਰ ਜਾ ਆ ਂਦੀ ਸੀ ਅਤੇ ਕਿਸੇ ਨਾ ਕਿਸੇ ਗੁਰਦਵਾਰੇ ਦੇ ਦਰਸ਼ਨ ਕਰ ਵਾਪਿਸ ਆ ਜਾਂਦੇ ਸਨ। ਲੱਡੂ ਅਤੇ ਵੀਰੂ ਵੀ ਵਡੇ ਹੋ ਰਹੇ ਸਨ ਉਹ ਆਪਣੇ ਦਾਦੇ ਜਾਂ ਦਾਦੀ ਕੋਲ ਖੇਡ ਲੈਂਦੇ ਸਨ। ਸੁਰਜੀਤ ਅਤੇ ਦਲਜੀਤ ਮਿਲ ਕੇ ਘਰ ਦਾ ਕੰਮ ਕਰ ਲਿਆ ਕਰਦੀਆਂ ਸਨ। ਸਿਮਰੋ ਵੀ ਉਨ੍ਹਾਂ ਨਾਲ ਘਰ ਦੇ ਕੰਮ ਵਿਚ ਮਦਦ ਕਰ ਦਿੰਦੀ ਸੀ। ਦੋਵੇ ਨੂੰਹਾਂ ਸਿਮਰੋ ਨੂੰ ਦੱਸ ਕੇ ਕੰਮ ਕਰਵਾ ਲੈਂਦੀਆਂ ਸਨ। ਗੇਲਾ ਹੁਣ ਪਸ਼ੂਆਂ ਦਾ ਕੰਮ ਕਰਦਾ ਸੀ ਅਤੇ ਸਿਮਰੋ ਘਰ ਦੀ ਸਾਫ ਸਫਾਈ ਦਾ ਕੰਮ ਚਲਾ ਰਹੀ ਸੀ। ਇਸ ਤਰਾਂ ਸੁਬਾਹ ਤੋਂ ਸ਼ਾਮ ਅਤੇ ਸ਼ਾਮ ਤੋਂ ਸੁਬਾਹ ਤਕ ਸਮਾਂ ਆਪਣੀ ਧੀਮੀ ਚਾਲ ਚਲਦਾ ਹੋਇਆ ਅਗੇ ਵਲ ਨੂੰ ਖਿਸਕ ਰਿਹਾ ਸੀ।

ਬ ੈ ਂਕ ਵਿਚ ਛੁੱਟੀ ਹੋਣ ਕਾਰਨ ਰਜਵੰਤ ਅਤੇ ਹਰਬੰਸ ਘਰ ਹੀ ਸਨ। ਸਾਰਾ ਪਰਿਵਾਰ ਸਵੇਰ ਦਾ ਨਾਸ਼ਤਾ ਕਰ ਰਿਹਾ ਸੀ ਕਿ ਇਕ ਦਮ ਰਜਵੰਤ ਦੇ ਦਰਦ ਹੋਇਆ ਦਰਦ ਇਤਨਾ ਸੀ ਕਿ ਉਸ ਤੋਂ ਸਹਾਰਿਆ ਨਹੀਂ ਜਾ ਰਿਹਾ ਸੀ। ਹਰਬੰਸ ਨੇ ਕਾਰ ਕੱਢੀ ਜਲਦੀ ਨਾਲ ਰਜਵੰਤ ਨੂੰ ਉਸ ਵਿਚ ਲਿਟਾਇਆ ਸੁਰਜੀਤ ਕੌਰ ਨੂੰ ਨਾਲ ਲਿਆ ਅਤੇ ਡਾਕਟਰ ਵਲ ਚਲ ਪਏ। ਲੱਡੂ ਨੂੰ ਘਰ ਚਾਚੀ ਦਲਜੀਤ ਕੌਰ ਕੋਲ ਹੀ ਛੱਡ ਦਿੱਤਾ। ਛੇਤੀ ਹੀ ਡਾਕਟਰ ਕੋਲ ਪੁਜੇ ਤਾਂ ਉਸ ਨੇ ਚੈਕ ਕੀਤਾ ਅਤੇ ਦੱਸਿਆ ਕਿ ਰਜਵੰਤ ਨੂੰ ਦਿਲ ਦਾ ਅਟੈਕ ਆਇਆ ਸੀ। ਉਸ ਨੇ ਦਵਾਈ ਦਿਤੀ। ਇੰਜੇਕਸ਼ਨ ਵਗੈਰਾ ਲਾਏ ਤੇ ਦਾਖਲ ਕਰ ਲਿਆ। ਪੂਰੀ ਪੜਤਾਲ ਕਰ ਉਸ ਨੇ ਦੱਸਿਆ ਕਿ ਸਟੈਂਟ ਪਾਉਣ ਦੀ ਲੋੜ ਹੈ ਉਸ ਨੇ ਘਰ ਦਿਆ ਨਾਲ ਸਲਾਹ ਕਰ ਲੈਣ ਤੋਂ ਬਾਅਦ ਸਟੈਂਟ ਪਾ ਦਿਤਾ। ਕੁਝ ਦੇਰ ਡਾਕਟਰ ਨੇ ਅਰਾਮ ਕਰਨ ਲਈ ਆਖਿਆ। ਰਾਤ ਭਰ ਹਸਪਤਾਲ ਵਿਚ ਹੀ ਰੱਖਿਆ। ਅਗਲੇਰੇ ਦਿਨ ਫਿਰ ਚੈਕ ਕੀਤਾ ਅਤੇ ਦੱਸਿਆ ਕਿ ਹਾਲਤ ਠੀਕ ਹੈ ਅਤੇ ਸ਼ਾਮ ਨੂੰ ਛੁਟੀ ਦੇ ਦਿਤੀ। ਕੁਝ ਦੇਰ ਅਰਾਮ ਕਰਨ ਦੀ ਸਲਾਹ ਦਿਤੀ ਅਤੇ ਲੋੜੀਂਦੀਆਂ ਦਵਾਈਆਂ ਦੱਸ ਕੇ ਘਰੇ ਭੇਜ ਦਿਤਾ। ਰਜਵੰਤ ਨੂੰ ਅਰਾਮ ਦੀ ਲੋੜ ਸੀ ਇਸ ਲਈ ਉਸ ਨੇ ਆਪਣੀ ਇਕ ਹਫਤੇ ਦੀ ਛੁਟੀ ਭੇਜ ਦਿਤੀ। ਸੁਰਜੀਤ ਉਸ ਦਾ ਖਾਸ ਖਿਆਲ ਰੱਖ ਰਹੀ ਸੀ। ਲੱਡੂ ਵੀ ਵੀਰੂ ਨਾਲ ਖੇਡਣ ਲੱਗ ਪਿਆ ਸੀ । ਦਲਜੀਤ ਉਸ ਦਾ ਪੂਰਾ ਧਿਆਨ ਰੱਖ ਰਹੀ ਸੀ। ਕੇਸਰ ਸਿੰਘ ਅਤੇ ਮਹਿੰਦਰ ਕੌਰ ਰਜਵੰਤ ਨੂੰ ਠੀਕ ਹੁੰਦੇ ਦੇਖ ਪਰਮਾਤਮਾ ਦਾ ਸ਼ੁਕਰ ਮਨਾ ਰਹੇ। ਅਗਲੇਰੇ ਦਿਨ ਉਨ੍ਹਾਂ ਨੇ ਗੁਰਦਵਾਰੇ ਜਾ ਕੇ ਅਰਦਾਸ ਕੀਤੀ ਕਿ ਪਰਿਵਾਰ ਵਿਚਲੇ ਸਾਰੇ ਜੀਆਂ ਉਪਰ ਪਰਮਾਤਮਾ ਦੀ ਮੇਹਰ ਰਹੇ ਅਤੇ ਸਮੂਹ ਪਰਿਵਾਰ ਤੰਦਰੁਸਤ ਰਹੇ । ਰਜਵੰਤ ਦਵਾਈ ਨਾਲ ਬੇਹਤਰ ਹੋ ਰਿਹਾ ਸੀ। ਹਰਬੰਸ ਰੋਜ਼ਾਨਾ ਆਪਣੀ ਡਿਊਟੀ ਤੇ ਜਾਣ ਲੱਗ ਪਿਆ ਸੀ। ਹੁਣ ਰਜਵੰਤ ਦਾ ਹਾਲ ਜਾਨਣ ਲਈ ਕੋਈ ਨਾ ਕੋਈ ਆ ਜਾਇਆ ਕਰਦਾ ਸੀ। ਕਦੇ ਫੋਨ ਤੇ ਹੀ ਕੋਈ ਦੋਸਤ ਹਾਲ ਪੁੱਛ ਲਿਆ ਕਰਦਾ ਸੀ। ਰਜਵੰਤ ਹੀ ਫੋਨ ਤੇ ਗੱਲ ਬਾਤ ਕਰ ਲਿਆ ਕਰਦਾ ਸੀ। ਜਦੋ ਵੀ ਕੋਈ ਘਰੇ ਮਿਲਣ ਲਈ ਆ ਂਦਾ ਸੀ ਸੁਰਜੀਤ ਕੌਰ ਚਾਹ ਪਾਣੀ ਵਿਚ ਲੱਗ ਜਾਂਦੀ ਸੀ। ਭਾਵੇਂ ਰਜਵੰਤ ਨੂੰ ਅਰਾਮ ਕਰਨ ਦੀ ਹਦਾਇਤ ਸੀ ਪਰ ਉਹ ਫਿਰ ਵੀ ਆਏ ਹੋਏ ਮਹਿਮਾਨਾਂ ਨਾਲ ਘੁਲ ਮਿਲ ਜਾਂਦਾ ਸੀ। ਸੁਰਜੀਤ ਕੌਰ ਆਪ ਤਾਂ ਉਸ ਨੂੰ ਰੋਕਣ ਤੋਂ ਝਿਝਕਦੀ ਸੀ ਉਹ ਆਪਣੀ ਸੱਸ ਮਹਿੰਦਰ ਕੌਰ ਨੂੰ ਜਾਂ ਆਪਣੇ ਸਹੁਰੇ ਕੇਸਰ ਸਿੰਘ ਰਾਹੀਂ ਰਜਵੰਤ ਨੂੰ ਜਿਆਦਾ ਗੱਲਾਂ ਕਰਨ ਤੋਂ ਮਨ੍ਹਾ ਕਰਨ ਲਈ ਆਖ ਦੀਆ ਕਰਦੀ ਸੀ।

ਦੋਵਾਂ ਭਰਾਵਾਂ ਨੇ ਸਲਾਹ ਕੀਤੀ ਕਿ ਹੁਣ ਆਪਾਂ ਲੁਧਿਆਣੇ ਦੇ ਵੱਡੇ ਹਸਪਤਾਲ ਜਾ ਕਿ ਇਕ ਵਾਰ ਚੈਕ ਕਰਵਾ ਲਈਏ ਤਾਂ ਜੋ ਪੂਰੀ ਤਸੱਲੀ ਹੋ ਜਾਵੇ ਤੇ ਰਜਵੰਤ ਕੰਮ ਤੇ ਜਾਣਾ ਸ਼ੁਰੂ ਕਰ ਸਕੇ। ਅਗਲੇ ਦਿਨ ਰਜਵੰਤ ,ਹਰਬੰਸ ਅਤੇ ਸੁਰਜੀਤ ਕੌਰ ਲੁਧਿਆਣੇ ਲਈ ਚਲ ਪਏ। ਹਾਲੇ ਅੱਧੀ ਵਾਟ ਹੀ ਗਏ ਸਨ ਕਿ ਉਨ੍ਹਾਂ ਦੀ ਕਾਰ ਵਿਚ ਸਾਹਮਣੇ ਤੋਂ ਆ ਰਿਹਾ ਤੇਜ਼ ਰਫਤਾਰ ਟਰੱਕ ਵਜਿਆ। ਟੱਕਰ ਬਹੁਤ ਹੀ ਭਿਆਨਕ ਸੀ। ਹਰਬੰਸ ਕਾਰ ਨੂੰ ਚਲਾ ਰਿਹਾ ਸੀ ਨਾਲ ਦੀ ਸੀਟ ਤੇ ਰਜਵੰਤ ਬੈਠਾ ਸੀ ਅਤੇ ਸੁਰਜੀਤ ਕੌਰ ਪਿੱਛੇ ਵਾਲੀ ਸੀਟ ਤੇ ਬੈਠੀ ਸੀ। ਟਰੱਕ ਰਜਵੰਤ ਵਾਲੇ ਪਾਸਿ ਂ ਟਕਰਾਇਆ ਸੀ। ਬਾਰੀ ਦਾ ਸ਼ੀਸ਼ਾ ਟੁੱਟ ਕੇ ਕੇ ਰਜਵੰਤ ਨੂੰ ਅਜਿਹਾ ਵਜਿਆ ਕਿ ਉਸ ਦੇ ਖੂਨ ਦੀ ਧਤੀਰੀ ਪੈਣ ਲੱਗ ਪਈ। ਹਰਬੰਸ ਨੇ ਜਦੋਂ ਦੇਖਿਆ ਉਹ ਘਬਰਾ ਗਿਆ। ਰਜਵੰਤ ਦਾ ਸਿਰ ਇਕ ਦਮ ਸੀਟ ਤੇ ਵੱਜਣ ਕਾਰਨ ਰਜਵੰਤ ਬੇਹੋਸ਼ ਹੋ ਗਿਆ। ਸੁਰਜੀਤ ਕੌਰ ਵੀ ਘਬਰਾ ਗਈ। ਉਸ ਦੇ ਤਾਂ ਥੋੜੀ ਹੀ ਸੱਟ ਵੱਜੀ ਜਾਪਦੀ ਸੀ। ਜਿਉਂ ਹੀ ਹਰਬੰਸ ਕਾਰ ਵਿਚੋਂ ਨਿਕਲਿਆ ਲੋਕ ਇਕੱਠੇ ਹੋ ਗਏ। ਰਜਵੰਤ ਨੂੰ ਇਕ ਹੋਰ ਕਾਰ ਰੋਕ ਕੇ ਉਸ ਦੀ ਮਿੰਨਤ ਕਰ ਕੇ, ਉਸ ਵਿਚ ਪਾਇਆ ਗਿਆ। ਆਪਣੀ ਕਾਰ ਨੂੰ ਉਥੇ ਹੀ ਛੱਡ ਉਹ ਤਿੰਨੇ ਕਾਰ ਵਿਚ ਨੇੜੇ ਦੇ ਹਸਪਤਾਲ ਵਿੱਚ ਪੁਜੇ। ਖੂਨ ਜਿਆਦਾ ਨਿਕਲ ਜਾਣ ਕਾਰਨ ਡਾਕਟਰ ਨੇ ਦੱਸਿਆ ਕਿ ਇਹ ਤਾਂ ਖਤਮ ਹੋ ਚੁਕਾ ਹੈ। ਹਰਬੰਸ ਅਤੇ ਸੁਰਜੀਤ ਦੀਆਂ ਸੱਟਾਂ ਉਪਰ ਦਵਾਈ ਆਦਿ ਦੇ ਕੇ ਡਾਕਟਰ ਨੇ ਛੁਟੀ ਦੇ ਦਿਤੀ। ਹਰਬੰਸ ਨੇ ਕਾਰ ਵਾਲੇ ਦਾ ਧੰਨਵਾਦ ਕਰ ਹੋਰ ਕਾਰ ਮੰਗਵਾ ਕੇ ਘਰ ਨੂੰ ਚਲ ਪਏ।

ਜਦੋਂ ਘਰ ਪੁਜੇ ਤਾਂ ਚੀਕ ਚਿਹਾੜਾ ਪੈ ਗਿਆ। ਸੁਰਜੀਤ ਕੌਰ ਦੀ ਦੁਨੀਆ ਉਜੜ ਚੁਕੀ ਸੀ। ਕੇਸਰ ਸਿੰਘ ਅਤੇ ਮਹਿੰਦਰ ਕੌਰ ਦਾ ਰੋ ਰੋ ਕੇ ਬੁਰਾ ਹਾਲ ਸੀ। ਦਲਜੀਤ ਕੌਰ ਦੋਵੇਂ ਛੋਟੇ ਬੱਚਿਆਂ ਨੂੰ ਸੰਭਾਲ ਰਹੀ ਸੀ। ਕੇਸਰ ਕਹਿਣ ਲੱਗਾ ਕਿ ਮੇਰੀਆਂ ਦੋ ਬਾਹਾਂ ਵਿਚ ਅੱਜ ਇਕ ਬਾਂਹ ਟੁੱਟ ਗਈ ਹੈ। ਦੋਵੇਂ ਪੁੱਤਰਾਂ ਨੇ ਘਰ ਨੂੰ ਸੰਭਾਲਿਆ ਹੋਇਆ ਸੀ। ਪਰਮਾਤਮਾ ਦੀ ਪੂਰੀ ਮੇਹਰ ਸੀ। ਅੱਜ ਅਚਾਨਕ ਆਏ ਤੂਫ਼ਾਨ ਨੇ ਘਰ ਨੂੰ ਨੀਂਹਾਂ ਤੋਂ ਹਿਲਾ ਦਿਤਾ ਹੈ। ਹਰਬੰਸ ਅਤੇ ਦਲਜੀਤ ਵੀ ਰੋ ਰਹੇ ਸਨ। ਪਿੰਡ ਦੀ ਪੰਚਾਇਤ ਤੇ ਹੋਰ ਲੋਕ ਵੀ ਆ ਰਹੇ ਸਨ। ਸਾਰੇ ਅਫਸੋਸ ਪ੍ਰਗਟ ਕਰ ਰਹੇ ਸਨ। ਸੁਰਜੀਤ ਕੌਰ ਦੇ ਬੁੱਢੇ ਮਾਂ ਬਾਪ ਵੀ ਪੁੱਜ ਗਏ। ਸਾਰੇ ਪਾਸੇ ਉਦਾਸੀ ਦਾ ਆਲਮ ਛਾਇਆ ਹੋਇਆ ਸੀ। ਅਖੀਰ ਅੰਤਿਮ ਰਸਮਾਂ ਤਾਂ ਕਰਨੀਆਂ ਹੀ ਸਨ। ਅੰਤਿਮ ਰਸਮਾਂ ਦਾ ਪ੍ਰਬੰਧ ਕਰ ਸਸਕਾਰ ਕਰ ਦਿਤਾ ਗਿਆ। ਲੱਡੂ ਅਤੇ ਵੀਰੂ ਨੂੰ ਕੋਈ ਸਮਝ ਨਹੀਂ ਸੀ ਉਹ ਤਾਂ ਭੁੱਖ ਨਾਲ ਵਿਰਲ ਵਿਰਲ ਕਰ ਰਹੇ ਸਨ। ਉਨ੍ਹਾਂ ਨੂੰ ਸੰਭਾਲਣ ਵਿਚ ਸਿਮਰੋ, ਦਲਜੀਤ ਦੀ ਮਦਦ ਕਰ ਰਹੀ ਸੀ। ਸਾਰੇ ਰਿਸ਼ਤੇਦਾਰ ਅਤੇ ਮਿੱਤਰ ਹੋਲੀ ਹੋਲੀ ਜਾਣ ਲੱਗੇ। ਸੁਰਜੀਤ ਕੌਰ ਦੀ ਮਾਂ ਰੁਕ ਗਈ ਜਦੋਂ ਕਿ ਉਸ ਦਾ ਬਾਪ ਵਾਪਿਸ ਚਲਾ ਗਿਆ ਕਿ ਂ ਜੋ ਘਰ ਦੀ ਦੇਖ ਭਾਲ ਵੀ ਕਰਨੀ ਸੀ। ਆ ਂਦੇ ਐਤਵਾਰ ਦਾ ਭੋਗ ਰਖਿਆ ਗਿਆ। ਭੋਗ ਨੇੜੇ ਦੇ ਗੁਰਦਵਾਰੇ ਵਿਚ ਪਾਇਆ ਜਾਣਾ ਸੀ। ਘਰ ਵਿਚ ਰਿਸ਼ਤੇਦਾਰ ਅਤੇ ਮਿੱਤਰ ਨਹੀਂ ਸਮਾਂ ਸਕਦੇ ਸੀ। ਮਹਿੰਦਰ ਕੌਰ ਨੂੰ ਦਲਜੀਤ ਕੌਰ ਨੇ ਸਮਝਾਇਆ ਕਿ ਸੁਰਜੀਤ ਕੌਰ ਨੂੰ ਪੇਕੇ ਭੇਜ ਦਿੱਤੋ ਜਾਵੇ। ਲੱਡੂ ਨੂੰ ਮੈਂ ਆਪਣੇ ਵੀਰੂ ਨਾਲ ਹੀ ਪਾਲ ਲਵਾਂਗੀ। ਜੇ ਇਹ ਸੁਰਜੀਤ ਕੌਰ ਇਥੇ ਰਹੀ ਤਾਂ ਆਪਣੀ ਜ਼ਮੀਨ ਜਿਹੜੀ ਪਹਿਲਾਂ ਹੀ ਥੋੜੀ ਹੈ ਤੇ ਵੰਡੀ ਜਾਵੇਗੀ ਤੇ ਗੁਜ਼ਾਰਾ ਮੁਸ਼ਕਿਲ ਹੋ ਜਾਵੇਗਾ। ਮਹਿੰਦਰ ਕੌਰ ਨੇ ਕੇਸਰ ਸਿੰਘ ਨਾਲ ਸਲਾਹ ਕੀਤੀ। ਉਸ ਨੂੰ ਇਹ ਗੱਲ ਨਾ ਜੱਚੀ। ਜਦੋਂ ਦਲਜੀਤ ਅਤੇ ਹਰਬੰਸ ਨੇ ਜ਼ੋਰ ਪਾਇਆ ਤਾਂ ਉਹ ਵੀ ਮੰਨ ਗਿਆ। ਭੋਗ ਤੋਂ ਪਹਿਲੇ ਦਿਨ ਮਹਿੰਦਰ ਕੌਰ ਨੇ ਸੁਰਜੀਤ ਕੌਰ ਤੇ ਉਸ ਦੀ ਮਾਂ ਨੂੰ ਸਮਝਾਇਆ ਕਿ ਲੱਡੂ ਨੂੰ ਅਸੀਂ ਰੱਖ ਲਵਾਂਗੇ ਤੁਸੀਂ ਸੁਰਜੀਤ ਕੌਰ ਦੇ ਭਵਿੱਖ ਦਾ ਫੈਸਲਾ ਕਰ ਲਵੋ। ਇਸ ਨੂੰ ਘਰੇ ਰੱਖੋ ਜਾਂ ਹੋਰ ਵਿਆਹ ਕਰ ਦੇਵੋ ਇਹ ਤੁਹਾਡੀ ਤੇ ਸੁਰਜੀਤ ਕੌਰ ਦੀ ਮਰਜ਼ੀ ਹੈ। ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ। ਅਸੀਂ ਤਾਂ ਇਸ ਨੂੰ ਕੱਲ ਨੂੰ ਭੋਗ ਤੋਂ ਪਿੱਛੋਂ ਤੁਹਾਡੇ ਨਾਲ ਤੋਰ ਦੇਣਾ ਹੈ। ਸੁਰਜੀਤ ਕੌਰ ਇਕ ਦਮ ਘਬਰਾ ਗਈ ਕਿ ਇਹ ਕੀ ਹੋ ਰਿਹਾ ਹੈ। ਜਦੋਂ ਅਗਲੇ ਦਿਨ ਭੋਗ ਪੈ ਚੁੱਕਿਆ ਤਾਂ ਪੰਚਾਇਤ ਬੁਲਾ ਕੇ ਸੁਰਜੀਤ ਕੌਰ ਦੇ ਮਾਪਿਆਂ ਨੂੰ ਦੱਸ ਦਿਤਾ ਗਿਆ ਕਿ ਤੁਸੀਂ ਸੁਰਜੀਤ ਕੌਰ ਨੂੰ ਆਪਣੇ ਨਾਲ ਹੀ ਲੈ ਜਾ ਅਤੇ ਇਸ ਦੇ ਭਵਿੱਖ ਬਾਰੇ ਵਿਚਾਰ ਕਰ ਲਵੋ ਤੁਹਾਨੂੰ ਜਿਵੇਂ ਠੀਕ ਲਗੇ ਕਰੋ। ਲੱਡੂ ਨੂੰ ਅਸੀਂ ਰਖਾਂਗੇ। ਇਸ ਨੂੰ ਦਲਜੀਤ ਕੌਰ ਆਪਣੇ ਬੱਚੇ ਨਾਲ ਹੀ ਪਾਲ ਲਵੇਗੀ। ਪੰਚਾਇਤ ਨੇ ਪਰਿਵਾਰ ਦਾ ਫੈਸਲਾ ਸੁਰਜੀਤ ਕੌਰ ਅਤੇ ਉਸ ਦੇ ਮਾਪਿਆਂ ਨੂੰ ਸੁਣਾ ਦਿੱਤਾ। ਫੈਸਲੇ, ਜਿਸ ਬਾਰੇ ਕਦੇ ਸੁਰਜੀਤ ਨੇ ਸੋਚਿਆ ਵੀ ਨਹੀਂ ਸੀ ਅੱਜ ਉਸ ਉਪਰ ਅਮਲ ਹੋਣ ਵਾਲਾ ਸੀ। ਸੁਰਜੀਤ ਲਈ ਆਪਣੀ ਇਕੋ ਇਕ ਆਂਦਰ ਨੂੰ ਹਮੇਸ਼ਾ ਲਈ ਛੱਡ ਆਪਣੇ ਪੇਕੇ ਘਰ ਜਾਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਬਹੁਤ ਹੀ ਮੁਸ਼ਕਿਲ ਸੀ। ਉਸ ਦੇ ਅਥਰੂ ਆਪ ਮੁਹਾਰੇ ਵਹਿਣ ਲਗੇ। ਉਸ ਨੇ ਆਪਣੇ ਸਹੁਰੇ ਪਰਿਵਾਰ ਦੇ ਇਕਲੇ ਇਕਲੇ ਜੀਅ ਦੇ ਤਰਲੇ ਕੀਤੇ ਅਤੇ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਕੋਈ ਵੀ ਛੋਟਾ ਵੱਡਾ ਪਰਿਵਾਰਿਕ ਮੇਂਬਰ ਉਸ ਦੀ ਬੇਨਤੀ ਤੇ ਗੌਰ ਕਰਨ ਲਈ ਤਿਆਰ ਨਹੀਂ ਸੀ ਤਾਂ ਉਸ ਕੋਲ ਆਪਣੇ ਮਾਪਿਆਂ ਨਾਲ ਜਾਣ ਤੋਂ ਬਿਨਾ ਕੋਈ ਵੀ ਚਾਰਾ ਨਹੀਂ ਸੀ ਤਾਂ ਉਹ ਆਪਣੀ ਵਸਦੀ ਰਸਦੀ ਦੁਨੀਆ ਲੁਟਾ ਕੇ ਉਦਾਸ ਚਿੱਤ ਆਪਣੇ ਲੱਡੂ ਨੂੰ ਅੰਤਿਮ ਵਾਰ ਮਿਲਣ ਲਈ ਅੰਦਰ ਵਲ ਹੋਈ ਤਾਂ ਮਹਿੰਦਰ ਕੌਰ ਨੇ ਉਸ ਨੂੰ ਅਜਿਹਾ ਕਰਨ ਤੋਂ ਸਖਤੀ ਨਾਲ ਵਰਜ ਦਿਤਾ ਤਾਂ ਉਸ ਤੋਂ ਆਪਣੇ ਅਥਰੂ ਰੋਕੇ ਨਾ ਗਏ ਸਗੋਂ ਉਨ੍ਹਾਂ ਦਾ ਵਹਿਣ ਤੇਜ਼ ਹੋ ਗਿਆ। ਉਸ ਦੇ ਅਥਰੂ ਕੁਝ ਨਾ ਬੋਲ ਕੇ ਵੀ ਬਹੁਤ ਕੁਝ ਆਖ ਰਹੇ ਸਨ। ਉਹ ਆਪਣਾ ਸਾਰਾ ਕੁਝ ਗੁਆ ਮਾਪਿਆਂ ਨਾਲ ਟੁਰ ਪਈ। ਮਾਪੇ ਜਿਨ੍ਹਾਂ ਨੇ ਡੋਲੀ ਵੇਲੇ ਉਸ ਨੂੰ ਤੋਰਨ ਵੇਲੇ ਹਦਾਇਤ ਕੀਤੀ ਸੀ ਹੁਣ ਤੇਰਾ ਸਹੁਰਾ ਘਰ ਹੀ ਤੇਰਾ ਸਭ ਕੁਝ ਹੈ ਉਥੋਂ ਹੀ ਤੇਰੀ ਅਰਥੀ ਨਿਕਲੇਗੀ ਨੂੰ ਵਿਸਾਰ ਕੇ, ਆਪਣੀ ਬੀਬੀ ਧੀ ਨੂੰ ਆਪਣੇ ਨਾਲ ਲੈ ਤੁਰੇ। ਇਸ ਉਦਾਸ ਪਲ ਨੂੰ ਸਾਰੀ ਪੰਚਾਇਤ ਅਤੇ ਪਿੰਡ ਵਾਲੇ ਨਮ ਨਾਲ ਵੇਖ ਰਹੇ ਸੀ। ਲੱਡੂ ਨੂੰ ਤਾਂ ਕੁਝ ਸਮਝ ਨਹੀਂ ਸੀ ਕਿ ਇਹ ਸਭ ਕੀ ਵਾਪਰ ਰਿਹਾ ਹੈ । ਉਹ ਤਾਂ ਆਪਣੇ ਛੋਟੇ ਭਰਾ ਵੀਰੂ ਨਾਲ ਖਿਡੌਣਿਆਂ ਨਾਲ ਖੇਡਣ ਵਿਚ ਮਸਤ ਸੀ।

ਸੁਰਜੀਤ ਆਪਣੇ ਪੇਕੇ ਘਰ ਜਾ ਕੁਝ ਦਿਨ ਤਾਂ ਗੁੰਮ ਸੁੰਮ ਰਹੀ ਅਥਰੂ ਵਹਾਉਂਦੀ ਰਹੀ ਉਹ ਅਥਰੂਆਂ ਨੂੰ ਰੋਕਣ ਦਾ ਯਤਨ ਕਰਦੀ ਹਾਲਾਤ ਨਾਲ ਸਮਝੌਤਾ ਕਰਨ ਦਾ ਯਤਨ ਕਰਦੀ ਪਰ ਅਥਰੂ ਆਪ ਮੁਹਾਰੇ ਹੋ ਚੁਕੇ ਸਨ ਉਹ ਰੋਕਿਆਂ ਨਹੀਂ ਰੁਕਦੇ ਸਨ। ਉਸ ਦੇ ਮਾਪੇ ਵੀ ਪ੍ਰੇਸ਼ਾਨ ਸਨ ਪ੍ਰੰਤੂ ਉਹ ਸਮਝ ਰਹੇ ਸਨ ਅਥਰੂ ਵੱਗਣ ਨਾਲ ਮਨ ਕੁਝ ਤਾਂ ਹੌਲਾ ਹੋਵੇਗਾ ਭਾਵੇਂ ਉਸ ਦਾ ਦੁੱਖ ਵੱਡਾ ਸੀ ਇਕ ਪਤੀ ਦਾ ਇਸ ਦੁਨੀਆ ਤੋਂ ਵਿਦਾ ਹੋ ਜਾਣਾ ਅਤੇ ਦੂਸਰਾ ਲੱਡੂ ਨੂੰ ਕਿਸੇ ਦੂਸਰੇ ਦੇ ਆਸਰੇ ਛੱਡ ਕੇ ਆਉਣਾ। ਉਸ ਦੀ ਅਕਲ ਉਸ ਨੂੰ ਜਵਾਬ ਦੇ ਚੁਕੀ ਸੀ ਪ੍ਰੰਤੂ ਉਸ ਨੇ ਅਸਲੀਅਤ ਦਾ ਸਾਹਮਣਾ ਤਾਂ ਕਰਨਾ ਹੀ ਸੀ। ਹੋਲੀ ਹੋਲੀ ਸਮਾਂ ਅਗੇ ਵਲ ਵਧਣ ਲਗਾ। ਉਸ ਨੇ ਆਪਣੇ ਆਪ ਨੂੰ ਮਾਪਿਆਂ ਦੀ ਸੇਵਾ ਵਿਚ ਤੇ ਘਰ ਦੇ ਕੰਮਾਂ ਵਿਚ ਉਲਝਾਉਣਾ ਸ਼ੁਰੂ ਕਰ ਦਿੱਤਾ। ਮਾਪਿਆਂ ਨੂੰ ਵੀ ਕੁਝ ਤਸਲੀ ਹੋਈ । ਇਹ ਫੈਸਲਾ ਕਰਵਾ ਕੇ ਦਲਜੀਤ ਕੌਰ ਅਤੇ ਮਹਿੰਦਰ ਕੌਰ ਨੇ ਜ਼ਮੀਨ ਦੀ ਵੰਡ ਹੋਣੋ ਬਚਾ ਕਰ ਲਿਆ ਸੀ। ਇਸ ਤੇ ਉਹ ਮਨ ਵਿਚ ਖੁਸ਼ ਸਨ।

ਸਮਾਂ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ ਇਹ ਅੱਜ ਹੋਰ ਤੇ ਭਲਕੇ ਹੋਰ ਰੰਗ ਵਿਖਾਉਂਦਾ ਹੈ। ਉਧਰ ਦੋਹਾਂ ਭਰਾਵਾਂ ਨੂੰ ਸਕੂਲ ਵਿਚ ਪਾ ਦਿਤਾ ਗਿਆ। ਮਹਿੰਦਰ ਕੌਰ ਅਤੇ ਦਲਜੀਤ ਕੌਰ ਰਲ ਮਿਲ ਕੇ ਬੱਚਿਆਂ ਨੂੰ ਤਿਆਰ ਕਰ,ਉਨ੍ਹਾਂ ਦੇ ਸਕੂਲ ਛੱਡ ਆਇਆ ਕਰਦਿਆਂ ਸਨ। ਪਹਿਲਾਂ ਪਹਿਲਾਂ ਤਾਂ ਦੋਵੇਂ ਇਕੱਠੀਆਂ ਹੀ ਛੱਡਣ ਜਾਂਦੀਆਂ ਸਨ ਫੇਰ ਉਹ ਵਾਰੀ ਵਾਰੀ ਜਾਣ ਲਗੀਆਂ। ਹਰਬੰਸ ਸਿੰਘ ਨੇ ਬੈਂਕ ਜਾਣਾ ਸ਼ੁਰੂ ਕਰ ਦਿਤਾ ਸੀ। ਸਮਾਂ ਤੇਜ਼ ਰਫਤਾਰ ਨਾਲ ਕਦਮ ਪੁੱਟਣ ਲੱਗ ਪਿਆ ਸੀ। ਬਚੇ ਅਗਲੀਆਂ ਜਮਾਤ ਵਿੱਚ ਹੋ ਰਹੇ ਸਨ। ਇਸ ਤਰਾਂ ਦੋਵਾਂ ਨੇ ਦਸਵੀਂ ਕਲਾਸ ਪਾਰ ਕਰ ਲਈ। ਲਖਵੀਰ ਨੇ ਜ਼ਿਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮਨਵੀਰ ਮਸਾਂ ਹੀ ਪਾਸ ਹੋ ਸਕਿਆ। ਹੁਣ ਉਨ੍ਹਾਂ ਨੂੰ ਕਾਲਿਜ ਵਿਚ ਦਾਖਲ ਕਰਵਾਇਆ ਜਾਣਾ ਸੀ। ਕੇਸਰ ਸਿੰਘ ਅਤੇ ਹਰਬੰਸ ਸਿੰਘ ਦੀ ਇਹ ਰਾਏ ਸੀ ਕਿ ਦੋਹਾਂ ਨੂੰ ਇਕੋ ਹੀ ਕਾਲਿਜ ਵਿਚ ਪਾਇਆ ਜਾਵੇ। ਇਸ ਤਰਾਂ ਕਰਨ ਵਿਚ ਅੜਚਨਾਂ ਸਨ। ਇਕ ਤਾਂ ਦੋਵਾਂ ਦੇ ਨੰਬਰਾਂ ਵਿਚ ਖਾਸਾ ਫਰਕ ਸੀ। ਇੰਜ ਲਗ ਰਿਹਾ ਸੀ ਕਿ ਇਕੋ ਕਾਲਿਜ ਵਿਚ ਦਾਖਲਾ ਮਿਲਣਾ ਮੁਸ਼ਕਿਲ ਹੈ। ਉਧਰ ਦਲਜੀਤ ਵੀ ਨਹੀਂ ਚਾਹੁੰਦੀ ਸੀ ਕਿ ਲਖਵੀਰ ਨੂੰ ਹੋਰ ਪੜ੍ਹਾਇਆ ਜਾਵੇ ਉਹ ਚਾਹੁੰਦੀ ਸੀ ਕਿ ਉਹ ਖੇਤੀ ਵਿਚ ਆਪਣੇ ਦਾਦੇ ਦੀ ਮੱਦਦ ਕਰੇ ਅਤੇ ਮਨਵੀਰ ਨੂੰ ਕਿਸੇ ਚੰਗੇ ਕੋਰਸ ਵਿਚ ਦਾਖਲ ਕਰਵਾਇਆ ਜਾਵੇ ਤਾਂ ਜੋ ਪੜ੍ਹ ਲਿਖ ਕੇ ਆਪਣੇ ਬਾਪ ਵਾਂਗ ਕੋਈ ਚੰਗਾ ਅਫਸਰ ਲੱਗ ਸਕੇ। ਜਦੋਂ ਕਾਲਿਜ ਵਿਚ ਦਾਖਲੇ ਬਾਰੇ ਪਤਾ ਸਤਾ ਕੀਤਾ ਤਾਂ ਇਹ ਖਬਰ ਮਿਲੀ ਕਿ ਕਾਲਿਜ ਵਾਲੇ ਲਖਵੀਰ ਨੂੰ ਦਾਖਲ ਕਰਨ ਲਈ ਤਿਆਰ ਸਨ ਅਤੇ ਵਜ਼ੀਫਾ ਵੀ ਦੇ ਰਹੇ ਸਨ। ਹੋਸਟਲ ਵਿਚ ਰਹਿਣ ਦਾ ਸਾਰਾ ਖਰਚ ਵੀ ਕਾਲਿਜ ਵਲੋਂ ਕਰਨ ਲਈ ਤਿਆਰ ਸਨ ਜਦੋਂ ਕਿ ਮਨਵੀਰ ਨੂੰ ਦਾਖਲ ਕਰਨ ਤੋਂ ਆਨਾ ਕਾਨੀ ਕਰ ਰਹੇ ਸਨ। ਹਰਬੰਸ ਦੀ ਜਾਣ ਪਛਾਣ ਸਦਕਾ ਕਾਲਿਜ ਵਾਲੇ ਕੁਝ ਡੋਨੇਸ਼ਨ ਲੈ ਕੇ ਮਨਵੀਰ ਨੂੰ ਵੀ ਦਾਖਿਲ ਕਰਨ ਤੇ ਰਾਜ਼ੀ ਹੋ ਗਏ । ਦੋਹਾਂ ਨੂੰ ਕਾਲਿਜ ਵਿਚ ਦਾਖਲਾ ਕਰਵਾ ਦਿਤਾ ਗਿਆ। ਲਖਵੀਰ ਤੇ ਮਨਵੀਰ ਹੋਸਟਲ ਵਿਚ ਰਹਿਣ ਲੱਗ ਪਏ। ਉਨ੍ਹਾਂ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ। ਲਖਵੀਰ ਨੇ ਮਨ ਲੈ ਕੇ ਪੜ੍ਹਾਈ ਸ਼ੁਰੂ ਕਰ ਦਿਤੀ। ਜਦੋਂ ਕਿ ਮਨਵੀਰ ਦਾ ਪੜ੍ਹਾਈ ਵਿਚ ਮਨ ਬਿਲਕੁਲ ਹੀ ਨਹੀਂ ਲਗਦਾ ਸੀ। ਲਖਵੀਰ ਉਸ ਨੂੰ ਸਮਝਾਉਂਦਾ ਸੀ ਕਿ ਵੀਰੇ ਤੂੰ ਮਾਪਿਆਂ ਦਾ ਇਤਨਾ ਖਰਚ ਕਰਵਾਇਆ ਹੈ ਪੜ੍ਹਾਈ ਵਲ ਧਿਆਨ ਦਿਆ ਕਰ ਪਰ ਉਹ ਉਸ ਦੀ ਬਿਲਕੁਲ ਹੀ ਨਹੀਂ ਸੁਣਦਾ ਸੀ। ਜਦੋਂ ਉਸ ਨੇ ਘਰੇ ਆਪਣੀ ਤੇ ਵੀਰੇ ਦੀ ਪੜ੍ਹਾਈ ਦੀ ਰਿਪੋਰਟ ਘਰੇ ਦਿਤੀ ਤਾਂ ਦਲਜੀਤ ਨੇ ਲਖਵੀਰ ਨੂੰ ਇਹ ਕਹਿ ਕੇ ਚੁੱਪ ਕਰਵਾ ਦਿਤਾ ਕਿ ਤੂੰ ਆਪਦਾ ਫਿਕਰ ਕਰ ਇਸ ਬਾਰੇ ਤੈਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਹੈ। ਇਹ ਸੁਣ ਲਖਵੀਰ ਦੇ ਮਨ ਨੂੰ ਭਾਰੀ ਸੱਟ ਵਜੀ ਤੇ ਉਸ ਨੇ ਮਹਿਸੂਸ ਕੀਤਾ ਕਿ ਕੀ ਮੈਂ ਤੇ ਮਨਵੀਰ ਸਕੇ ਭਰਾ ਹਾਂ। ਮੇਰੀ ਮਾਂ ਦਲਜੀਤ ਕੌਰ ਨਹੀਂ ਹੋ ਸਕਦੀ । ਇਹ ਗੱਲ ਉਸ ਨੇ ਕਿਸੇ ਨਾਲ ਵੀ ਸਾਂਝੀ ਨਾ ਕੀਤੀ। ਉਸ ਨੇ ਦਾਦੇ ਨੂੰ ਕਹਿ ਕੇ ਮਨਵੀਰ ਨਾਲੋਂ ਵੱਖਰਾ ਕਮਰਾ ਲੈ ਲਿਆ ਅਤੇ ਮਨਵੀਰ ਆਪਣੇ ਦੋਸਤਾਂ ਨਾਲ ਰਹਿਣ ਲੱਗ ਪਿਆ। ਲਖਵੀਰ ਨੂੰ ਹੁਣ ਤਕ ਇਹੋ ਹੀ ਸਮਝਾਇਆ ਗਿਆ ਸੀ ਕਿ ਤੇਰੇ ਮਾਂ ਅਤੇ ਬਾਪ ਦੀ ਇਕ ਸੜਕ ਦੁਰਘਟਨਾ ਵਿਚ ਮੌਤ ਹੋ ਚੁੱਕੀ ਹੈ ਅਤੇ ਤੈਨੂੰ ਤੇਰੇ ਦਾਦਾ ਦਾਦੀ ਅਤੇ ਦਲਜੀਤ ਅਤੇ ਹਰਬੰਸ ਨੇ ਤੈਨੂੰ ਪਾਲਿਆ ਹੈ ਅਤੇ ਇਸ ਲਈ ਦਲਜੀਤ ਹੀ ਹੁਣ ਤੇਰੀ ਮਾਂ ਹੈ ਅਤੇ ਹਰਬੰਸ ਸਿੰਘ ਤੇਰਾ ਬਾਪ ਹੈ। ਉਹ ਆਪਣੀ ਪੜ੍ਹਾਈ ਵਲ ਧਿਆਨ ਦੇਣ ਲੱਗ ਪਿਆ। ਪ੍ਰੰਤੂ ਉਸ ਦਾ ਦਿਲ ਇਹ ਸਭ ਕੁਝ ਮੰਨਣ ਤੋਂ ਇਨਕਾਰੀ ਸੀ ਅਤੇ ਉਸ ਦੇ ਦਿਲ ਦੇ ਖੂੰਜੇ ਵਿਚੋਂ ਇਹ ਆਵਾਜ਼ ਆਉਂਦੀ ਸੀ ਕਿ ਲਖਵੀਰ ਸਿੰਘ ਤੇਰੀ ਮਾਂ ਮਰੀ ਨਹੀਂ ਹੈ ਅਤੇ ਉਹ ਜ਼ਿੰਦਾ ਹੈ। ਤੂੰ ਉਸ ਦੀ ਖੋਜ ਕਰਨੀ ਹੈ।

ਮਨਵੀਰ ਨੇ ਆਪਣੇ ਦੋਸਤਾਂ ਨਾਲ ਮਿਲਕੇ ਪਾਰਟੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਜਦੋਂ ਉਹ ਲਖਵੀਰ ਨੂੰ ਪਾਰਟੀ ਲਈ ਆਖਦਾ ਉਹ ਮਨਾ ਕਰ ਦਿੰਦਾ ਅਤੇ ਹੋਰ ਮੇਹਨਤ ਨਾਲ ਪੜ੍ਹਾਈ ਵਲ ਧਿਆਨ ਦਿੰਦਾ। ਪਾਰਟੀਆਂ ਵਿਚ ਨਸ਼ੇ ਦੀ ਵਰਤੋਂ ਹੋਣ ਲੱਗ ਪਈ ਲਖਵੀਰ ਨੇ ਘਰੇ ਕਿਸੇ ਨਾਲ ਵੀ ਨਸ਼ੇ ਵਾਲੀ ਗੱਲ ਵੀ ਸਾਂਝੀ ਨਾ ਕੀਤੀ। ਮਨਵੀਰ ਨਸ਼ੇ ਦੇ ਟੀਕੇ ਵੀ ਲਾਉਣ ਲੱਗ ਪਿਆ।

(ਬਾਕੀ ਅਗਲੇ ਸਫੇ ‘ਤੇ)

# ਭਾਰਤ ਤਿਆਰ ਕਰ ਰਿਹਾ ਹੈ ਭਵਿੱਖ ਦੀ ਸ਼ਾਨਦਾਰ ਫ਼ੌਜ



ਜਗਤਬੀਰ ਸਿੰਘ

ਬੀਤੇ ਦਿਨੀਂ ਸੈਨਾ ਵਿਚ ਰੁਦਰ ਬ੍ਰਿਗੇਡ ਦੇ ਗਠਨ ਦਾ ਐਲਾਨ ਕੀਤਾ ਗਿਆ। ਇਹ ਇਕ 'ਆਲ-ਆਰਮਜ਼ ਬ੍ਰਿਗੇਡ' ਹੋਵੇਗੀ ਜਿਸ ਦਾ ਮਤਲਬ ਹੈ ਕਿ ਇਸ ਵਿਚ ਵੱਖ-ਵੱਖ ਕਿਸਮ ਦੀਆਂ ਯੁੱਧ ਸਬੰਧੀ ਇਕਾਈਆਂ ਨੂੰ ਇਕੱਠਾ ਕੀਤਾ ਜਾਵੇਗਾ। ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ ਇਸ ਦਾ ਐਲਾਨ ਕਰਦਿਆਂ ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਕਿ ਇਹ ਭਾਰਤੀ ਸੈਨਾ ਦੇ ਆਧੁਨਿਕੀਕਰਨ ਅਤੇ ਫ਼ੌਜੀ ਬਲਾਂ ਦੇ ਨਵੀਨੀਕਰਨ ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਆਲ-ਆਰਮਜ਼ ਬ੍ਰਿਗੇਡ ਅਤੇ ਲੀਥਲ ਸਪੈਸ਼ਲ ਫੋਰਸਿਜ਼ ਦੀਆਂ ਇਕਾਈਆਂ ਦਾ ਗਠਨ ਭਵਿੱਖ ਦੇ ਫ਼ੌਜੀ ਬਲਾਂ ਦੀ ਸੰਕਲਪਨਾ ਮੁਤਾਬਕ ਕੀਤਾ ਜਾ ਰਿਹਾ ਹੈ। ਕੁਝ ਰਿਪੋਰਟਾਂ ਅਨੁਸਾਰ ਦੋ ਇਨਫੈਂਟਰੀ ਬ੍ਰਿਗੇਡਾਂ ਨੂੰ ਪਹਿਲਾਂ ਹੀ ਰੁਦਰ ਬ੍ਰਿਗੇਡ ਵਿਚ ਬਦਲਿਆ ਜਾ ਚੁੱਕਾ ਹੈ। ਰੁਦਰ ਬ੍ਰਿਗੇਡ ਦਾ ਗਠਨ ਭਾਰਤੀ ਸੈਨਾ ਦੀ ਪੂਰਵ-ਵਰਤੀ ਇੰਟੀਗ੍ਰੇਟਿਡ ਬੈਟਲ ਗਰੁੱਪਸ (ਆਈਬੀਜੀ) ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਇਸੇ ਕੜੀ ਵਿਚ 'ਭੈਰਵ' ਕਮਾਂਡੋ ਯੂਨਿਟ ਇਕ ਲੀਥਲ ਸਪੈਸ਼ਲ ਫੋਰਸ ਯੂਨਿਟ ਹੋਵੇਗੀ ਜਿਸ ਨੂੰ ਤੁਰੰਤ ਹਮਲੇ ਅਤੇ ਤੁਰੰਤ ਸੀਮਾ 'ਤੇ ਤੈਨਾਤੀ ਦੇ ਟੀਚੇ ਨੂੰ ਧਿਆਨ ਵਿਚ ਰੱਖ ਕੇ ਵਿਕਸਤ ਕੀਤਾ ਜਾਵੇਗਾ।

ਕੁੱਲ ਮਿਲਾ ਕੇ, ਵੱਖੋ-ਵੱਖ ਕੰਬੈਟ, ਕੰਬੈਟ ਸਪੋਰਟ ਅਤੇ ਲਾਜਿਸਟਿਕ ਅਮਲੇ ਦਾ ਏਕੀਕਰਨ ਬਹੁਤ ਹੀ ਸਾਰਥਕ ਪਹਿਲ ਹੈ ਜਿਸ ਨਾਲ ਬਹੁ-ਪੱਧਰੀ ਮੋਰਚਿਆਂ 'ਤੇ ਜੰਗ ਵਿਚ ਮਦਦ ਮਿਲੇਗੀ। ਰਿਪੋਰਟਾਂ ਮੁਤਾਬਕ ਰੁਦਰ ਬ੍ਰਿਗੇਡ ਵੱਖ-ਵੱਖ ਬਟਾਲੀਅਨਾਂ ਅਤੇ ਰੈਜੀਮੈਂਟਾਂ ਨੂੰ ਮਿਲਾ ਕੇ ਬਣੇਗੀ। ਇਸ ਦੀ ਬਣਤਰ ਕੰਮ ਦੀ ਵਿਸ਼ੇਸ਼ ਪ੍ਰਕਿਰਤੀ ਜਾਂ ਸੰਚਾਲਨ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਤੈਅ ਕੀਤੀ ਜਾਵੇਗੀ। ਇਹ ਡ੍ਰੋਨ ਸਰਵਿਲਾਂਸ ਉਪਕਰਨਾਂ ਅਤੇ ਏਰੀਆ ਸੈਚੁਰੇਸ਼ਨ ਹਥਿਆਰਾਂ ਨਾਲ ਵੀ ਲੈਸ ਹੋਣਗੀਆਂ ਜਿਸ ਨਾਲ ਇਨ੍ਹਾਂ ਦੀਆਂ ਸਮਰੱਥਾਵਾਂ ਖ਼ਾਸੀਆਂ ਵਧ ਜਾਣਗੀਆਂ। ਉਦਾਹਰਨ ਵਜੋਂ, ਪਹਾੜੀ ਇਲਾਕਿਆਂ ਵਿਚ ਇਹ ਦੋ ਇਨਫੈਂਟਰੀ ਬਟਾਲੀਅਨਾਂ ਅਤੇ ਆਰਟੀਲਰੀ ਰੈਜੀਮੈਂਟਾਂ ਤੋਂ ਮਿਲ ਕੇ ਬਣੀ ਹੋ ਸਕਦੀ ਹੈ। ਮੈਦਾਨੀ ਇਲਾਕਿਆਂ ਵਿਚ, ਇਹ ਦੋ ਆਰਮਰਡ ਰੈਜੀਮੈਂਟਾਂ, ਇਕ ਮੈਕੇਨਾਈਜ਼ਡ ਇਨਫੈਂਟਰੀ ਬਟਾਲੀਅਨ, ਇਕ ਸੈਲਫ ਪ੍ਰੋਪੈਲਡ ਆਰਟੀਲਰੀ ਰੈਜੀਮੈਂਟ ਅਤੇ ਇਕ ਏਅਰ ਡਿਫੈਂਸ ਰੈਜੀਮੈਂਟ ਤੋਂ ਮਿਲ ਕੇ ਬਣ ਸਕਦੀ ਹੈ ਜੋ ਹਮਲਾਵਰ ਸੰਚਾਲਨ ਦੇ ਨਜ਼ਰੀਏ ਤੋਂ ਵੱਧ ਲੁੜੀਂਦੀ ਹੋਵੇਗੀ। ਨਿਯੰਤਰਣ ਰੇਖਾ (ਐਲ ਸੀ) 'ਤੇ ਇਹ ਸਪੈਸ਼ਲ ਫੋਰਸਿਜ਼ ਦੇ ਅੰਸ਼ਾਂ ਦੇ ਨਾਲ ਇਨਫੈਂਟਰੀ ਬਟਾਲੀਅਨਾਂ ਦੇ ਰੂਪ ਵਿਚ ਹੋ ਸਕਦੀ ਹੈ। ਇਸ ਸੰਦਰਭ ਵਿਚ ਇਕ ਸਵਾਲ ਉੱਠਦਾ ਹੈ ਕਿ ਕੀ ਰੁਦਰ ਡ੍ਰੋਨ ਅਤੇ ਆਈਐੱਸਆਰ (ਆਰਮੀ ਇੰਟੈਲੀਜੈਂਸ, ਸਰਵਿਲਾਂਸ ਐਂਡ ਰੀਕਾਨਿਸੰਸ) ਮਤਲਬ ਕਿ ਸੈਨਾ ਦੀ ਖ਼ੁਫ਼ੀਆ, ਨਿਗਰਾਨੀ ਅਤੇ ਟੋਹੀ ਸਮਰੱਥਾਵਾਂ ਦੇ ਨਾਲ ਮੌਜੂਦਾ ਸੁਤੰਤਰ ਬ੍ਰਿਗੇਡਾਂ ਦਾ ਹੀ ਸੋਧਿਆ ਹੋਇਆ ਅਤੇ ਉੱਨਤ ਰੂਪ ਹੈ?

ਅਮਰੀਕਾ, ਰੂਸ ਅਤੇ ਚੀਨ ਵਰਗੇ ਫ਼ੌਜੀ ਤਾਕਤ ਪੱਖੋਂ ਮਜ਼ਬੂਤ ਮੁਲਕਾਂ ਵਿਚ ਸੈਨਾ ਦੇ ਬਲਾਂ ਦੇ ਵਿਚਕਾਰ ਬਿਹਤਰ ਸਹਿਯੋਗ ਲਈ ਅਜਿਹੀਆਂ ਇਕਾਈਆਂ ਸਥਾਪਤ ਕੀਤੀਆਂ ਗਈਆਂ ਹਨ। ਭਾਰਤ ਵਿਚ ਵੀ ਇਸ ਦੇ ਲਾਭ ਦੇਖੇ ਜਾਣਗੇ। ਜਦੋਂ ਆਰਮਰ, ਇਨਫੈਂਟਰੀ, ਮੈਕੇਨਾਈਜ਼ਡ ਇਨਫੈਂਟਰੀ ਬਟਾਲੀਅਨ, ਇਨਫੈਂਟਰੀ, ਆਰਟੀਲਰੀ, ਏਅਰ ਡਿਫੈਂਸ ਆਰਟੀਲਰੀ, ਸਪੈਸ਼ਲ ਫੋਰਸ ਅਤੇ ਡ੍ਰੋਨ ਇਕ ਹੀ ਬ੍ਰਿਗੇਡ ਦੇ ਅੰਦਰ ਚਲਾਏ ਜਾਣਗੇ ਤਾਂ ਸੈਨਾ ਦੇ ਬਲਾਂ ਵਿਚ ਬਿਹਤਰ ਸਹਿਯੋਗ ਯਕੀਨੀ ਬਣੇਗਾ। ਇਸ ਨਾਲ ਤੁਰੰਤ ਤੈਨਾਤੀ ਦੀ ਸਹੂਲਤ ਤੋਂ ਲੈ ਕੇ ਰੱਖਿਆ ਪੱਖੋਂ ਲਚਕੀਲਾਪਨ ਵੀ ਮਿਲੇਗਾ। ਕੁਝ ਉੱਚੇਚੇ ਭੂਗੋਲਿਕ ਖੇਤਰਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਤਿਆਰੀ ਨਾਲ ਉੱਥੇ ਹਮਲਾਵਰ ਜਾਂ ਰੱਖਿਆਤਮਕ ਕਾਰਵਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨਾ ਵੀ ਸੁਗਮ ਹੋ ਜਾਵੇਗਾ। ਉਂਜ ਵੀ ਮੌਜੂਦਾ ਦੌਰ ਵਿਚ ਤਕਨਾਲੋਜੀ ਨੇ ਯੁੱਧ ਦੇ ਖੇਤਰ ਵਿਚ ਆਪਣੀ ਪੈਠ ਡੂੰਘੀ ਬਣਾ ਲਈ ਹੈ, ਤਦ ਡ੍ਰੋਨ ਨਿਗਰਾਨੀ, ਏਰੀਆ ਸੈਚੁਰੇਸ਼ਨ ਵੈਪਨਜ਼ ਵਰਗੀਆਂ ਪ੍ਰਣਾਲੀਆਂ ਦੀ ਉਪਯੋਗਿਤਾ ਕਾਫ਼ੀ ਵਧ ਗਈ ਹੈ। ਆਰਟੀਲਰੀ, ਏਅਰ ਡਿਫੈਂਸ, ਇੰਜੀਨੀਅਰ ਅਤੇ ਕਮਿਊਨੀਕੇਸ਼ਨ ਦੇ ਨਾਲ-ਨਾਲ ਅੰਦਰੂਨੀ ਰਸਦ ਸਪਲਾਈ ਦੇ ਨਾਲ ਗਠਿਤ ਸਮਰਪਿਤ ਕੰਬੈਟ ਸਹਾਇਤਾ ਵਰਗੀਆਂ ਪਹਿਲਾਂ ਸੰਚਾਲਨ ਸੁਤੰਤਰਤਾ ਦੇ ਨਾਲ ਹੀ ਸਥਿਰਤਾ ਵੀ ਪ੍ਰਦਾਨ ਕਰਨਗੀਆਂ। ਪ੍ਰਸਤਾਵਿਤ ਏਕੀਕ੍ਰਿਤ ਯੁੱਧ ਗਰੁੱਪ-ਆਈਬੀਜੀ ਤਤਪਰਤਾ ਨੂੰ ਵਧਾਉਣ ਦੇ ਨਾਲ-ਨਾਲ ਬਦਲ ਵੀ ਵਧਾਏਗਾ।

ਵੈਸੇ ਤਾਂ ਸੈਨਾ ਇਸ ਤਰ੍ਹਾਂ ਦੇ ਪੁਨਰਗਠਨ 'ਤੇ ਕਾਫ਼ੀ ਸਮੇਂ ਤੋਂ ਕੰਮ ਕਰ ਰਹੀ ਹੈ ਪਰ ਜਿਸ ਸਮੇਂ ਇਸ ਦਾ ਐਲਾਨ ਹੋਇਆ, ਉਸ ਨੂੰ ਲੈ ਕੇ ਕੁਝ ਲੋਕ ਇਸ ਨੂੰ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਦੇ ਘਟਨਾਕ੍ਰਮ ਨਾਲ ਵੀ ਜੋੜ ਕੇ ਦੇਖ ਸਕਦੇ ਹਨ। ਇਹ ਪੁਨਰਗਠਨ ਸਿਰਫ਼ ਖ਼ਤਰੇ ਦੀਆਂ ਧਾਰਨਾਵਾਂ ਅਤੇ ਯੁੱਧ ਦੀ ਪ੍ਰਕਿਰਤੀ ਵਿਚ ਆ ਰਹੀਆਂ ਤਬਦੀਲੀਆਂ 'ਤੇ ਆਧਾਰਤ ਨਹੀਂ ਸਗੋਂ ਡੋਕਲਾਮ ਅਤੇ ਗਲਵਾਨ ਦੇ ਨਾਲ-ਨਾਲ ਨਿਯੰਤਰਣ ਰੇਖਾ 'ਤੇ ਜਾਰੀ ਸੰਘਰਸ਼ਾਂ ਤੋਂ ਮਿਲੇ ਸਬਕ ਨੂੰ ਵੀ ਧਿਆਨ ਵਿਚ ਰੱਖ ਕੇ ਕੀਤਾ ਜਾ ਰਿਹਾ ਹੈ। ਰੁਦਰ ਜ਼ਰੀਏ ਤੁਰੰਤ, ਬਿਹਤਰ ਆਈਐੱਸਆਰ ਅਤੇ ਸੰਯੁਕਤ ਸੈਨਾ ਦੀ ਤਾਕਤ ਦੇ ਆਧਾਰ 'ਤੇ ਰੱਖਿਆ ਸਬੰਧੀ ਚੜ੍ਹਤ ਸੰਭਵ ਹੋ ਸਕੇਗੀ। ਇਸ ਦਾ ਰੂਪ ਆਧੁਨਿਕ ਅਤੇ ਲਚਕੀਲਾ ਹੈ ਪਰ ਇਸ ਨੂੰ ਅਜਿਹੀ ਬਹੁ-ਉਦੇਸ਼ੀ ਟਾਸਕ ਫੋਰਸ ਦੇ ਰੂਪ ਵਿਚ ਢਾਲਣਾ ਹੋਵੇਗਾ ਜੋ ਹਵਾਈ ਹਮਲੇ, ਸਾਈਬਰ ਅਤੇ ਇਲੈਕਟ੍ਰਾਨਿਕ ਵਾਰਫੇਅਰ ਦੇ ਨਾਲ ਹੀ ਦੁਸ਼ਮਣ ਦੇ ਰਡਾਰ ਨੂੰ ਬੰਦ ਕਰਨ ਵਿਚ ਵੀ ਸਮਰੱਥ ਹੋ ਸਕੇ। ਮੌਜੂਦਾ ਹਾਲਾਤ ਨੂੰ ਦੇਖਦਿਆਂ ਹੋਇਆਂ ਵੱਖ-ਵੱਖ ਹਥਿਆਰ ਪ੍ਰਣਾਲੀਆਂ ਦੇ ਵਿਚਕਾਰ ਸੁਚੱਜਾ ਸਹਿਯੋਗ ਜ਼ਰੂਰੀ ਹੀ ਨਹੀਂ ਸਗੋਂ ਲਾਜ਼ਮੀ ਹੋ ਚੁੱਲਿਆ ਹੈ। ਇਸ ਵਿਚ ਧਰਤੀ ਅਤੇ ਅਸਮਾਨ ਤੋਂ ਚਲਾਈਆਂ ਜਾਣ ਵਾਲੀਆਂ ਪ੍ਰਣਾਲੀਆਂ ਦੇ ਨਾਲ-ਨਾਲ ਸਪੇਸ ਅਤੇ ਸਾਈਬਰ ਵਰਗੇ ਮੋਰਚਿਆਂ ਨੂੰ ਵੀ ਸੋਧਣਾ ਹੋਵੇਗਾ।

ਹਾਲਾਂਕਿ ਹਰ ਨਵੀਆਂ ਸਮਰੱਥਾਵਾਂ ਜਿਨ੍ਹਾਂ ਦਾ ਇਸ ਵਿਚ ਏਕੀਕਰਨ ਹੋਵੇਗਾ, ਉਸ ਸਥਿਤੀ ਵਿਚ ਇਹ ਪ੍ਰਕਿਰਿਆ ਕੁਝ ਜਟਿਲ ਵੀ ਹੋ ਜਾਵੇਗੀ। ਰੁਦਰ ਬ੍ਰਿਗੇਡ ਦੀ ਸਫਲਤਾ ਦੀ ਕੁੰਜੀ ਇਸ ਦੀ ਸਿਖਲਾਈ ਵਿਚ ਮੌਜੂਦ ਹੋਵੇਗੀ। ਨਾਲ ਹੀ ਇਸ 'ਤੇ ਵੀ ਧਿਆਨ ਦੇਣਾ ਹੋਵੇਗਾ ਕਿ ਇਸ ਮਾਧਿਅਮ ਨਾਲ ਕਿਸ ਤਰ੍ਹਾਂ ਦੀਆਂ ਉੱਚੇਰੀਆਂ ਸਮਰੱਥਾਵਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਵਿਚ ਕਮਾਂਡ ਅਤੇ ਕੰਟਰੋਲ ਦੇ ਪੱਧਰ 'ਤੇ ਵੀ ਸਪਸ਼ਟਤਾ ਅਤੇ ਸੰਤੁਲਨ ਬਣਾਉਣ ਦੀ ਜ਼ਰੂਰਤ ਹੋਵੇਗੀ ਜਿਸ ਵਿਚ ਕੇਂਦਰੀਕਰਨ ਅਤੇ ਵਿਕੇਂਦਰੀਕਰਨ ਦੀ ਧਾਰਨਾ ਨੂੰ ਇਸ ਤਰ੍ਹਾਂ ਮੂਰਤ ਰੂਪ ਦੇਣਾ ਹੋਵੇਗਾ ਕਿ ਰੁਦਰ ਬ੍ਰਿਗੇਡ ਦਾ ਕਮਾਂਡਰ ਪੂਰੀ ਆਜ਼ਾਦੀ ਨਾਲ ਕੰਮ ਕਰ ਸਕੇ। ਉਸ ਨੂੰ ਢੁੱਕਵੀਂ ਖ਼ੁਦਮੁਖ਼ਤਾਰੀ ਪ੍ਰਾਪਤ ਹੋਣੀ ਚਾਹੀਦੀ ਹੈ ਤਾਂ ਜੋ ਉਹ ਸੰਚਾਲਨ ਲਈ ਨਿਰਣਾਇਕ ਬਿੰਦੂਆਂ ਦੀ ਨਿਸ਼ਾਨਦੇਹੀ ਕਰਦੇ ਸਮੇਂ ਆਪਣੀਆਂ ਸਾਰੀਆਂ ਸਮਰੱਥਾਵਾਂ ਨੂੰ ਜੁਟਾ ਸਕੇ। ਉਮੀਦ ਮੁਤਾਬਕ ਨਤੀਜਿਆਂ ਦੀ ਪ੍ਰਾਪਤੀ ਅਤੇ ਦੁਸ਼ਮਣ ਨਾਲ ਨਿਪਟਣ ਲਈ ਵੀ ਉਸ ਨੂੰ ਜ਼ਰੂਰੀ ਸਰੋਤਾਂ ਦੀ ਸਪਲਾਈ ਯਕੀਨੀ ਹੋਣੀ ਚਾਹੀਦੀ ਹੈ।

(ਸਫ਼ਾ 18 ਦੀ ਬਾਕੀ)

ਲਖਵੀਰ ਨੂੰ ਇਹ ਸਭ ਬਿਲਕੁਲ ਵੀ ਨਹੀਂ ਭਾਉਂਦਾ ਉਹ ਤਾਂ ਕੇਵਲ ਪੜ੍ਹਾਈ ਉਪਰ ਹੀ ਕੇਂਦਰਿਤ ਸੀ। ਉਸ ਨੇ ਕਾਲਿਜ ਦੀ ਪੜ੍ਹਾਈ ਪੂਰੀ ਕਰ ਲਈ ਜਦੋਂ ਕਿ ਮਨਵੀਰ ਉਸ ਤੋਂ ਕਾਫੀ ਪਿਛੇ ਰਹਿ ਗਿਆ ਸੀ। ਉਸ ਨੇ ਪੀ ਸੀ ਐਸ ਦਾ ਇਮਿਤਿਹਾਨ ਦਿਤਾ ਤੇ ਕਾਮਯਾਬ ਹੋ ਗਿਆ। ਉਸ ਨੂੰ ਤਹਿਸੀਲਦਾਰ ਲਾ ਦਿੱਤਾ ਗਿਆ। ਉਸ ਨੇ ਸਿਖਲਾਈ ਪੂਰੀ ਕਰ ਲਈ ਅਤੇ ਨੇੜੇ ਦੇ ਜ਼ਿਲੇ ਵਿਚ ਨੌਕਰੀ ਕਰਨ ਲੱਗ ਪਿਆ। ਪ੍ਰੰਤੂ ਉਸ ਦੇ ਮਨ ਅੰਦਰ ਆਪਣੀ ਮਾਂ ਨੂੰ ਲੱਭਣ ਦੀ ਚਿੰਤਾ ਸੀ। ਇੱਕ ਦੋ ਵਾਰ ਉਸ ਨੇ ਆਪਣੇ ਦਾਦੇ ਨੂੰ ਪੁੱਛਿਆ ਤਾਂ ਉਸ ਨੇ ਵੀ ਘਰੇ ਹੋਏ ਫੈਸਲੇ ਮੁਤਾਬਿਕ ਉਸ ਨੂੰ ਦੱਸਿਆ ਕਿ ਦਲਜੀਤ ਕੌਰ ਹੀ ਤੇਰੀ ਮਾਂ ਹੈ ਅਤੇ ਹਰਬੰਸ ਸਿੰਘ ਹੀ ਤੇਰਾ ਬਾਪ ਹੈ। ਤੈਨੂੰ ਕੋਈ ਵਹਿਮ ਹੈ, ਚਿੰਤਾ ਨਾ ਕਰਿਆ ਕਰ। ਸਾਨੂੰ ਹੁਣ ਤੇਰੇ ਵਿਆਹ ਦਾ ਫਿਕਰ ਹੈ। ਲਖਵੀਰ ਨੇ ਕਿਹਾ ਕਿ ਵਿਆਹ ਤਾਂ ਜਦੋਂ ਕਹੋਗੇ ਕਰਵਾ ਲਵਾਂਗਾ। ਮੈਂ ਆਪਣੇ ਪੈਰਾਂ ਸਿਰ ਹੋ ਗਿਆ ਹਾਂ। ਬਹੁਤ ਸਾਰੇ ਰਿਸ਼ਤੇ ਮਿਲ ਜਾਣਗੇ। ਮੈਨੂੰ ਤਾਂ ਇਹ ਫਿਕਰ ਹੈ ਕਿ ਮਨਵੀਰ ਦਾ ਕੀ ਬਣੇਗਾ। ਉਹ ਹਰ ਸਮੇਂ ਨਸ਼ੇ ਵਿਚ ਹੀ ਰਹਿੰਦਾ ਹੈ।

ਲਖਵੀਰ ਨੂੰ ਆਪਣੀ ਮਾਂ ਦਾ ਪਤਾ ਕਰਨ ਲਈ ਕੋਈ ਵੀ ਸੁਰਾਗ ਕਿਸੇ ਪਾਸੇ ਤੋਂ ਨਹੀਂ ਮਿਲ ਰਿਹਾ ਸੀ। ਇਕ ਦਿਨ ਨਸ਼ੇ ਦੀ ਤੋੜ ਵਿਚ ਮਨਵੀਰ ਨੇ ਦਲਵੀਰ ਨੂੰ ਕੁੱਟ ਦਿਤਾ ਕਿਉਂ ਜੋ ਉਹ ਉਸ ਨੂੰ ਨਸ਼ਾ ਖਰੀਦਣ ਲਈ ਪੈਸੇ ਨਹੀਂ ਦੇ ਰਹੀ ਸੀ। ਜਦੋਂ ਗੇਲੋ ਤੇ ਸਿਮਰੋ ਨੇ ਉਸ ਨੂੰ ਰੋਕਣ ਦੀ ਕੋਸ਼ਿਸ ਕੀਤੀ ਤਾਂ ਮਨਵੀਰ ਨੇ ਉਨ੍ਹਾਂ ਦੇ ਵੀ ਸਟਾਂ ਮਾਰ ਦਿਤੀਆਂ। ਤਿੰਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਲਖਵੀਰ ਨੂੰ ਜਦੋਂ ਦੱਸਿਆ ਗਿਆ ਤਾਂ ਉਹ ਵੀ ਪਤਾ ਲੈਣ ਲਈ ਹਸਪਤਾਲ ਪੁੱਜ ਗਿਆ। ਤਿੰਨਾਂ ਨੂੰ ਜ਼ਖ਼ਮੀ ਹਾਲਤ ਵਿਚ ਦੇਖ ਉਸ ਦਾ ਮਨ ਦੁਖੀ ਹੋਇਆ ਤੇ ਉਹ ਵਾਰੀ ਵਾਰੀ ਦਲਜੀਤ, ਗੇਲੋ ਅਤੇ ਸਿਮਰੋ ਤੋਂ ਸਾਰੀ ਗੱਲ ਧਿਆਨ ਨਾਲ ਸੁਣਨ ਲੱਗਾ। ਉਹ ਚਾਹੁੰਦਾ ਸੀ ਕਿ ਮਨਵੀਰ ਨੂੰ ਸਿਧੇ ਰਸਤੇ ਪਾਇਆ ਜਾਵੇ ਪਰ ਇਸ ਕੰਮ ਲਈ ਦਲਜੀਤ ਅਤੇ ਹਰਬੰਸ ਦੀ ਸਹਿਮਤੀ ਜ਼ਰੂਰੀ ਸੀ। ਜਦੋਂ ਉਸ ਨੇ ਦਲਜੀਤ ਨੂੰ ਪੁੱਛਿਆ ਤਾਂ ਉਹ ਅਸਲੀਅਤ ਨੂੰ ਲੁਕੋ ਕਹਿਣ ਲੱਗੀ ਕਿ ਮੈਂ ਤਾਂ ਡਿਗ ਪਈ ਸੀ ਜਦੋਂ ਮੈਨੂੰ ਪਾਸੇ ਕਰਨ ਲਈ ਮਨਵੀਰ ਨੇ ਜ਼ਰਾ ਕੁ ਹੱਥ ਲਾਇਆ ਸੀ।

ਜਦੋਂ ਕਿ ਗੇਲਾ ਤੇ ਸਿਮਰੋ ਫਿਸ ਪਏ। ਉਨ੍ਹਾਂ ਨੇ ਦੱਸਿਆ ਕਿ ਪਾਪਾ ਜੀ ਦੇ ਬੈਂਕ ਜਾਣ ਤੋਂ ਬਾਅਦ ਅਤੇ ਬਾਬਾ ਜੀ ਦੇ ਖੇਤ ਚਲੇ ਜਾਣ ਤੋਂ ਬਾਅਦ ਮਨਵੀਰ ਰੋਜ਼ਾਨਾ ਹੀ ਦਲਜੀਤ ਨਾਲ ਲੜਾਈ ਕਰਦਾ ਹੈ ਉਸ ਤੋਂ ਪੈਸੇ ਲੈ ਜਾਂਦਾ ਹੈ। ਅੱਜ ਉਸ ਨੇ ਮਨ੍ਹਾ ਕੀਤਾ ਤੇ ਇਸ ਨੇ ਕੋਲ ਪਿਆ ਘੋਟਣਾ ਚੁੱਕ ਲਿਆ ਤੇ ਦੋ ਤਿੰਨ ਉਸ ਦੇ ਜੜ੍ਹ ਦਿਤੇ ਜਿਸ ਨਾਲ ਇਹ ਡਿਗ ਪਈ। ਅਸੀਂ ਦੋਵੇਂ ਨੇੜੇ ਹੀ ਕੰਮ ਕਰ ਰਹੇ ਸੀ ਅਤੇ ਜਦੋਂ ਨੇੜੇ ਪੁੱਜ ਉਸ ਨੂੰ ਹਟਾਉਣਾ ਚਾਹਿਆ ਅਤੇ ਮੈਂ ਉਸ ਦੇ ਹੱਥੋਂ ਘੋਟਣਾ ਖੋਹ ਰਿਹਾ ਸੀ। ਉਸ ਨੇ ਮੇਰੇ ਵੀ ਦੂਹੀ ਵਿਚ ਚਾਰ ਪੰਜ ਜੜ੍ਹ ਦਿਤੀਆਂ। ਮੈਂ ਤਾਂ ਉਥੇ ਹੀ ਡਿਗ ਪਿਆ ਇਹੀ ਹਾਲ ਇਸ ਨੇ ਸਿਮਰੋ ਦਾ ਕੀਤਾ। ਮੈਂ ਤਾਂ ਸੋਚਿਆ ਕਿ ਅਸੀਂ ਤਾਂ ਮਰ ਗਏ ਜਦੋਂ ਉਹ ਕਾਫੀ ਖੂਨ ਇਕੱਠਾ ਹੋ ਗਿਆ ਤਾਂ ਇਹ ਘੋਟਣਾ ਸੁਟ ਕੇ ਭੱਜ ਗਿਆ। ਪਿੰਡ ਵਾਲੇ ਰੋਲਾ ਸੁਣ ਕੇ ਸਾਡੀ ਮਦਦ ਲਈ ਅਪੜੇ ਤਾਂ ਸਾਨੂੰ ਇਥੇ ਹਸਪਤਾਲ ਵਿਚ ਲਿਆ ਸੁਟਿਆ। ਹੁਣ ਦਵਾਈਆਂ ਨਾਲ ਕੁਝ ਅਰਾਮ ਮਿਲਿਆ। ਹਾਲੇ ਵੀ ਪਾਸਾ ਨਹੀਂ ਲਿਆ ਜਾਂਦਾ ਦਰਦ ਬਹੁਤ ਹੁੰਦਾ ਹੈ। ਸਿਮਰੋ ਦੀ ਆਵਾਜ਼ ਤਾਂ ਮਸਾਂ ਹੀ ਨਿਕਲਦੀ ਹੈ।

ਲਖਵੀਰ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਦਲਜੀਤ ਆਪਣੇ ਪੁੱਤ ਮਨਵੀਰ ਨੂੰ ਬਚਾਉਣਾ ਚਾਹੁੰਦੀ ਹੈ। ਮੈਨੂੰ ਉਹ ਅਸਲੀਅਤ ਨਹੀਂ ਦੱਸ ਰਹੀ ਹੈ ਕਿਉਂ ਜੋ ਮੈਂ ਉਸ ਦਾ ਪੁੱਤਰ ਨਹੀਂ ਹਾਂ। ਮੇਰੀ ਮਾਂ ਕੋਈ ਹੋਰ ਹੈ ਉਹ ਜਿਥੇ ਵੀ ਮੈਂ ਲੱਭ ਕੇ ਰਹਾਂਗਾ। ਮੈਨੂੰ ਪਤਾ ਹੈ ਮਾਂ ਦੇ ਪੈਰਾਂ ਵਿਚ ਜੰਨਤ ਹੁੰਦੀ ਹੈ। ਮੈਨੂੰ ਉਸ ਦੇ ਮਿਲਣ ਤੇ ਹੀ ਪੂਰਨ ਖੁਸ਼ੀ ਮਿਲੇਗੀ ਅਤੇ ਅਨੰਦ ਦਾ ਅਨੁਭਵ ਹੋਵੇਗਾ। ਕੁਝ ਵੀ ਕਰਨਾ ਪਵੇ ਮੈਂ ਉਸ ਨੂੰ ਜ਼ਰੂਰ ਹੀ ਲੱਭ ਲੈਣਾ ਹੈ। ਮੇਰਾ ਵਾਹਿਗੁਰੂ ਮੇਰੇ ਨਾਲ ਹੀ ਖੜੇਗਾ। ਉਹ ਹੀ ਮੈਨੂੰ ਰਸਤਾ ਦਿਖਾਵੇਗਾ। ਉਸ ਨੂੰ ਜਾਪਦਾ ਸੀ ਕਿ ਗੇਲੇ ਤੇ ਸਿਮਰੋ ਨੂੰ ਜ਼ਰੂਰ ਹੀ ਮਾਲੂਮ ਹੋਵੇਗਾ ਕਿ ' ਜੋ ਮੈਂ ਉਨ੍ਹਾਂ ਨੂੰ ਛੋਟੇ ਹੁੰਦੇ ਤੋਂ ਸਾਡੇ ਘਰ ਕੰਮ ਕਰਦਾ ਦੇਖਦਾ ਹਾਂ।

ਲਖਵੀਰ ਨੇ ਡਾਕਟਰੀ ਇਲਾਜ ਲਈ ਡਾਕਟਰ ਨੂੰ ਸਾਰੇ ਬਿਲ ਦੇਣ ਦੀ ਜ਼ਿਮੇਵਾਰੀ ਲੈ ਲਈ ਅਤੇ ਆਖਿਆ ਕਿ ਜਿਤਨਾ ਮਰਜ਼ੀ ਖਰਚ ਹੋ ਜਾਵੇ ਤਿੰਨਾਂ ਨੂੰ ਪੂਰੀ ਤਰਾਂ ਠੀਕ ਹੋਣ ਤੋਂ ਪਹਿਲਾਂ ਛੁਟੀ ਨਹੀਂ ਦੇਣੀ ਹੈ। ਮੇਰੇ ਲਈ ਗੇਲਾ ਅਤੇ ਸਿਮਰੋ ਉਤਨੇ ਹੀ ਪਿਆਰੇ ਹਨ ਜਿਤਨੀ ਦਲਜੀਤ ਮੈਨੂੰ ਪਿਆਰੀ ਹੈ। ਇਸ ਲਈ ਸਾਰਿਆਂ ਦਾ ਪੂਰੇ ਧਿਆਨ ਨਾਲ ਇਲਾਜ ਕਰਨਾ ਹੈ। ਹਰ ਦੂਜੇ ਤੀਜੇ ਦਿਨ ਉਹ ਕੰਮ ਵਿਚੋਂ ਪਤਾ ਲੈਣ ਲਈ ਆ ਜਾਇਆ ਕਰਦਾ ਸੀ। ਇਕ ਦਿਨ ਜਦ ਉਸ ਨੂੰ ਜਾਪਿਆ ਕਿ ਸਿਮਰੋ ਦੀ ਹਾਲਤ ਕਾਫੀ ਠੀਕ ਹੈ ਤਾਂ ਉਹ ਉਸ ਕੋਲ ਬੈਠ ਗਿਆ ਤੇ ਘਰ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਛੇੜ ਲਈਆਂ। ਉਸ ਨੇ ਪੁੱਛਿਆ ਕਿ ਤੂੰ ਮੈਨੂੰ ਇਹ ਦੱਸ ਕਿ ਕੀ ਮੈਂ ਦਲਜੀਤ ਕੌਰ ਦਾ ਪੁੱਤਰ ਹਾਂ? ਸਿਮਰੋ ਇਸ ਸੁਆਲ ਨੂੰ ਸੁਣ ਹੈਰਾਨ ਹੋ ਗਈ। ਇਸ ਗੱਲ ਤੇ ਪਰਦਾ ਰੱਖਣ ਲਈ ਉਨ੍ਹਾਂ ਨੂੰ ਕਸਮਾਂ ਖਵਾਈਆਂ ਗਈਆਂ ਸਨ ਅਤੇ ਕੁਝ ਨਕਦ ਰਕਮ ਵੀ ਦਿਤੀ ਗਈ ਸੀ। ਸਿਮਰੋ ਉੱਤਰ ਦੇਣ ਵਿਚ ਹਿਚਕਚਾਹਟ ਮਹਿਸੂਸ ਕਰ ਰਹੀ ਸੀ। ਲਖਵੀਰ ਵੀ ਉਸ ਦਾ ਮਨ ਭਾਂਪ ਗਿਆ ਉਸ ਨੇ ਗਿਆ ਕਿ ਤੂੰ ਡਰ ਨਾ ਮੈਨੂੰ ਸੱਚੋ ਸੱਚ ਦੱਸ ਦੇ ਮੈਂ ਤੈਨੂੰ ਇਨਾਮ ਦੇਵਾਂਗਾ। ਤੁਹਾਨੂੰ ਆਪਣੇ ਕੋਲ ਰਖਾਂਗਾ ਜੇ ਕਰ ਤੁਸੀਂ ਵੱਖਰੇ ਰਹਿਣਾ ਹੈ ਤਾਂ ਵਧੀਆ ਘਰ ਪਾ ਕੇ ਦੇ ਸਕਦਾ ਹਾਂ। ਜਿ ' ਹੀ ਉਸ ਨੇ ਲਾਲਚ ਦਿਤਾ ਤਾਂ ਸਿਮਰੋ ਨੇ ਗੇਲੇ ਵੱਲ ਦੇਖਿਆ ਜੋ ਕੇ ਸੌਂ ਰਿਹਾ ਸੀ। ਸਿਮਰੋ ਨੇ ਲਖਵੀਰ ਨੂੰ ਕਿਹਾ ਕਿ ਮੈਨੂੰ ਘਬਰਾਹਟ ਹੋ ਰਹੀ ਹੈ। ਮੈਨੂੰ ਬਾਹਰ ਲੈ ਚੱਲ। ਲਖਵੀਰ ਸਮਝ ਗਿਆ ਕਿ ਸਿਮਰੋ ਉਸ ਨਾਲ ਵੱਖਰੇ ਹੋ ਕੇ ਗੱਲ ਕਰਨਾ ਚਾਹੁੰਦੀ ਹੈ। ਉਹ ਉਸ ਨੂੰ ਸਹਾਰਾ ਦੇ ਕੇ ਬਾਹਰ ਲੈ ਗਿਆ। ਨਰਸ ਨੇ ਦੇਖਿਆ ਪਰ ਕੁਝ ਨਾ ਬੋਲੀ। ਬਾਹਰ ਜਾ ਕੇ ਸਿਮਰੋ ਨੇ ਲਖਵੀਰ ਨੂੰ ਕਿਹਾ ਕਿ ਤੁਸੀਂ ਮੈਨੂੰ ਬਚਾਉਣਾ ਹੋਵੇਗਾ ਕਿ ' ਕਿ ਜੇ ਕਰ ਮਨਵੀਰ ਨੂੰ ਪਤਾ ਲੱਗਾ ਕਿ ਭੇਦ ਮੈਂ ਖੋਲਿਆ ਹੈ ਤਾਂ ਉਹ ਮੈਨੂੰ ਅਤੇ ਗੇਲੇ ਨੂੰ ਮਾਰ ਦੇਵੇਗਾ। ਲਖਵੀਰ ਨੇ ਕਿਹਾ ਕਿ ਡਰਨ ਦੀ ਲੋੜ ਨਹੀਂ ਮੈਂ ਇਸ ਗੱਲ ਦੀ ਕਿਸੇ ਨੂੰ ਖ਼ਬਰ ਵੀ ਨਹੀਂ ਹੋਣ ਦੇਵਾਂਗਾ। ਤੂੰ ਮੈਨੂੰ ਸਾਰੀ ਗੱਲ ਦੱਸ ਦੇ। ਸਿਮਰੋ ਬੋਲੀ ਕਿ ਤੂੰ ਦਲਜੀਤ ਕੌਰ ਦਾ ਨਹੀਂ ਸੁਰਜੀਤ ਕੌਰ ਦਾ ਪੁੱਤਰ ਹੈਂ। ਤੇਰਾ ਪਿਤਾ ਰਜਵੰਤ ਸਿੰਘ ਇਕ ਦੁਰਘਟਨਾ ਵਿਚ ਪੂਰਾ ਹੋ ਗਿਆ ਸੀ ਅਤੇ ਭੋਗ ਤੋਂ ਬਾਅਦ ਹਨ ਸਾਰਿਆਂ ਨੇ ਰਲ ਕੇ ਤੇਰੀ ਮਾਂ ਨੂੰ ਪੇਕੇ ਭੇਜ ਦਿਤਾ ਸੀ ਅਤੇ ਤੇਰਾ ਪਾਲਣ ਪੋਸ਼ਣ ਦਲਜੀਤ ਕੌਰ ਜੋ ਤੇਰੀ ਚਾਚੀ ਲਗਦੀ ਹੈ ਤੇ ਤੇਰੀ ਦਾਦੀ ਨੇ ਰਲ ਕੇ ਕੀਤਾ ਹੈ । ਜਦੋਂ ਲਖਵੀਰ ਨੇ ਪੁੱਛਿਆ ਕਿ ਮੇਰੇ ਨਾਨਕੇ ਕਿਥੇ ਹਨ ਤਾਂ ਸਿਮਰੋ ਨੇ ਦੱਸ ਦਿਤਾ। ਇਹ ਸੁਣ ਕੇ ਲਖਵੀਰ ਮਨ ਹੀ ਮਨ ਬਹੁਤ ਖੁਸ਼ ਹੋਇਆ। ਉਹ ਵਾਪਿਸ ਸਿਮਰੋ ਨੂੰ ਅੰਦਰ ਛੱਡ ਆਇਆ ਤੇ ਨਰਸ ਨੂੰ ਉਸ ਨੂੰ ਦਵਾਈ ਦੇਣ ਲਈ ਕਿਹਾ ਕਿ ' ਜੋ ਬਾਕੀ ਮਰੀਜ਼ਾਂ ਨੂੰ ਦਵਾਈ ਦੇ ਬੈਠੀ ਸੀ। ਜਦੋਂ ਸਿਮਰੋ ਨੂੰ ਦਵਾਈ ਲਈ ਆਵਾਜ਼ ਦਿਤੀ ਸੀ ਤਾਂ ਲਖਵੀਰ ਨੇ ਥੋੜਾ ਇੰਤਜ਼ਾਰ ਕਰਨ ਲਈ ਕਹਿ ਦਿਤਾ ਸੀ।

ਹੁਣ ਲਖਵੀਰ ਦਾ ਟੀਚਾ ਆਪਣੀ ਮਾਂ ਦੇ ਦਰਸ਼ਨ ਕਰਨਾ ਸੀ। ਉਹ ਆਪਣੇ ਨਾਨਕੇ ਘਰ ਵਿਚ ਜਾ ਕਿ ਆਪਣੀ ਅਸਲੀ ਮਾਂ ਸੁਰਜੀਤ ਕੌਰ ਨੂੰ ਮਿਲਣਾ ਚਾਹੁੰਦਾ ਸੀ। ਉਹ ਇਸ ਲਈ ਬਹੁਤ ਹੀ ਉਤਾਵਲਾ ਸੀ। ਸਿਮਰੋ ਨੇ ਨਾਨਕੇ ਪਿੰਡ ਦਾ ਅੰਦਾਜ਼ਾ ਦੇ ਦਿਤਾ ਸੀ। ਲਖਵੀਰ ਇਹ ਚਾਹੁੰਦਾ ਸੀ ਕਿ ਉਹ ਆਪਣੇ ਨਾਨਕੇ ਪਿੰਡ ਜਾ ਕੇ ਨਾਨਕੇ ਘਰ ਦੀ ਭਾਲ ਕਰੇ ਅਤੇ ਆਪਣੀ ਮਾਂ ਦੇ ਦਰਸ਼ਨ ਕਰ ਆਨੰਦ ਪ੍ਰਾਪਤ ਕਰੇ ਅਤੇ ਉਸ ਨੂੰ ਆਪਣੇ ਨਾਲ ਲਿਆ ਕੇ ਆਪਣੇ ਕੋਲ ਹੀ ਰੱਖੇ ਅਤੇ ਉਸ ਦੀ ਪੂਰੀ ਸੇਵਾ ਕਰੇ। ਅਗਲੇ ਦਿਨ ਹੀ ਨਾਨਕੇ ਪਿੰਡ ਪੁੱਜ ਗਿਆ। ਮਾਂ ਤੋਂ ਵਿਛੜੇ ਨੂੰ ਉਸ ਨੂੰ ਲਗਭਗ ਤਿੰਨ ਦਹਾਕੇ ਦਾ ਸਮਾਂ ਬੀਤ ਗਿਆ ਸੀ। ਉਸ ਪਿੰਡ ਦੀ ਨਵੀਂ ਪਨੀਰੀ ਨੂੰ ਸੁਰਜੀਤ ਕੌਰ ਜਾਂ ਉਸ ਦੇ ਮਾਪਿਆਂ ਦੇ ਘਰ ਦਾ ਕੋਈ ਵੀ ਇਲਮ ਨਹੀਂ ਸੀ। ਉਹ ਪਿੰਡ ਦੀ ਗਲੀ ਵਿਚ ਚਲਿਆ ਜਾ ਰਿਹਾ ਸੀ ਤਾਂ ਇਕ ਥਾਂ ਉਸ ਨੇ ਕੁਝ ਬਜ਼ੁਰਗ ਤਾਸ਼ ਖੇਡਦੇ ਮਿਲੇ। ਉਸ ਨੇ ਪੂਰੇ ਸਤਿਕਾਰ ਨਾਲ ਫਤਹਿ ਬੁਲਾਈ। ਉਸ ਨੇ ਪੁੱਛਿਆ ਕਿ ਸੁਰਜੀਤ ਕੌਰ ਜੋ ਮੇਰੇ ਪਿੰਡ ਕੋਲੀ ਜ਼ਿਲਾ ਸੰਗਰੂਰ ਵਿਚ ਵਿਆਹੀ ਸੀ। ਉਸ ਦਾ ਘਰ ਵਾਲਾ ਬੈਂਕ ਵਿਚ ਸੀ ਅਤੇ ਇਕ ਦੁਰਘਟਨਾ ਵਿਚ ਪੂਰਾ ਹੋ ਗਿਆ ਸੀ। ਇਹ ਲਗਭਗ 30 ਸਾਲ ਪਹਿਲਾਂ ਦੀ ਘਟਨਾ ਹੈ। ਮੈਂ ਉਨ੍ਹਾਂ ਦਾ ਘਰ ਲੱਭ ਰਿਹਾ ਹਾਂ। ਇਸ ਲਈ ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। ਇਕ ਬਜ਼ੁਰਗ ਬੋਲਿਆ, ਹਾਂ! ਮੈਨੂੰ ਇਹ ਸਾਰੀ ਘਟਨਾ ਇੰਜ ਯਾਦ ਹੈ ਜਿਵੇਂ ਇਹ ਹਾਲੇ ਨੇੜੇ ਹੀ ਘਟੀ ਹੋਵੇ।

ਮੈਂ ਵੀ ਉਸ ਦੇ ਭੋਗ ਤੇ ਗਿਆ ਸੀ ਕਿ ' ਜੋ ਸੁਰਜੀਤ ਕੌਰ ਮੇਰੀ ਹੀ ਭਤੀਜੀ ਲਗਦੀ ਹੈ ਬਹੁਤ ਕਹਿਣ ਦੇ ਬਾਵਜੂਦ ਸੁਰਜੀਤ ਕੌਰ ਨੇ ਹੋਰ ਵਿਆਹ ਨਹੀਂ ਕਰਵਾਇਆ ਅਤੇ ਉਹ ਵੀ ਆਪਣੇ ਪੁੱਤਰ ਦੇ ਵਿਯੋਗ ਵਿਚ, ਇਸ ਆਸ ਨਾਲ ਜੀਅ ਰਹੀ ਹੈ ਕਿ ਇਕ ਦਿਨ ਵਾਹਿਗੁਰੂ ਮੇਹਰ ਕਰੇਗਾ ਅਤੇ ਮੇਰਾ ਆਪਣੇ ਪੁੱਤਰ ਦਾ ਮੇਲ ਹੋਵੇਗਾ, ਦਿਨ ਕੱਟ ਰਹੀ ਹੈ। ਮੇਰੇ ਭਰਾ ਤਾਂ ਉਥੇ ਜਾ ਚੁਕਾ ਹੈ ਜਿਥੋਂ ਕਦੇ ਵੀ ਕੋਈ ਵਾਪਿਸ ਨਹੀਂ ਆਇਆ। ਇਹ ਬੋਲਦਿਆਂ ਉਸ ਦੀ ਅੱਖੀਂ ਵਿਚੋਂ ਨਮੀ ਝਲਕ ਰਹੀ ਸੀ। ਲਖਵੀਰ ਦਾ ਮਨ ਵੀ ਭਰ ਆਇਆ । ਕੁਝ ਰੁਕ ਕੇ ਉਸ ਨੇ ਉਸ ਬਜ਼ੁਰਗ ਨੂੰ ਕਿਹਾ ਕਿ ਚਾਚਾ ਜੀ ਮੈਨੂੰ ਸੁਰਜੀਤ ਕੌਰ ਨੂੰ ਮਿਲਾ ਦਿ । ਮੈਂ ਉਸ ਸੁਰਜੀਤ ਕੌਰ ਦਾ ਅਭਾਗਾ ਪੁੱਤਰ ਹਾਂ ਜਿਸ ਨੂੰ ਆਪਣੀ ਮਾਂ ਤੋਂ ਵਿਛੜੇ ਨੂੰਕਾਫੀ ਸਮਾਂ ਹੋ ਚੁੱਕਿਆ ਹੈ। ਮੈਂ ਇਹ ਸੋਚ ਸਕਦਾ ਹਾਂ ਕਿ ਉਸ ਨੇ ਦੁੱਖ ਵਿਚ ਇਤਨਾ ਸਮਾਂ ਕਿਵੇਂ ਅਥਰੂਆਂ ਦੇ ਸੰਗ ਬਿਤਾਇਆ ਹੋਵੇਗਾ। ਹੁਣ ਤੁਸੀਂ ਹੋਰ ਦੇਰ ਨਾ ਕਰੋ ਮੇਰੇ ਨਾਲ ਹੀ ਚਲੋ ਤਾਂ ਜੋ ਉਸ ਉਡੀਕਦੀ ਮਾਂ ਦੇ ਤਪਦੇ ਕਲੇਜੇ ਨੂੰ ਠੰਡ ਪਾ ਸਕਾਂ। ਲਖਵੀਰ ਨੇ ਚਾਚੇ ਨੂੰ ਨਾਲ ਲਿਆ ਅਤੇ ਘਰ ਵਲ ਚਲ ਪਏ।

ਜਦੋਂ ਘਰੇ ਪੁਜੇ ਤਾਂ ਦੇਖਿਆ ਕਿ ਲਖਵੀਰ ਦੀ ਨਾਨੀ ਅਤੇ ਮਾਂ ਘਰ ਦੇ ਦਰਵਾਜ਼ੇ ਵਿਚ ਬੈਠੀਆਂ ਹੋਈਆਂ ਸਨ ਅਤੇ ਗੱਲਾਂ ਵਿਚ ਰੁਝੀਆਂ ਹੋਈਆਂ ਸਨ। ਸੁਰਜੀਤ ਕੌਰ ਦਾ ਚਾਚਾ ਤਾਂ ਚੁੱਪ ਰਿਹਾ ਪਰ ਲਖਵੀਰ ਨੇ ਪਹਿਲਾਂ ਆਪਣੀ ਨਾਨੀ ਦੇ ਪੈਰ ਛੂਹੇ ਅਤੇ ਫਿਰ ਆਪਣੀ ਮਾਂ ਦੇ ਗੱਲ ਲੱਗ ਗਿਆ। ਜਦੋਂ ਮਾਂ-ਪੁੱਤ ਦਾ ਮੇਲ ਹੋਇਆ ਤਾਂ ਸੁਰਜੀਤ ਕੌਰ ਇਕ ਵਾਰ ਤਾਂ ਹੈਰਾਨ ਹੋਈ ਫਿਰ ਉਸ ਦੇ ਮਨ ਅੰਦਰ ਖਿਆਲ ਆਇਆ ਕਿ ਮੈਨੂੰ ਇਸ ਤਰਾਂ ਮਿਲਣ ਵਾਲਾ ਮੇਰਾ ਲੱਡੂ ਹੀ ਹੋ ਸਕਦਾ ਹੈ। ਜਦੋਂ ਉਸ ਨੇ ਲੱਡੂ ਦੀਆਂ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਵਹਿੰਦਾ ਡਿਠਾ ਤਾਂ ਉਹ ਵੀ ਆਪਣੀ ਖੁਸ਼ੀ ਨਾ ਸੰਭਾਲ ਸਕੀ ਅਤੇ ਰੋ ਕੇ ਆਪਣਾ ਮਨ ਹਲਕਾ ਕਰਨ ਲੱਗ ਪਈ।

ਅਥਰੂ ਆਪਣੇ ਬੋਲਾਂ ਰਾਹੀਂ ਇਕ ਦੂਸਰੇ ਦਾ ਦੁੱਖ ਹਲਕਾ ਕਰ ਰਹੇ ਸਨ। ਜਦੋਂ ਇਸ ਅਵਸਥਾ ਵਿਚ ਕਾਫੀ ਸਮਾਂ ਲੰਘ ਗਿਆ ਤਾਂ ਬਜ਼ੁਰਗ ਚਾਚਾ ਬੋਲਿਆ ਕਿ ਭਰਜਾਈ ਇਹ ਤਾਂ ਦੋਹਤਵਾਨ ਹੈ ਜੋ ਆਪਣੀ ਮਾਂ ਸੁਰਜੀਤ ਕੌਰ ਨੂੰ ਚਿੰਬੜਿਆ ਹੋਇਆ ਹੈ। ਨਾਨੀ ਭਾਵੇਂ ਜਿਆਦਾ ਉਮਰ ਕਾਰਨ ਅੱਖਾਂ ਤੋਂ ਪੂਰਾ ਸਾਫ ਨਹੀਂ ਦੇਖ ਸਕਦੀ ਸੀ। ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੀ ਸੀ ਕਿ ਪਰਮਾਤਮਾ ਨੇ ਮੇਹਰ ਕਰ ਮੇਰੀ ਧੀ ਦਾ ਕਾਲ਼ਜਾ ਠਾਰ ਦਿਤਾ ਹੈ। ਲਖਵੀਰ ਨੇ ਮਾਂ ਨੂੰ ਆਪਣੇ ਬਾਰੇ ਦੱਸਿਆ ਕਿ ਮੈਂ ਹੁਣ ਸਰਕਾਰੀ ਨੌਕਰ ਹਾਂ ਅਤੇ ਤੈਨੂੰ ਆਪਣੇ ਨਾਲ ਲੈ ਕੇ ਜਾਵਾਂਗਾ। ਸੁਰਜੀਤ ਕੌਰ ਨੇ ਆਪਣੇ ਪੁੱਤ ਵਲ ਫਿਰ ਸਿਰ ਚੁੱਕ ਕੇ ਡਿਠਾ ਤੇ ਬੋਲੀ, ਵਾਹ! ਵੇ ਲੱਡੂ ਤੂੰ ਤਾਂ ਕਮਾਲ ਕਰ ਦਿਤੀ। ਮੈਂ ਅੱਜ ਬਹੁਤ ਖੁਸ਼ ਹਾਂ। ਹੁਣ ਮੈਂ ਤੇਰੇ ਨਾਲ ਜ਼ਰੂਰ ਚਲਾਂਗੀ। ਤੂੰ ਮੈਨੂੰ ਇਹ ਦੱਸ ਕਿ ਮੇਰੀ ਨੂੰਹ ਕਿਹੋ ਜਿਹੀ ਹੈ ਉਸ ਨੂੰ ਨਾਲ ਲੈ ਕੇ ਆਉਣਾ ਸੀ। ਲਖਵੀਰ ਨੇ ਕਿਹਾ, ਮੇਰੀ ਭੋਲੀ ਮਾਂ! ਮੇਰਾ ਪਹਿਲਾ ਕੰਮ ਤੈਨੂੰ ਲੱਭਣਾ ਸੀ। ਮੈਨੂੰ ਪਤਾ ਹੈ ਕਿ ਮਾਂ ਦੇ ਪੈਰਾਂ ਵਿਚ ਜੰਨਤ ਹੁੰਦੀ ਹੈ ਅਤੇ ਉਹ ਜੰਨਤ ਮੈਂ ਪਾ ਲਈ ਹੈ। ਮੈਨੂੰ ਖੂਬ ਆਨੰਦ ਮਿਲਿਆ ਹੈ। ਹੁਣ ਮੈਂ ਤੁਹਾਨੂੰ ਨਾਲ ਲਿਜਾਵਾਂਗਾ। ਫੇਰ ਆਪਾਂ ਰਲ ਕੇ ਤੇਰੀ ਨੂੰਹ ਦੀ ਤਲਾਸ਼ ਕਰਾਂਗੇ। ਤੂੰ ਮੇਰੇ ਸਿਰ ਤੇ ਹੱਥ ਰੱਖੀ ਅਸੀਂ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਾਂਗੇ । ਅਰਸਤੂ ਨੇ ਕਿਹਾ ਹੈ ਕਿ ਜਦੋਂ ਜੀਵਨ ਵਿਚ ਖੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਮਨੁੱਖ ਮਹਿਸੂਸ ਕਰਦਾ ਹੈ ਮੈਨੂੰ ਮੰਜ਼ਿਲ ਪ੍ਰਾਪਤ ਹੋ ਗਈ ਹੈ। ਸਿੱਖ ਮਤ ਵਿਚ ਇਸ ਖੁਸ਼ੀ ਨੂੰ ਅਨੰਦ ਦੀ ਅਵਸਥਾ ਆਖਿਆ ਗਿਆ ਹੈ। ਮੈਨੂੰ ਪਤਾ ਹੈ ਕਿ ਤੁਸੀਂ ਦੁਖਾਂ ਦੇ ਸਮੁੰਦਰ ਵਿਚ ਸੀ ਹੁਣ ਮੈਂ ਦੁਖਾਂ ਤੋਂ ਨਿਜਾਤ ਦਿਵਾ ਆਪਾਂ ਸਾਰੇ ਖੁਸ਼ੀਆਂ ਨੂੰ ਮਾਣਾਂਗੇ ਅਤੇ ਅਨੰਦ ਦੀ ਪ੍ਰਾਪਤੀ ਹੋਵੇਗੀ। ਮੈਂ ਆਪਣੇ ਦਾਦੇ, ਦਾਦੀ, ਚਾਚਾ ਅਤੇ ਚਾਚੀ ਨਾਲ ਵੀ ਸਾਂਝੀ ਕਰਾਂਗਾ। ਸ਼ਾਮ ਤਕ ਰੁਕ ਕੇ ਦੋਵੇਂ ਮਾਂ-ਪੁੱਤ ਘਰ ਲਈ ਚਲ ਪਏ।

# ਰਾਸ਼ਟਰਪਤੀ ਟਰੰਪ ਦੀਆਂ ਅੜਬਾਈਆਂ ਅਤੇ ਦੁਨੀਆ

8 ਜੁਲਾਈ 1853 ਨੂੰ ਕਮੋਡੋਰ ਮੈਥਿਊ ਪੈਰੀ ਭਾਫ਼ ਨਾਲ ਚੱਲਣ ਵਾਲੇ ਦੋ ਬਾਦਬਾਨੀ ਜਹਾਜ਼ਾਂ ਨਾਲ ਟੋਕੀ ਖਾੜੀ ਪੁੱਜੇ। ਜਦੋਂ ਉਨ੍ਹਾਂ ਨੂੰ ਨਾਗਾਸਾਕੀ ਜਿੱਥੇ ਵਿਦੇਸ਼ੀ ਜਹਾਜ਼ਾਂ ਨੂੰ ਲੰਗਰ ਲਾਉਣ ਦੀ ਇਜਾਜ਼ਤ ਮਿਲੀ ਹੋਈ ਸੀ, ਵੱਲ ਜਾਣ ਦਾ ਹੁਕਮ ਹੋਇਆ ਤਾਂ ਉਨ੍ਹਾਂ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਉਨ੍ਹਾਂ ਮੁਕਾਮੀ ਅਹਿਲਕਾਰਾਂ ਨੂੰ ਆਪਣੇ ਜਹਾਜ਼ਾਂ ਵਿੱਚ ਚੜ੍ਹਨ ਦੀ ਆਗਿਆ ਨਾ ਦਿੱਤੀ ਤੇ ਇਹ ਗੱਲ ਜ਼ੋਰ ਨਾਲ ਆਖੀ ਕਿ ਉਹ ਜਪਾਨ ਦੇ ਬਾਦਸ਼ਾਹ ਲਈ ਅਮਰੀਕੀ ਰਾਸ਼ਟਰਪਤੀ ਦਾ ਪੈਗ਼ਾਮ ਲੈ ਕੇ ਆਏ ਹਨ। ਪੈਰੀ ਦੇ ਦਲੇਰੀ ਸਾਹਵੇਂ ਜਪਾਨ ਨੂੰ ਆਪਣਾ ਵਪਾਰ ਖੋਲ੍ਹਣ, ਅਮਰੀਕੀ ਜਹਾਜ਼ਾਂ ਨੂੰ ਜਪਾਨੀ ਬੰਦਰਗਾਹਾਂ ’ਤੇ ਮੁੜ ਈਂਧਨ ਲੈਣ ਅਤੇ ਹੋਰ ਰਿਆਇਤਾਂ ਦੇਣ ਲਈ ਮਜਬੂਰ ਹੋਣਾ ਪਿਆ ਸੀ।

ਇਸ ਤੋਂ ਵੀ ਵੱਡੀ ਗੱਲ ਇਹ ਹੋਈ ਕਿ ਇਸ ਨਾਲ ਜਪਾਨ (ਜਿਸ ਕੋਲ ਉਦੋਂ ਲੱਕੜ ਦੀਆਂ ਬਣੀਆਂ ਕਿਸ਼ਤੀਆਂ ਮਾਤਰ ਸਨ) ਨੂੰ ਪੱਛਮੀ ਸਰਦਾਰੀ ਦਾ ਅਹਿਸਾਸ ਹੋਇਆ। ਇਸ ਦਾ ਜਵਾਬ ਕਿਵੇਂ ਦਿੱਤਾ ਜਾਵੇ, ਇਸ ਨੂੰ ਲੈ ਕੇ ਕਾਫ਼ੀ ਘੜਮੱਸ ਅਤੇ ਮੱਤਭੇਦਾਂ ਵਾਲੀ ਹਾਲਤ ਬਣੀ ਹੋਈ ਸੀ। ਕੁਝ ਲੋਕਾਂ ਨੇ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਖ਼ਿਲਾਫ਼ ਤਰਕ ਦਿੱਤਾ; ਕੁਝ ਨੇ ਸਾਰੇ ਵਿਦੇਸ਼ੀਆਂ ਨੂੰ ਚੁੱਕ ਕੇ ਬਾਹਰ ਸੁੱਟ ਦੇਣ ਦਾ ਸੁਝਾਅ ਦਿੱਤਾ। ਅੰਤ ਨੂੰ ਤਬਦੀਲੀ ਵਾਲੀਆਂ ਤਾਕਤਾਂ ਦੀ ਜਿੱਤ ਹੋਈ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਬਾਅਦ ਨਵੇਂ ਤੇ ਨੌਜਵਾਨ ਬਾਦਸ਼ਾਹ ਮੇਜੀ ਦੀ ਅਗਵਾਈ ਹੇਠ ਜਪਾਨ ਨੇ ਸਾਮੰਤਸ਼ਾਹੀ ਅਤੇ ਫ਼ੌਜੀਤੰਤਰ ’ਚ ਹੇਠ ਤੋਂ ਉੱਪਰ ਤੱਕ ਸੁਧਾਰ ਕੀਤੇ। ਸ਼ੋਗੁਨਸ਼ਾਹੀ (ਜੱਦੀ ਤੇ ਫ਼ੌਜੀ ਤਾਨਾਸ਼ਾਹੀ) ਨੇ ਮੇਜੀ ਨਵੀਨੀਕਰਨ ਨੂੰ ਰਾਹ ਦੇ ਦਿੱਤਾ ਜਿਸ ਦੀ 1867 ’ਚ ਸ਼ੁਰੂਆਤ ਹੋਈ।

ਇੱਕ ਪੀੜ੍ਹੀ ਦੇ ਦੇਖਦਿਆਂ-ਦੇਖਦਿਆਂ ਜਪਾਨ ਸਨਅਤੀ ਸ਼ਕਤੀ ਬਣ ਗਿਆ ਅਤੇ ਉਸ ਨੇ ਲੜਾਈ ਵਿੱਚ ਮਜ਼ਬੂਤ ਚੀਨੀ ਫ਼ੌਜਾਂ ਨੂੰ ਮਾਤ ਦਿੱਤੀ। ਦਹਾਕੇ ਬਾਅਦ ਉਸ ਨੇ ਸ਼ਾਹੀ ਰੂਸ ਦੀ ਫ਼ੌਜ ਹਰਾ ਦਿੱਤੀ। ਇਨ੍ਹਾਂ ਫ਼ੌਜੀ ਹਾਰਾਂ ਦੇ ਸਿੱਟੇ ਵਜੋਂ ਦੋਵਾਂ ਦੇਸ਼ਾਂ ਅੰਦਰ ਉਨ੍ਹਾਂ ਦਾ ਰਾਜ ਢਹਿ ਗਿਆ; ਕਮੋਡੋਰ ਪੈਰੀ ਵੱਲੋਂ ਜਪਾਨ ’ਤੇ ਆਇਦ ਕੀਤੀ ਤਬਦੀਲੀ ਨੇ ਇਸ ਨੂੰ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ। ਇਸ ਵੇਲੇ ਜਦੋਂ ਭਾਰਤ ਨੂੰ ਅਮਰੀਕੀ ਸੀਨਾਜ਼ੋਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸ ਕਹਾਣੀ ’ਚੋਂ ਇਸ ਲਈ ਸਬਕ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਕਾਰਵਾਈਆਂ ਦਾ ਬਚਾਅ ਕਰਨ ਦਾ ਕੋਈ ਇਰਾਦਾ ਨਹੀਂ ਹੈ ਜਿਨ੍ਹਾਂ ਦਾ ਬਚਾਅ ਕੀਤਾ ਵੀ ਨਹੀਂ ਜਾ ਸਕਦਾ। ਟੈਰਿਫ ਲਾਉਣ ਦੀ ਕਾਰਵਾਈ ਨੂੰ ਗ਼ੈਰ-ਵਾਜਿਬ, ਅਨਿਆਂਕਾਰੀ ਅਤੇ ਅਸਲ ਵਿੱਚ ਦੰਭੀ ਕਰਾਰ ਦੇਣ ਦਾ ਭਾਰਤ ਨੂੰ ਹੱਕ ਹੈ, ਪਰ ਸਾਡਾ ਕੰਮ ਤਰਕ ਦੀ ਲੜਾਈ ਜਿੱਤਣਾ ਨਹੀਂ ਸਗੋਂ ਆਰਥਿਕ ਯੁੱਧ ਜਿੱਤਣਾ ਹੈ। ਸਾਡੀਆਂ ਕਮਜ਼ੋਰੀਆਂ ਸਭ ਦੇ ਸਾਹਮਣੇ ਆ ਗਈਆਂ ਹਨ, ਚੀਨ ਵਾਂਗ ਟਰੰਪ ਸਾਹਮਣੇ ਖੜ੍ਹੇ ਹੋਣ ਦਾ ਸਾਡੇ ਵਿੱਚ ਦਮ ਨਹੀਂ ਹੈ। ਜੋ ਟਰੰਪ ਕਹਿ ਰਹੇ ਹਨ, ਉਸ ਵਿੱਚ ਕੁਝ ਹੱਦ ਤੱਕ ਸਚਾਈ ਵੀ ਹੈ। ਤੇਲ ਕੰਪਨੀਆਂ ਨੇ ਸਸਤਾ ਰੂਸੀ ਤੇਲ ਹਾਸਿਲ ਕਰ ਕੇ ਭਾਰੀ ਮੁਨਾਫ਼ਾ ਕਮਾਇਆ, ਪਰ ਪ੍ਰਚੂਨ ਗਾਹਕਾਂ ਨੂੰ ਇਸ ਦਾ ਕੋਈ ਫ਼ਾਇਦਾ ਨਹੀਂ ਮਿਲਿਆ ਤੇ ਸਾਡੇ ਟੈਰਿਫ ਗ਼ਲਤ ਦਿਸ਼ਾ ਵਿੱਚ ਵਧਦੇ ਗਏ ਜਿਸ ਕਰ ਕੇ ਸਾਨੂੰ ਦੁਨੀਆ ਦਾ ‘ਟੈਰਿਫ ਕਿੰਗ’ (ਬਾਹਰੋਂ ਆਉਣ ਵਾਲੇ ਮਾਲ ’ਤੇ ਸਭ ਤੋਂ ਵੱਧ ਟੈਕਸ ਵਸੂਲਣ ਵਾਲਾ ਦੇਸ਼) ਕਿਹਾ ਜਾ ਰਿਹਾ ਹੈ।

ਵਡੇਰੀ ਹਕੀਕਤ ਇਹ ਹੈ ਕਿ ਅਸੀਂ ਲੰਮੇ ਅਰਸੇ ਤੋਂ ਵਪਾਰ ਵਿੱਚ ਲੀਹ ਤੋਂ ਵੱਖਰਾ ਚੱਲ ਰਹੇ ਹਾਂ, ਖੇਤਰੀ ਏਸ਼ੀਆਈ ਵਪਾਰ ਸਮਝੌਤਿਆਂ ਦਾ ਹਿੱਸਾ ਬਣਨ ਤੋਂ ਅਸਮੱਰਥ ਹਾਂ, ਜਾਂ ਸਾਡਾ ਇਰਾਦਾ ਹੀ ਨਹੀਂ ਹੈ ਤੇ ਤਿੰਨ ਦਹਾਕਿਆਂ ਤੋਂ ਵੱਧ ਅਰਸੇ ਤੋਂ ਛੇ ਫ਼ੀਸਦੀ ਤੋਂ ਵੱਧ ਦੀ ਸਾਲਾਨਾ ਆਰਥਿਕ ਵਿਕਾਸ ਦਰ ਅਤੇ ਪ੍ਰਤੀ ਜੀਅ ਆਮਦਨ ਲਗਭਗ ਚੌਗੁਣੀ ਹੋਣ ਦੇ ਬਾਵਜੂਦ ਸਾਡਾ 90 ਫ਼ੀਸਦੀ ਰੁਜ਼ਗਾਰ ਅਜੇ ਵੀ ਗ਼ੈਰ-ਜਥੇਬੰਦ ਖੇਤਰ ਵਿੱਚ ਹੈ। ਉਹ ਉਤਪਾਦਕਤਾ ਵਿੱਚ ਵਾਧੇ ਅਤੇ ਤਕਨੀਕੀ ਵਿਕਾਸ, ਦੋਹਾਂ ਨੂੰ ਸੀਮਤ ਕਰਦਾ ਹੈ।

ਹਾਲਾਂਕਿ ਕੂਟਨੀਤਕ ਤੌਰ ’ਤੇ ਸਾਨੂੰ ਇਹ ਪ੍ਰਚਾਰ ਕਰਨਾ ਫ਼ਾਇਦੇਮੰਦ ਲੱਗ ਸਕਦਾ ਹੈ ਕਿ ਇਹ ਬਹੁ-ਧੁਰੀ ਦੁਨੀਆ ਹੈ ਅਤੇ ਸਾਡੇ ਵਿਦੇਸ਼ ਮੰਤਰੀ ਨੇ ਪੱਛਮੀ ਦੇਸ਼ਾਂ ਦੇ ਦੋਗਲੇ ਮਿਆਰ ਗਿਣਾ ਕੇ ਕਾਫ਼ੀ ਮਜ਼ਾ ਲਿਆ ਹੈ ਪਰ ਕਠੋਰ ਤੱਥ ਇਹ ਹੈ ਕਿ ਦੁਨੀਆ ਦੇ ਦੋ ਮੁੱਖ ਧੁਰੇ ਹਨ। ਇਨ੍ਹਾਂ ਵਿੱਚੋਂ ਇੱਕ ਜੇ ਦੁਸ਼ਮਣ ਨਾ ਵੀ ਕਹੋ ਤਾਂ ਵਿਰੋਧੀ ਹੈ; ਉਸ ਨੇ ਫ਼ੌਜੀ ਤੌਰ ’ਤੇ ਸਾਡੇ ਉੱਪਰ ਦਬਾਅ ਬਣਾਇਆ ਅਤੇ ਬਹੁਤ ਹੀ ਅਹਿਮ (ਕ੍ਰਿਟੀਕਲ) ਸਪਲਾਈਜ਼ ਦੇ ਮਾਮਲੇ ਵਿੱਚ ਸਾਨੂੰ ਆਰਥਿਕ ਤੌਰ ’ਤੇ ਨਿਚੋੜਿਆ ਹੈ ਅਤੇ ਉਹ ਹੋਰ ਵੀ ਕਾਫ਼ੀ ਕੁਝ ਕਰ ਸਕਦਾ ਹੈ।

ਜੇ ਅਸੀਂ ਹੁਣ ਅਮਰੀਕਾ ਨਾਲ ਵੈਰਭਾਵੀ ਰੁਖ਼ ਅਪਣਾਇਆ ਤਾਂ ਅਸੀਂ ਆਪਣੇ ਆਪ ਖੂੰਜੇ ਵਿੱਚ ਘਿਰ ਜਾਵਾਂਗੇ। ਸਾਨੂੰ ਟਰੰਪ ਦੇ ਅਮਰੀਕਾ ਨਾਲ ਨਜਿੱਠਣ ਦਾ ਕੋਈ ਰਾਹ ਲੱਭਣਾ ਪਵੇਗਾ ਜਿਵੇਂ ਅਸੀਂ ਆਪਣੇ ਮੁਫ਼ਾਦ ਲਈ ਚੀਨ ਦੀ ਨਿਰਮਾਣ ਸ਼ਕਤੀ ਵਰਤਣ ਦਾ ਰਾਹ ਲੱਭਿਆ ਸੀ। ਦੋਵੇਂ ਸ਼ਕਤੀਆਂ ਤੋਂ ਮੁੱਖ ਮੋੜਨ ਦਾ ਸਾਡੇ ਕੋਲ ਕੋਈ ਰਾਹ ਨਹੀਂ ਹੈ।

ਅਮਰੀਕਾ ਨਾਲ ਸਾਡਾ ਬਹੁਤ ਕੁਝ ਦਾਅ ਉੱਤੇ ਲੱਗਾ ਹੋਇਆ ਹੈ। ਵਪਾਰਕ ਸਰਗਰਮੀਆਂ ਲਈ ਇਹ ਸਾਡਾ ਸਭ ਤੋਂ ਵੱਡਾ ਬਰਾਮਦ ਬਾਜ਼ਾਰ ਹੈ, ਸਾਡਾ ਸੇਵਾਵਾਂ ਦੀ ਬਰਾਮਦ ਦਾ ਮੁੱਖ ਬਾਜ਼ਾਰ ਤੇ ਬਾਹਰੋਂ ਪੈਸੇ ਭੇਜਣ ਦਾ ਮੋਹਰੀ ਸਰੋਤ। ਸਾਡੇ ਇੰਜਨੀਅਰਾਂ ਦੀ ਤਕਨੀਕੀ ਸਮਰੱਥਾ ਨੇ ਦਰਜਨਾਂ ਵੱਡੀਆਂ ਅਮਰੀਕੀ ਕੰਪਨੀਆਂ ਨੂੰ ਇੱਥੇ ਆਪਣੇ ਕੇਂਦਰ ਖੋਲ੍ਹਣ ਲਈ ਪ੍ਰੇਰਿਆ ਹੈ ਜਿਸ ਤੋਂ ਅਮਰੀਕੀ ਡਾਲਰਾਂ ’ਚ ਕਮਾਈ ਹੋ ਰਹੀ ਹੈ ਤੇ ਵੱਡੇ ਪੱਧਰ ’ਤੇ ਉੱਚ-ਮਿਆਰੀ ਰੁਜ਼ਗਾਰ ਮਿਲ ਰਿਹਾ ਹੈ। ਰਣਨੀਤਕ ਰਿਸ਼ਤਾ ਵੀ ਵਿਕਸਤ ਹੋ ਰਿਹਾ ਹੈ, ਤੇ ਲੋਕਾਂ ’ਚ ਵੀ ਗੂੜ੍ਹੇ ਆਪਸੀ ਸਬੰਧ ਹਨ ਕਿਉਂਕਿ ਅਮਰੀਕਾ ’ਚ ਭਾਰਤੀ ਮੂਲ ਦੇ ਕਰੀਬ 50 ਲੱਖ ਲੋਕ ਰਹਿੰਦੇ ਹਨ। ਐੱਚ1ਬੀ ਪ੍ਰੋਗਰਾਮ ਦਾ ਸਭ ਤੋਂ ਵੱਧ ਲਾਭ ਸਾਨੂੰ ਮਿਲਿਆ ਹੈ, ਨਾਲ ਹੀ ਅਮਰੀਕੀ ਯੂਨੀਵਰਸਿਟੀਆਂ ਸਾਡੇ ਉਨ੍ਹਾਂ ਵਿਦਿਆਰਥੀਆਂ ਦਾ ਮੁੱਖ ਟੀਚਾ ਹਨ ਜਿਹੜੇ ਬਾਹਰ ਪੜ੍ਹਨਾ ਚਾਹੁੰਦੇ ਹਨ।

ਟਰੰਪ ਇਨ੍ਹਾਂ ਵਿੱਚੋਂ ਕੁਝ ਤੋਂ ਮੂੰਹ ਮੋੜਨਾ ਚਾਹੇਗਾ ਤੇ ਅਮਰੀਕੀ ਰਾਇ ਵੀ ਵਰਕ ਵੀਜ਼ੇ ਤੇ ਆਊਟਸੋਰਸਿੰਗ (ਬਾਹਰੋਂ ਕੰਮ ਕਰਵਾਉਣ) ਦੇ ਖ਼ਿਲਾਫ਼ ਹੋ ਗਈ ਹੈ। ਟਰੰਪ ਵੀ ਅਮਰੀਕਾ ਦੇ ਦੁਸ਼ਮਣਾਂ ਨਾਲੋਂ ਵੱਧ ਇਸ ਦੇ ਮਿੱਤਰਾਂ ਤੇ ਸਾਥੀਆਂ ਨੂੰ ਉਕਸਾ ਰਿਹਾ ਹੈ (ਮਸਲਨ, ਰੂਸੀ ਤੇਲ ਕਰ ਕੇ ਭਾਰਤ ’ਤੇ ਹੱਲਾ ਬੋਲ ਰਿਹਾ ਹੈ, ਚੀਨ ’ਤੇ ਨਹੀਂ), ਭਰੋਸਾ ਟੁੱਟ ਰਿਹਾ ਹੈ ਜੋ ਉਸ ਦੇ ਜਾਣ ਤੋਂ ਬਾਅਦ ਵੀ ਜਾਰੀ ਰਹੇਗਾ। ਫਿਰ ਵੀ ਜੋ ਮਨਮੋਹਨ ਸਿੰਘ ਨੇ ਇੱਕ ਵਾਰ ਅੰਦਰਖਾਤੇ ਕਿਹਾ ਸੀ, ਜ਼ਿਆਦਾਤਰ ਅਜੇ ਵੀ ਸੱਚ ਹੈ, ਕਿ ਜੇ ਤੁਸੀਂ ਅਮਰੀਕਾ ਦੇ ਦੋਸਤ ਵਜੋਂ ਦਿਸਦੇ ਹੋ ਤਾਂ ਹੀ ਦੁਨੀਆ ਤੁਹਾਡੇ ਲਈ ਆਪਣੇ ਬੂਹੇ ਖੋਲ੍ਹ ਦਿੰਦੀ ਹੈ। ਅਸਲ ਵਿੱਚ ਕੋਈ ਵੀ ਅਜਿਹਾ ਮੁਲਕ ਨਹੀਂ ਹੈ ਜੋ ਅਮਰੀਕਾ ਦੀ ਥਾਂ ਭਰ ਸਕੇ। ਰੂਸ ਰੱਖਿਆ ਦੇ ਪੱਖ ਤੋਂ ਲਾਹੇਵੰਦ ਸਾਥੀ ਹੈ, ਪਰ ਬਰਿਕਸ ਅਤੇ ‘ਗਲੋਬਲ ਸਾਊਥ’ ਨੂੰ ਬਦਲ ਦੇ ਤੌਰ ’ਤੇ ਵਰਤਣ ਦੀ ਗੱਲ ਕਰਨਾ ਸਿੱਧੇ ਰੂਪ ’ਚ ਵਹਿਮ ਹੈ।

ਫਿਰ ਉਸ ‘ਬਹਾਲੀ’ ਦੇ ਸਬੰਧ ’ਚ ਅਸੀਂ ਆਖ਼ਿਰ ਕਿੱਥੇ ਹਾਂ ਜਿਸ ਦੀ ਸਾਨੂੰ ਲੋੜ ਹੈ? ਮੋਦੀ ਸਰਕਾਰ ਨੇ ਆਰਥਿਕ ਸਥਿਰਤਾ ਕਾਇਮ ਕਰ ਕੇ, ਵਿੱਤੀ ਢਾਂਚਾ ਉਸਾਰ ਕੇ, ਮੁੱਢਲੀਆਂ ਵਸਤਾਂ ਤੇ ਸੇਵਾਵਾਂ (ਪਾਣੀ, ਕੁਕਿੰਗ ਗੈਸ, ਪਖਾਨੇ, ਆਵਾਸ ਆਦਿ) ਦੀ ਉਪਲੱਬਧਤਾ ਬਿਹਤਰ ਕਰ ਕੇ ਅਤੇ ਵਿਲੱਖਣ ਡਿਜੀਟਲ ਢਾਂਚਾ ਪੈਦਾ ਕਰ ਕੇ ਚੰਗਾ ਕੰਮ ਕੀਤਾ ਹੈ ਪਰ ਹੋਰਨਾਂ ਖੇਤਰਾਂ ਵਿੱਚ ਇਸ ਨੇ ਉਨਾ ਚੰਗਾ ਕੰਮ ਨਹੀਂ ਕੀਤਾ। 1991 ਵਾਲੇ ਸੁਧਾਰ ਅੱਧੇ ਹੀ ਹੋਏ ਸਨ ਤੇ ਅਖੌਤੀ ਦੂਜੀ ਪੀੜ੍ਹੀ ਦੇ ਸੁਧਾਰ ਅਸਥਿਰ ਤੇ ਅਧੂਰੇ ਹਨ। ਸਾਨੂੰ ਪੁੱਛਣਾ ਚਾਹੀਦਾ ਹੈ, ਕਿਉਂ ਚੀਨ ਖਾਦਾਂ ਦੇ ਵੱਡੇ ਪੱਧਰ ਦੇ ਦਰਾਮਦਕਾਰ ਤੋਂ ਬਰਾਮਦਕਾਰ ਬਣਨ ਤੱਕ ਪਹੁੰਚ ਗਿਆ ਹੈ, ਜਦੋਂਕਿ ਅਸੀਂ ਵੱਡੇ ਦਰਾਮਦਕਾਰ ਹੀ ਬਣੇ ਹੋਏ ਹਾਂ ਤੇ ਖਾਦਾਂ ਹੁਣ ਚੀਨ ਤੋਂ ਖਰੀਦ ਰਹੇ ਹਾਂ। ਕੀ ਇਸ ਵਿੱਚ ਸਾਡੀ ਬੇਤਰਤੀਬ ਕੀਮਤ ਪ੍ਰਣਾਲੀ ਤੇ ਸਬਸਿਡੀ ਨੀਤੀਆਂ ਦੀ ਭੂਮਿਕਾ ਹੈ? ਇਸੇ ਤਰ੍ਹਾਂ ਸਾਡੀ ਖੇਤੀਬਾੜੀ ਨੂੰ ਕਿਉਂ 40% ਟੈਰਿਫ ਸੀਮਾ ਤੋਂ ਪਿੱਛੇ ਕਾਰਜਸ਼ੀਲ ਹੋਣ ਦੀ ਲੋੜ ਹੈ? ਇਸ ਕਰ ਕੇ ਕਿਉਂਕਿ ਸਾਡੀ ਉਤਪਾਦਕਤਾ ਘੱਟ ਹੈ, ਜਿਸ ਦਾ ਹੱਲ ਨਹੀਂ ਕੱਢਿਆ ਗਿਆ ਹੈ?

ਅਜਿਹੀਆਂ ਨਾਕਾਮੀਆਂ ਕਰ ਕੇ ਅਸੀਂ ਵਪਾਰ ’ਚ ਰੱਖਿਆਤਮਕ ਹਾਂ, ਸਾਡੀਆਂ ਟੈਕਸ ਦਰਾਂ ਘਟਾਉਣ ਦੀ ਬਜਾਏ ਵਧਾਈਆਂ ਗਈਆਂ ਹਨ। ਪੰਜ ਸਾਲ ਪਹਿਲਾਂ ਐਲਾਨੀ ਨਵੀਂ ਸਿੱਖਿਆ ਨੀਤੀ ’ਤੇ ਹੋ ਰਿਹਾ ਕੰਮ ਕੱਚਾ ਹੈ। ਨਿਰਮਾਣ ਖੇਤਰ ’ਚ ਨਿਪੁੰਨਤਾ ਦਿਖਾਉਣ ਦੀਆਂ ਸਾਡੀਆਂ ਕੋਸ਼ਿਸ਼ਾਂ ਮੋਬਾਈਲ ਫੋਨ ਅਸੈਂਬਲੀ ਤੋਂ ਬਹੁਤਾ ਅੱਗੇ ਨਹੀਂ ਵਧੀਆਂ ਤੇ ਸਾਡੇ ਰੁਜ਼ਗਾਰ ਦੀ ਹਾਲਤ ਅਜੇ ਵੀ ਗੰਭੀਰ ਹੈ; ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਖੇਤੀ ਜਾਂ ਸਵੈ-ਰੁਜ਼ਗਾਰ ਵੱਲ ਮੁੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ (ਦੋਵੇਂ ਲੁਕਵੇਂ ਰੂਪ ’ਚ ਬੇਰੁਜ਼ਗਾਰ)। ਸਾਡੇ ਰੱਖਿਆ ਖੇਤਰ ਨੂੰ ਵੀ ਲੋੜੀਂਦਾ ਬਜਟ ਨਹੀਂ ਮਿਲ ਰਿਹਾ।

ਕਾਰੋਬਾਰੀ ਮੋਰਚੇ ਉੱਤੇ ਮੁੱਠੀ ਭਰ ਵੱਡੇ ਘਰਾਣਿਆਂ ਨੂੰ ਬਹੁਤ ਜ਼ਿਆਦਾ ਤਾਕਤ ਮਿਲੀ ਹੋਈ ਹੈ ਜੋ ਜਪਾਨ ਤੇ ਦੱਖਣੀ ਕੋਰੀਆ ਦੇ ‘ਰਾਸ਼ਟਰੀ ਚੈਂਪੀਅਨਾਂ’ ਤੋਂ ਉਲਟ, ਆਪਣਾ ਮੁਫ਼ਾਦ ਵੱਧ ਦੇਖਦੇ ਹਨ ਤੇ ਕੌਮੀ ਪਹੁੰਚ ਬਣਾਉਣ ਲਈ ਕਦਮ ਨਹੀਂ ਪੁੱਟਦੇ। ਅਖ਼ੀਰ ’ਚ, ਸਾਡਾ ਕੁੱਲ ਸਿੱਧਾ ਵਿਦੇਸ਼ੀ ਨਿਵੇਸ਼ ਘਟ ਕੇ ਸਿਫ਼ਰ ਹੋਣਾ ਵੀ ਕੋਈ ਨਾ ਕੋਈ ਸੁਨੇਹਾ ਦੇ ਰਿਹਾ ਹੈ।

ਜੇ ਟਰੰਪ ਸਾਨੂੰ ਦਬਕਾ ਰਹੇ ਹਨ ਤਾਂ ਇਸ ਕਰ ਕੇ ਕਿਉਂਕਿ ਸਾਨੂੰ ਦਬਕਾਇਆ ਜਾ ਸਕਦਾ ਹੈ। ਜੇ ਅਮਰੀਕਾ ਸਾਨੂੰ ਚੀਨ ਦੇ ਮੁਕਾਬਲੇ ਦੇ ਧੜੇ ਵਜੋਂ ਪਹਿਲਾਂ ਜਿੰਨਾ ਸਮਰੱਥ ਨਹੀਂ ਸਮਝਦਾ ਤਾਂ ਇਸ ਦਾ ਕਾਰਨ ਹੈ ਕਿ ਅਸੀਂ ਉਸ ਆਰਥਿਕ ਤਰੱਕੀ ਦੀ ਦਰ ਤੋਂ ਪਰ੍ਹੇ ਕਈ ਤਰੀਕਿਆਂ ਨਾਲ ਬਣਦਾ ਪ੍ਰਦਰਸ਼ਨ ਨਹੀਂ ਕੀਤਾ ਜਿਸ ਦਰ ਦਾ ਅਸੀਂ ਮਾਣ ਕਰਦੇ ਹਾਂ। ਟੈਲੀਵਿਜ਼ਨ ਦੇ ਜੰਗੀ ਕਮਰਿਆਂ ਤੋਂ ਪਰ੍ਹੇ, ਅਸਲ ਦੁਨੀਆ ਵਿੱਚ, ਅਸੀਂ ਉਹ ਕੀਮਤ ਤਾਰਨ ਤੋਂ ਬਚ ਨਹੀਂ ਸਕਦੇ ਜਿਹੜੀ ਟਰੰਪ ਸਾਡੇ ਉੱਤੇ ਲਾਏਗਾ, ਪਰ ਸਾਨੂੰ ਤਰਕਸੰਗਤ ਚੋਣਾਂ ਕਰਨੀਆਂ ਪੈਣਗੀਆਂ, ਜਿਨ੍ਹਾਂ ’ਤੇ ਭਾਵਨਾਵਾਂ ਭਾਰੂ ਨਾ ਪੈਣ ਤੇ ਸਾਡੇ ਕੋਲ ਅਸਰ ਸਹਿਣ ਦੀ ਦ੍ਰਿੜ੍ਹਤਾ ਹੈ ਤੇ ਅਸੀਂ ਇੱਥੋਂ ਹੀ ਉਸਾਰੀ ਕਰ ਸਕਦੇ ਹਾਂ।

ਇਹੀ ਕੰਮ ਹੈ ਜਿਸ ’ਤੇ ਸਾਨੂੰ ਧਿਆਨ ਲਾਉਣਾ ਚਾਹੀਦਾ ਹੈ, ਜਦ ਤੱਕ ਅਸੀਂ ਕੌਮਾਂਤਰੀ ਬਾਹੂਬਲੀ ਨਾਲ ਨਜਿੱਠਣ ਦਾ ਸਭ ਤੋਂ ਵਧੀਆ ਰਾਹ ਲੱਭ ਰਹੇ ਹਾਂ। ਉਨੀਵੀਂ ਸਦੀ ਦੇ ਮੱਧ ਦੇ ਜਪਾਨ ਨਾਲ ਇਸ ਦੀ ਜ਼ਿਆਦਾ ਤੁਲਨਾ ਭਾਵੇਂ ਨਹੀਂ ਕਰਨੀ ਚਾਹੀਦੀ ਪਰ ਇਹ ਸਾਡੇ ਲਈ ਅਹਿਮ ਪਲ ਹੈ, ਜੇ ਅਸੀਂ ਇਸ ਨੂੰ ਅਹਿਮ ਬਣਾਉਣਾ ਚਾਹੀਏ ਤਾਂ।

# ਦੁਨੀਆਂ ਭਰ ਵਿਚ ਮੰਦੀ ਦਾ ਡਰ ਕਿਉਂ ਵਧਦਾ ਜਾ ਰਿਹਾ ਹੈ?



ਮਨੀਸ਼ ਤਿਵਾੜੀ

ਅਸੀਂ ਬੜੇ ਅਜੀਬ ਸਮਿਆਂ ਵਿੱਚ ਜਿਊਂ ਰਹੇ ਹਾਂ। ਐਂਤੋਨੀਓ ਗ੍ਰਾਮਸ਼ੀ ਨੇ ਲਗਭਗ ਇੱਕ ਸਦੀ ਪਹਿਲਾਂ ਭਵਿੱਖ ਪ੍ਰਤੀ ਸਪੱਸ਼ਟਤਾ ਨਾਲ ਅਜਿਹੀਆਂ ਵਿਸ਼ਵਵਿਆਪੀ ਤਬਦੀਲੀਆਂ ਬਾਰੇ ਲਿਖਿਆ ਸੀ: “ਪੁਰਾਣੀ ਦੁਨੀਆ ਵੇਲਾ ਵਿਹਾਅ ਚੁੱਕੀ ਹੈ ਅਤੇ ਨਵੀਂ ਦੁਨੀਆ ਆਕਾਰ ਲੈਣ ਲਈ ਜੱਦੋਜਹਿਦ ਕਰ ਰਹੀ ਹੈ: ਹੁਣ ਬਹੁਤੇ ਭਲੇ ਵੇਲੇ ਨਹੀਂ ਰਹੇ।” ਉਹ ਨਿਰਖ-ਪਰਖ ਹੁਣ ਦਾਰਸ਼ਨਿਕ ਘੱਟ ਅਤੇ ਭਵਿੱਖਮੁਖੀ ਵੱਧ ਜਾਪਦੀ ਹੈ। ਅਸੀਂ ਇੱਕ ਵਿਸ਼ਵ ਵਿਵਸਥਾ ਤੋਂ ਦੂਜੀ ਵਿਸ਼ਵ ਵਿਵਸਥਾ ਵਿੱਚ ਬੱਝਵਾਂ ਪਰਿਵਰਤਨ ਹੁੰਦਾ ਨਹੀਂ ਦੇਖ ਰਹੇ। ਅਸੀਂ ਇੱਕ ਅਜਿਹੇ ਆਰਜ਼ੀ ਪ੍ਰਬੰਧ ’ਚੋਂ ਗੁਜ਼ਰ ਰਹੇ ਹਾਂ ਜਿਸ ਠਹਿਰਾਅ ਵਿੱਚ ਵੀ ਉਥਲ-ਪੁਥਲ ਹੈ ਅਤੇ ਇਸ ਦੇ ਨਿਪਟਾਰੇ ਦਾ ਕੋਈ ਭਰੋਸਾ ਨਹੀਂ ਹੈ।

ਸ਼ਾਇਦ ਦੂਜੀ ਆਲਮੀ ਜੰਗ ਦੇ ਖਾਤਮੇ ਤੋਂ ਬਾਅਦ ਮਾਨਵ ਜਾਤੀ ਪਿਛਲੇ 80 ਸਾਲਾਂ ਵਿੱਚ ਪਹਿਲੀ ਵਾਰ ਚਾਰ ਮਹਾਂਦੀਪਾਂ ਦੇ ਇਕੱਠੇ ਸੰਘਰਸ਼ ਦੀ ਗਵਾਹ ਬਣ ਰਹੀ ਹੈ। ਇਹ ਟਕਰਾਅ ਦੁਨੀਆ ਭਰ ਵਿੱਚ ਬੇਮਿਸਾਲ ਵਪਾਰਕ ਤਣਾਅ ਦਾ ਉਭਾਰ ਹੈ ਜੋ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵਣਜ ਦੀ ਕੌਮਾਂਤਰੀ ਡਿਊਢੀ ਨੂੰ ਢਾਹੁਣ ਦੀ ਕੋਸ਼ਿਸ਼ ਨਾਲ ਪੈਦਾ ਹੋਇਆ ਹੈ। ਫਰਵਰੀ 2022 ਵਿੱਚ ਸ਼ੁਰੂ ਹੋਏ ਰੂਸ-ਯੂਕਰੇਨ ਯੁੱਧ, ਅਕਤੂਬਰ 2023 ਵਿੱਚ ਸ਼ੁਰੂ ਹੋਏ ਇਜ਼ਰਾਈਲ-ਹਮਾਸ-ਹਿਜ਼ਬੁੱਲਾ-ਹੂਤੀ-ਇਰਾਨ ਸੰਘਰਸ਼ ਅਤੇ 1990 ਦੇ ਦਹਾਕੇ ਦੀ ਸ਼ੁਰੂਆਤ ਤੋਂ ਚੀਨ ਦੇ ਉਭਾਰ ਨੇ ਦੁਨੀਆ ਦੇ ਸਿਆਸੀ ਭੂਗੋਲ ਦੇ ਵਿਆਪਕ ਹਿੱਸਿਆਂ ਉੱਪਰ ਜ਼ਬਰਦਸਤ ਪ੍ਰਭਾਵ ਪਾਇਆ ਹੈ। ਇਸ ਤੋਂ ਇਲਾਵਾ ਕਾਰਗਿਲ ਜੰਗ ਤੋਂ 26 ਸਾਲ ਬਾਅਦ ਭਾਰਤ ਤੇ ਪਾਕਿਸਤਾਨ ’ਚ ਪੈਦਾ ਹੋਏ ਟਕਰਾਅ ਅਤੇ ਇਰਾਨ ਉੱਪਰ ਅਮਰੀਕੀ ਬੰਬਾਰੀ ਨੇ ਦੁਨੀਆ ਵਿੱਚ ਤਣਾਅ ’ਚ ਹੋਰ ਵਾਧਾ ਕੀਤਾ ਹੈ। ਥਾਈਲੈਂਡ ਅਤੇ ਕੰਬੋਡੀਆ ਵੀ ਇੱਕ ਦੂਜੇ ਨਾਲ ਟਕਰਾਅ ਦੇ ਰਾਹ ’ਤੇ ਹਨ।

ਸੰਯੁਕਤ ਰਾਸ਼ਟਰ ਦੀ ਅਗਵਾਈ ਹੇਠਲਾ ਬਹੁਲਵਾਦ ਖ਼ਤਮ ਹੋ ਚੁੱਕਿਆ ਹੈ। ਇਸ ਦਾ ਮਰਸੀਆ 2020 ਵਿੱਚ ਲਿਖਿਆ ਗਿਆ ਸੀ ਜਦੋਂ ਦੁਨੀਆ ਕੋਵਿਡ 19 ਮਹਾਮਾਰੀ ਤੋਂ ਪੀੜਤ ਸੀ। ਉਸ ਸਾਲ ਮਾਰਚ ਮਹੀਨੇ ਜਦੋਂ ਦੁਨੀਆ ਦੇ ਲਗਭਗ ਛੇ ਅਰਬ ਲੋਕ ਕਿਸੇ ਨਾਲ ਕਿਸੇ ਰੂਪ ਵਿੱਚ ਲੌਕਡਾਊਨ ਅਧੀਨ ਸਨ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਇਸ ਵਿਸ਼ਵ ਮਹਾਮਾਰੀ ਉੱਪਰ ਚਰਚਾ ਕਰਨ ਲਈ ਮੀਟਿੰਗ ਵੀ ਨਹੀਂ ਸੀ ਕਰ ਸਕੀ ਕਿਉਂਕਿ ਉਸ ਮਹੀਨੇ ਪ੍ਰੀਸ਼ਦ ਦੀ ਪ੍ਰਧਾਨਗੀ ਚੀਨ ਕੋਲ ਸੀ, ਜਿਸ ਨੇ ਕੋਵਿਡ ਲਈ ਉਸ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਦੇ ਡਰੋਂ ਕਿਸੇ ਤਰ੍ਹਾਂ ਦੀ ਚਰਚਾ ਨਹੀਂ ਹੋਣ ਦਿੱਤੀ। ਸੰਯੁਕਤ ਰਾਸ਼ਟਰ ਪ੍ਰਣਾਲੀ ਇਸ ਬਾਰੇ ਕੁਝ ਨਹੀਂ ਸੀ ਕਰ ਸਕੀ। ਸੁਰੱਖਿਆ ਪ੍ਰੀਸ਼ਦ ਨੇ ਆਖ਼ਿਰਕਾਰ 9 ਅਪਰੈਲ 2020 ਨੂੰ ਮਹਾਮਾਰੀ ਉੱਪਰ ਚਰਚਾ ਕਰਨ ਲਈ ਪਹਿਲੀ ਵਾਰ ਮੀਟਿੰਗ ਕੀਤੀ ਸੀ, ਜਦੋਂ ਪ੍ਰੀਸ਼ਦ ਦੀ ਪ੍ਰਧਾਨਗੀ ਡੋਮਿਨੀਕਨ ਰਿਪਬਲਿਕ ਕੋਲ ਆਈ ਸੀ। ਜਦੋਂ ਮਾਨਵ ਜਾਤੀ ਨੂੰ ਵਿਸ਼ਵ ਅਗਵਾਈ ਦੀ ਲੋੜ ਸੀ ਤਾਂ ਉਸ ਨੇ ਕੋਈ ਅਮਲੀ ਕਦਮ ਨਾ ਚੁੱਕੇ।

ਇਸ ਲਈ ਇੱਕ ਤੋਂ ਵੱਧ ਢੰਗਾਂ ਨਾਲ ਅੰਤਰਰਾਸ਼ਟਰੀ ਸਬੰਧਾਂ ਨੂੰ ਰੇਖਾਂਕਿਤ ਕਰਨ ਵਾਲੇ ਸਿਧਾਂਤਕ ਸੰਕਲਪ 17ਵੀਂ ਸਦੀ ਦੇ ਸਿਧਾਂਤਾਂ ਦਾ ਝਾਉਲਾ ਪਾਉਂਦੇ ਹਨ, ਜਦੋਂ ਕਾਰਡੀਨਲ ਰਿਸ਼ਲਿਊ ਨੇ ਇਨ੍ਹਾਂ ਤਰਕਾਂ ਨੂੰ ਬੌਧਿਕ ਰੂਪ ਦਿੱਤਾ ਸੀ ਭਾਵ ਇਹ ਕਿ ਹਰੇਕ ਦੇਸ਼ ਆਪੋ ਆਪਣੇ ਸਰਬੋਤਮ ਹਿੱਤਾਂ ਮੁਤਾਬਿਕ ਅਤੇ ਸ਼ਕਤੀ ਸੰਤੁਲਨ ਦੇ ਸਿਧਾਂਤ ਮੁਤਾਬਿਕ ਕੰਮ ਕਰੇਗਾ ਜੋ ਅਜਿਹੀ ਪ੍ਰਣਾਲੀ ਸੀ ਜਿਸ ਦਾ ਸੰਕਲਪ ਹਿਊਗੋ ਗ੍ਰੋਸ਼ੀਅਸ ਨੇ ਦਿੱਤਾ ਸੀ ਅਤੇ ਇਸ ਨੂੰ ਇੰਗਲੈਂਡ ਦੇ ਮਹਾਰਾਜਾ ਵਿਲੀਅਮ ਤੀਜੇ ਵੱਲੋਂ ਲਾਗੂ ਕੀਤਾ ਗਿਆ ਸੀ। ਭਾਰਤ ਇਸ ਵਿਸ਼ਵ ਮੰਦੀ ਨਾਲ ਕਿਵੇਂ ਸਿੱਝਦਾ ਹੈ, ਖ਼ਾਸਕਰ ਉਦੋਂ ਜਦੋਂ ਰਾਸ਼ਟਰਪਤੀ ਟਰੰਪ ਅੰਤਰ-ਰਾਸ਼ਟਰੀ ਵਪਾਰ ਵਿਵਸਥਾ ਨੂੰ ਮਲੀਆਮੇਟ ਕਰਨ ’ਤੇ ਤੁਲੇ ਹੋਏ ਹਨ ਅਤੇ ਮੁਹਾਵਰਤਨ ਤੇ ਹਕੀਕੀ ਰੂਪ ਵਿੱਚ ਦੁਨੀਆ ਦੇ ਦੇਸ਼ ਇੱਕ ਦੂਜੇ ਦੀ ਸੰਘੀ ਘੁੱਟਣ ਲੱਗੇ ਹੋਏ ਹਨ? ਟਰੰਪ ਦਾ ਪਰਸਪਰ ਟੈਰਿਫ਼ ਹੁਕਮ ਇਸ ਹਫ਼ਤੇ ਲਾਗੂ ਹੋਣ ਜਾ ਰਿਹਾ ਹੈ, ਜਿਸ ਵਿੱਚ ਤਰਰੀਬਨ 70 ਦੇਸ਼ਾਂ ਉੱਪਰ ਦੰਡ ਵਜੋਂ ਟੈਰਿਫ਼ ਲਗਾਉਣ ਦੀ ਤਜਵੀਜ਼ ਹੈ। ਇਸੇ ਸਾਲ 2.5 ਫ਼ੀਸਦੀ ਤੋਂ ਸ਼ੁਰੂ ਹੋਇਆ ਔਸਤ ਅਮਰੀਕੀ ਟੈਰਿਫ ਨਵੀਆਂ ਦਰਾਂ ਲਾਗੂ ਹੋਣ ਨਾਲ ਔਸਤਨ 18.4 ਫ਼ੀਸਦੀ ਹੋ ਜਾਵੇਗਾ। ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਭਿਆਲ ਕੈਨੇਡਾ ’ਤੇ 35 ਫ਼ੀਸਦੀ ਟੈਰਿਫ਼ ਦੀ ਮਾਰ ਪਈ ਹੈ। ਟਰੰਪ ਦੇ ਦੋਸਤ ਅਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੋਂ ਹਥਿਆਰ ਖਰੀਦਣ ਵਾਲੇ ਭਾਰਤ ਉੱਪਰ ਪਹਿਲਾਂ 25 ਫ਼ੀਸਦੀ ਟੈਰਿਫ ਅਤੇ ਹੁਣ ਹੋਰ 25 ਫੀਸਦ ਟੈਰਿਫ ਵਧਾ ਦਿੱਤਾ ਗਿਆ ਹੈ। ਇਸ ਦਾ ਅਰਥ ਹੈ ਕਿ ਭਾਰਤੀ ਵਸਤਾਂ ’ਤੇ ਅਮਰੀਕਾ ਵਿੱਚ ਕੁੱਲ 50 ਫੀਸਦ ਟੈਰਿਫ ਲੱਗੇਗਾ।

ਭਾਰਤ ਇਨ੍ਹਾਂ ਸਥਿਤੀਆਂ ਤੋਂ ਅਣਜਾਣ ਨਹੀਂ ਹੈ। ਇਸ ਕੋਲ ਇੱਕ ਖ਼ਾਕਾ ਹੈ ਜਿਹੜਾ 1947 ਦਾ ਹੈ। ਇੱਕ ਵਾਰ ਜਦੋਂ 1914 ਤੋਂ 1945 ਤੱਕ ਲੜੇ ਗਏ ਤਿੰਨ ਦਹਾਕਿਆਂ ਦੇ ਸਭ ਤੋਂ ਭਿਆਨਕ ਯੁੱਧ ਵਿੱਚ 10 ਕਰੋੜ ਲੋਕਾਂ ਦੀ ਜਾਨ ਚਲੀ ਗਈ ਤਾਂ ਜੇਤੂ ਸੰ-ਗੀਆਂ ਨੇ ਇੱਕ-ਦੂਜੇ ਨਾਲ ਲੜਨ ਦਾ ਫ਼ੈਸਲਾ ਕੀਤਾ। ਉਨ੍ਹਾਂ ਦੁਨੀਆ ਨੂੰ ਦੋ ਗੁੱਟਾਂ ਵਿੱਚ ਵੰਡ ਲਿਆ- ਸੋਵੀਅਤ ਸੰਘ ਦੀ ਅਗਵਾਈ ਵਾਲੇ ਪੂਰਬੀ ਗੁੱਟ, ਇੱਕ ਖੱਬੇ-ਪੱਖੀ ਸੱਤਾ ਤੇ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਗੁੱਟ, ਇੱਕ ਜਮਹੂਰੀ ਤਲਿਸਮ ’ਚ। ਪੱਛਮੀ ਗੁੱਟ ਨੂੰ ਧਰਤੀ ਦੇ ਸਭ ਤੋਂ ਜ਼ਾਲਮ ਤਾਨਾਸ਼ਾਹਾਂ ਦੀ ਹਮਾਇਤ ਕਰਨ ਦਾ ਕੋਈ ਪਛਤਾਵਾ ਨਹੀਂ ਸੀ ਤੇ ਪੂਰਬੀ ਗੁੱਟ ਨੇ ਗਾਹੇ-ਬਗਾਹੇ ਲੋੜ ਪੈਣ ’ਤੇ ਪੂੰਜੀਵਾਦੀਆਂ ਤੋਂ ਬਦਲਾ ਲਿਆ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਨਵੀਂ ਆਲਮੀ ਖੇਡ ਨੂੰ ਬਹੁਤ ਸ਼ੁਰੂ ਵਿੱਚ ਹੀ ਸਮਝ ਲਿਆ ਸੀ ਜਦੋਂ 5 ਮਾਰਚ 1946 ਨੂੰ ਵਿੰਸਟਨ ਚਰਚਿਲ ਨੇ ਫੁਲਟਨ ਫਾਲਜ਼ ’ਤੇ ਭਾਸ਼ਣ ਦੇ ਕੇ ਰਸਮੀ ਤੌਰ ਉੱਤੇ ਇਸ ਦੀ ਸ਼ੁਰੂਆਤ ਕੀਤੀ ਸੀ। ਸ੍ਰੀ ਨਹਿਰੂ ਇਹ ਮਹਿਸੂਸ ਕੀਤਾ ਕਿ ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕਾ ਦੇ ਆਜ਼ਾਦ ਮੁਲਕ ਕੋਈ ਤੀਜਾ ਰਾਹ ਤਲਾਸ਼ ਰਹੇ ਹਨ, ਜੋ ਗੁੱਟਬਾਜ਼ੀ ਦੀ ਰਾਜਨੀਤੀ ਤੋਂ ਪਰ੍ਹੇ ਹੋਵੇ। ਨਹਿਰੂ ਨੇ ਕੁਝ ਹੋਰ ਨੇਤਾਵਾਂ ਦੇ ਨਾਲ ਇੱਕ ਵਿਰਲਾ ਰਾਹ ਫੜਿਆ ਜਿਸ ਨੂੰ ਗੁੱਟ-ਨਿਰਲੇਪ ਕਿਹਾ ਗਿਆ ਜੋ ਹੁਣ ਬਹੁ-ਸਫ਼ਬੰਦੀ ਵਜੋਂ ਜਾਣਿਆ ਜਾਂਦਾ ਹੈ। ਜਿਉਂ-ਜਿਉਂ ਸ਼ੀਤ ਯੁੱਧ ਤਿੱਖਾ ਹੋਇਆ ਅਤੇ ਧੜੇਬੰਦੀ ਦੀ ਸਿਆਸਤ ਨੇ ਖ਼ੁਰਾਕ ਤੋਂ ਲੈ ਕੇ ਤਕਨੀਕ ਤੱਕ ਵੱਖ-ਵੱਖ ਖੇਤਰਾਂ ’ਚ ਰੋਕਾਂ ਲਾਉਣੀਆਂ ਸ਼ੁਰੂ ਕੀਤੀਆਂ, ਭਾਰਤ ਦੀ ਤੀਜੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਵੈ-ਨਿਰਭਰਤਾ ਉੱਤੇ ਧਿਆਨ ਕੇਂਦਰਿਤ ਕੀਤਾ, ਜਿਸ ਨੂੰ ਹੁਣ ਆਤਮ-ਨਿਰਭਰਤਾ ਕਿਹਾ ਜਾ ਰਿਹਾ ਹੈ। ਇਹ ਰਣਨੀਤਕ ਨਿਰੰਤਰਤਾ ਅਜੇ ਵੀ ਮਹੱਤਵ ਰੱਖਦੀ ਹੈ। ਇਸ ਨੂੰ ਜ਼ੋਰਦਾਰ ਢੰਗ ਨਾਲ ਮੁੜ ਹੁਲਾਰਾ ਦੇਣ ਦੀ ਲੋੜ ਹੈ ਕਿਉਂਕਿ ਦੁਨੀਆ ਦਾ ਵੱਡਾ ਹਿੱਸਾ ਨੁਮਾਇੰਦਗੀ ਤੋਂ ਬਿਨਾਂ ਡਾਵਾਂਡੋਲ ਹੋਇਆ ਪਿਆ ਹੈ। ਉਹ ਅਗਵਾਈ ਦੀ ਭਾਲ ਵਿੱਚ ਹੈ। ਕਈ ਹੋਰ ਦੇਸ਼ਾਂ ਵਾਂਗ ਭਾਰਤ ਨੂੰ ਵੀ 1990ਵਿਆਂ ਦੀ ਸ਼ੁਰੂਆਤ ਵਿੱਚ ਆਪਣੇ ਕੌਮਾਂਤਰੀ ਸਬੰਧਾਂ ਦੀ ਰੂਪ-ਰੇਖਾ ਮੁੜ ਤੈਅ ਕਰਨੀ ਪਈ ਸੀ ਕਿਉਂਕਿ ਆਲਮੀ ਪੱਧਰ ’ਤੇ ਵਾਪਰੀਆਂ ਕਈ ਘਟਨਾਵਾਂ ਨੇ ਅਜੀਬ ਹਾਲਾਤ ਬਣਾ ਦਿੱਤੇ ਸਨ ਜੋ ਵਿਨਾਸ਼ ਤੇ ਸੰਭਾਵਨਾ, ਦੋਵਾਂ ਨਾਲ ਭਰਪੂਰ ਸਨ। ਭਾਰਤ ਨੇ ਇਨ੍ਹਾਂ ਤੂਫ਼ਾਨਾਂ ਦਾ ਸਫ਼ਲਤਾ ਨਾਲ ਸਾਹਮਣਾ ਕੀਤਾ। ਅਗਵਾਈ ਕਰਨ ਲਈ ਇਹ ਹੁਣ ਪਹਿਲਾਂ ਨਾਲੋਂ ਕਿਤੇ ਵਧੀਆ ਸਥਿਤੀ ਵਿੱਚ ਹੈ ਕਿਉਂਕਿ ਇਸ ਕੋਲ 4 ਖਰਬ ਡਾਲਰ ਦਾ ਅਰਥਚਾਰਾ ਹੈ ਤੇ ‘ਗਲੋਬਲ ਸਾਊਥ’ ਵਿੱਚ ਵੀ ਇਸ ਦਾ ਦਰਜਾ ਸੁਭਾਵਿਕ ਤੌਰ ’ਤੇ ਮਜ਼ਬੂਤ ਹੈ। ਵਿਰੋਧਾਭਾਸ ਹੈ ਕਿ ਅਮਰੀਕਾ ਹੀ ਆਪਣੀ ਵਰਤਮਾਨ ਸਰਕਾਰ ਦੇ ਗ਼ੈਰ-ਵਾਜਬ ਵਿਹਾਰ ਨਾਲ ਚੀਨ, ਭਾਰਤ ਤੇ ਹੋਰਨਾਂ ਕਈ ਮੁਲਕਾਂ ਨੂੰ ਇਹ ਮੌਕਾ ਦੇ ਰਿਹਾ ਹੈ। ਇਹ ਮੌਕਾ ਸ਼ਾਇਦ ਅਗਲੇ ਦੋ ਸਾਲਾਂ ਵਿੱਚ ਮੁੱਕ ਜਾਵੇਗਾ ਜਦੋਂ ਅਮਰੀਕਾ ਵਿੱਚ ਮੱਧਕਾਲੀ ਚੋਣਾਂ ਹੋਣਗੀਆਂ। ਅਮਰੀਕੀ ਲੋਕਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ‘ਮੇਕ ਅਮੈਰਿਕਾ ਗ੍ਰੇਟ ਅਗੇਨ’ (ਮਾਗਾ) ਉਨ੍ਹਾਂ ਦਾ ਫ਼ਾਇਦੇ ਨਾਲੋਂ ਨੁਕਸਾਨ ਵੱਧ ਕਰ ਰਿਹਾ ਹੈ। ਟਰੰਪ ਦੀ ਟੈਰਿਫ਼ ਜੰਗ ’ਚ ਆਲਮੀ ਰਾਜਨੀਤਕ-ਆਰਥਿਕ ਤੇ ਰਣਨੀਤਕ ਢਾਂਚੇ ਨੂੰ ਮੁੜ ਸਥਾਪਿਤ ਕਰਨ ਦਾ ਇੱਕ ਮੌਕਾ ਲੁਕਿਆ ਹੋਇਆ ਹੈ। ਅਮਰੀਕਾ ਨਾ ਤਾਂ ਖ਼ਤਮ ਹੋਵੇਗਾ ਤੇ ਨਾ ਹੀ ਅਲੱਗ-ਥਲੱਗ ਪਏਗਾ; ਅਜਿਹਾ ਹੋਣਾ ਵੀ ਨਹੀਂ ਚਾਹੀਦਾ ਪਰ ਇਸ ਦੇ ਮੱਦੇਨਜ਼ਰ ਇਸ ਨੂੰ ਮੁੜ ਸੰਤੁਲਿਤ ਕੀਤਾ ਜਾਵੇਗਾ ਕਿ ਇਹ ਤਾਕਤ ਦਾ ਤਵਾਜ਼ਨ ਬਿਠਾਉਣ ਵਾਲੀ ਇਕੱਲੀ ਸਭ ਤੋਂ ਵੱਡੀ ਸ਼ਕਤੀ ਵਜੋਂ ਜ਼ਿੰਮੇਵਾਰੀ ਲੈਣ ਤੋਂ ਝਿਜਕ ਰਿਹਾ ਹੈ- ਇਹ ਇੱਕ ਅਜਿਹਾ ਕੰਮ ਹੈ ਜੋ ਇਸ ਨੇ ਹੁਣ ਤੱਕ ਬਹੁਤ ਵਧੀਆ ਢੰਗ ਨਾਲ ਨਿਭਾਇਆ ਹੈ।

ਸਾਡੀ ਸੰਸਦ (ਜਿੱਥੇ ਗਿਆਨ ਭਰਪੂਰ ਗੱਲਬਾਤ ਜਾਂ ਬਹਿਸ ਦੀ ਬਜਾਏ ਸਿਰਫ਼ ਬਹਿਸਾਂ ’ਚ ਨੰਬਰ ਬਣਾਉਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ) ਅਤੇ ਮੀਡੀਆ ਦੇ ਵੱਡੇ ਹਿੱਸੇ (ਜਿਸ ਨੇ 7-10 ਮਈ ਦੇ ਭਾਰਤ-ਪਾਕਿਸਤਾਨ ਟਕਰਾਅ ਬਾਰੇ ਸੰਜੀਦਗੀ ਨਾਲ ਰਿਪੋਰਟਿੰਗ ਤੋਂ ਟਾਲਾ ਵੱਟਿਆ) ਤੋਂ ਪਰ੍ਹੇ ਹੋ ਕੇ ‘ਸੰਜੀਦਾ ਲੋਕਾਂ’ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਅਸਾਧਾਰਨ ਸਮਿਆਂ ’ਚ ਰਹਿ ਰਹੇ ਹਾਂ। ਸੰਸਾਰ ਜਿਸ ਅਥਾਹ ਸਾਗਰ ’ਚ ਬਿਨਾਂ ਟੇਕ ਤੋਂ ਬੇਲਗਾਮ ਅੱਗੇ ਵਧ ਰਿਹਾ ਹੈ, ਉੱਥੇ ਸੰਤੁਲਨ ਬਣਾਉਣਾ ਸੌਖਾ ਨਹੀਂ ਹੈ।


Jai Mata Di
Jai Mata Di
Hindu Temple & Community Center, Sunnyvale
(A Non Profit, Tax Exempt Religious Organization)
Invites all devotees to
Vishal Bhagwati Jagran
Performed by
Lakhbir Singh Lakha
Devotional Singer from India
Aug. 29, 2025
Friday from 7:30 PM
450 Persian Drive
Sunnyvale, CA 94089
Priti Bhoj
Served
5:30 PM
For Sponsorship Information:
Balwant Birla
(510) 750-8640
Raj Bhanot
(408) 687-1955
Supporting Organizations:
• Maa Durga Parivar
• Hindu Swayamsevak Sangh
• Dadi Pariwar USA
• Association of Indo-Americans

# ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਕਾਲਜ/ਯੂਨੀਵਰਸਿਟੀ ਜਾ ਰਹੇ ਸਿੱਖ ਵਿਦਿਆਰਥੀਆਂ ਲਈ ਵਜ਼ੀਫਿਆਂ ਦਾ ਐਲਾਨ

ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਨੇ ਹੇਠ ਲਿਖੇ ਖੇਤਰਾਂ ਵਿਚ ਕਾਲਜ/ਯੂ-ਨੀਵਰਸਸਟੀ ਦੀਆਂ ਡਿਗਰੀਆਂ ਹਾਸਲ ਕਰਨ ਵਾਲੇ ਸਿੱਖ ਵਿਦਿਆਰਥੀਆਂ ਲਈ ਵਜ਼ੀਫਿਆਂ ਦਾ ਐਲਾਨ ਕੀਤਾ ਹੈ।

1. ਅਧਿਆਪਨ ਪ੍ਰਮਾਣ ਪੱਤਰ (Teaching Credentials): ਚਾਰ ਸਾਲਾਂ ਦੀ ਕਾਲਜ ਡਿਗਰੀ ਤੋਂ ਬਾਅਦ ਅਧਿਆਪਨ ਪ੍ਰਮਾਣ ਪੱਤਰ ਵਿਚ ਦੋ ਸਾਲਾਂ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫਿਆਂ $1000 ਪ੍ਰਤੀ ਮਹੀਨਾ ਹੈ।
2. ਪੱਤਰਕਾਰੀ: ਪੱਤਰਕਾਰੀ/ਪ੍ਰਸਾਰਣ ਪੱਤਰਕਾਰੀ ਵਿਚ ਦੋ ਸਾਲਾਂ ਦੇ ਮਾਸਟਰ ਕੋਰਸ ਲਈ $1000 ਪ੍ਰਤੀ ਮਹੀਨਾ ਅਤੇ ਇਹਨਾਂ ਵਿਸ਼ਿਆਂ ਵਿਚ ਚਾਰ ਸਾਲ ਦੀ ਡਿਗਰੀ ਲਈ $500 ਪ੍ਰਤੀ ਮਹੀਨਾ ਵਜ਼ੀਫਾ ਹੋਵੇਗਾ।
3. ਚਾਰ ਸਾਲਾ ਕਾਲਜ ਡਿਗਰੀ: ਮੈਡੀਕਲ, ਇੰਜੀਨੀਅਰਿੰਗ, ਨੈਚੁਰਲ ਅਤੇ ਸਮਾਜਿਕ ਵਿਗਿਆਨ ਅਤੇ ਨਰਸਿੰਗ ਵਿਚ ਚਾਰ ਸਾਲ ਦੀ ਬੈਚੁਲਰ ਡਿਗਰੀ ਲਈ ਵਜ਼ੀਫਿਆਂ $500 ਪ੍ਰਤੀ ਮਹੀਨਾ ਹੋਵੇਗਾ।
4. ਵਿੱਤੀ ਤੰਗੀ ਨਾਲ ਜੂਝ ਰਹੇ ਪਰਿਵਾਰਾਂ ਦੇ ਬੱਚਿਆਂ ਲਈ, ਵੋਕੇਸ਼ਨਲ ਕੋਰਸਾਂ ਵਾਸਤੇ ਵਜ਼ੀਫੇ ਉਪਲੱਬਧ ਹਨ ਜਿਹਹਾਂ ਲਈ ਘੱਟੋ-ਘੱਟ ਇੱਕ ਸਾਲ ਦੀ ਹਾਈ ਸਕੂਲ ਤੋਂ ਬਾਅਦ ਸਿਖਲਾਈ ਹੋਣੀ ਜ਼ਰੂਰੀ ਹੈ। ਇਹ ਵਜ਼ੀਫੇ $500 ਪ੍ਰਤੀ ਮਹੀਨਾ ਹੋਣਗੇ।

ਇਹ ਵਜ਼ੀਫੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਉਪ-ਨਿਯਮਾਂ (bylaws) ਵਿਚ ਪਰਿਭਾਸ਼ਿਤ ਕੀਤੇ ਅਨੁਸਾਰ ਸੈਨ ਹੋਜ਼ੇ ਖੇਤਰਾਂ ਵਿਚ (ਸਾਂਟਾ ਕਲਾਰਾ, ਸਾਂਟਾ ਕਰੂਜ਼, ਮੋਂਟਰੇ, ਸੈਨ ਮਾਟਿਓ, ਕੌਂਟਰਾ ਕੋਸਟਾ ਅਤੇ ਸੈਨ ਬੇਨੀਟੋ ਦੀਆਂ ਕਾਉਂਟੀਆਂ) ਪ੍ਰਾਇਮਰੀ ਨਿਵਾਸ ਵਾਲੇ ਸਿੱਖ ਵਿਦਿਆਰਥੀਆਂ ਤੱਕ ਸੀਮਤ ਹਨ।

ਕੁੱਲ ਵਜ਼ੀਫਿਆਂ ਦੀ ਗਿਣਤੀ ਛੇ ਤੱਕ ਹੈ, ਜਿਹਨਾਂ ਵਿਚੋਂ ਦੋ ਵਜ਼ੀਫੇ ਅਧਿਆਪਨ ਪ੍ਰਮਾਣ ਪੱਤਰ ਅਤੇ ਪੱਤਰਕਾਰੀ ਲਈ ਰਾਖਵੇਂ ਹਨ। ਬਾਕੀ ਚਾਰ ਵਜ਼ੀ-ਫਿਆਂ ਵਿਚੋਂ, ਦੋ ਵਿਦਿਆਰਥੀਆਂ ਨੂੰ ਅਕਾਦਮਿਕ ਯੋਗਤਾ ਦੇ ਆਧਾਰ ‘ਤੇ 4-ਸਾਲ ਦੀ ਕਾਲਜ ਡਿਗਰੀ ਲਈ ਉੱਚਕੋਟੀ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ। ਬਾਕੀ ਦੋ ਅਕਾਦਮਿਕ ਯੋਗਤਾ ਅਤੇ ਵਿਤੀ ਲੋੜਾਂ ਦੋਵਾਂ ਦੇ ਆਧਾਰ ‘ਤੇ 4-ਸਾਲ ਦੀ ਕਾਲਜ ਡਿਗਰੀ ਲਈ ਜਾ ਰਹੇ ਵਿਦਿਆਰਥੀਆਂ ਲਈ ਹੋਣਗੇ। ਵਿੱਤੀ ਲੋੜਾਂ ਦੀ ਸ਼੍ਰੇਣੀ ਵਿਚ ਵਜ਼ੀਫੇ ਕੇਸ-ਦਰ-ਕੇਸ ਦੇ ਆਧਾਰ ‘ਤੇ ਨਿਰਧਾਰਤ ਕੀਤੇ ਜਾਣਗੇ।

ਅਰਜ਼ੀਆਂ ਦੇਣ ਦੀ ਆਖਰੀ ਮਿਤੀ 31 ਅਗਸਤ, 2025 ਹੈ।

# Sikh Gurdwara San Jose Announces Scholarships for College/University bound Sikh Students.

Sikh Gurdwara San Jose Parbandhak Committee has announced a comprehensive set of scholarships for Sikh students pursuing college/University degrees in following areas:

1. Teaching Credentials: The scholarship is $1000 per month for students pursuing a two-year degree in teaching credentials after a four-year college degree.
2. Journalism: $1000 per month for a two-year Master's course in Journalism/broadcasting journalism and $500 per month for a four year degree in these subjects
3. 4-year college degree: $500 per month for a 4-year Bachelor's degree in medical, engineering, natural, social sciences and nursing.
4. For families with financial hardships, scholarships are available for vocational courses requiring at least one year of post-high school training. These will be $500 per month.

These Scholarships are limited to Sikh students with primary residence in San Jose areas as defined in Sikh Gurdwara San Jose bylaws (counties of Santa Clara, Santa Cruz, Monterey, San Mateo, Contra Costa and San Benito).

A total of upto six scholarships will be awarded. Two of these scholarships are reserved for teaching credentials and journalism. Out of the remaining four scholarships, two will be awarded based on academic merit to students going for a 4-year college degree to elite universities and colleges.

The remaining two will be for those going for a 4-year college degree based on both the academic merit and financial needs. Scholarships in the financial hardship category will be determined on a case-by-case basis.

The last date for applications is August 31, 2025.

**Gurdwara Sahib San Jose**
**3636 Gurdwara Ave, San Jose, CA 95148**
**phone. 408-274-9373**




# ਕੀ 50 ਸਾਲ ਦੀ ਉਮਰ ਤੋਂ ਬਾਅਦ ਉਮਰ ਤੇਜ਼ੀ ਨਾਲ ਵਧਣ ਲੱਗਦੀ ਹੈ?

ਖੋਜੀਆਂ ਨੇ ਮਨੁੱਖੀ ਟਿਸ਼ੂਜ਼ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਪਾਇਆ ਕਿ 50 ਸਾਲ ਦੀ ਉਮਰ ਇਕ ਅਹਿਮ ਪੜਾਅ ਹੋ ਸਕਦਾ ਹੈ, ਜਿਸ ਤੋਂ ਬਾਅਦ ਉਮਰ ਵਧਣ 'ਚ ਤੇਜ਼ੀ ਆ ਜਾਂਦੀ ਹੈ। ਖ਼ੂਨ ਦੀਆਂ ਨਾੜੀਆਂ ਛੇਤੀ ਬੁੱਢੀਆਂ ਹੋ ਜਾਂਦੀਆਂ ਹਨ ਤੇ ਸਪੱਸ਼ਟ ਤੌਰ 'ਤੇ ਕਮਜ਼ੋਰ ਹੋ ਜਾਂਦੀਆਂ ਹਨ। ਚਾਈਨੀਜ਼ ਅਕੈਡਮੀ ਆਫ ਸਾਇੰਸਿਜ਼ ਦੇ ਖੋਜੀਆਂ ਨੇ ਕਿਹਾ ਕਿ ਜਰਨਲ ਸੈੱਲ 'ਚ ਪ੍ਰਕਾਸ਼ਿਤ ਸਿੱਟੇ ਉਮਰ ਵਧਣ ਦੀਆਂ ਪ੍ਰਕਿਰਿਆਵਾਂ ਨੂੰ ਸਮਝਣ ਲਈ ਮਨੁੱਖਾਂ ਤੋਂ ਪ੍ਰੋਟੀਨ ਦਾ ਵਿਸ਼ਲੇਸ਼ਣ ਕਰਨ ਨਾਲ ਉਭਰੇ ਸਬੂਤਾਂ ਨਾਲ ਜੁੜੇ ਹਨ।



ਨੇਚਰ ਏਜਿੰਗ ਜਰਨਲ 'ਚ ਪਿਛਲੇ ਸਾਲ ਅਗਸਤ 'ਚ ਪ੍ਰਕਾਸ਼ਿਤ ਅਧਿਐਨ ਤੋਂ ਪਤਾ ਲੱਗਾ ਹੈ ਕਿ 44 ਤੇ 60 ਸਾਲ ਦੀ ਉਮਰ 'ਚ ਮਨੁੱਖੀ ਸਰੀਰ ਅਣੂਆਂ ਤੇ ਰੋਗਾਣੂਆਂ 'ਚ ਤਬਦੀਲੀ ਦਾ ਅਹਿਸਾਸ ਕਰ ਸਕਦਾ ਹੈ, ਜੋ ਦਿਲ ਤੇ ਰੋਗ ਪ੍ਰਤੀਰੋਧ ਤੰਤਰ 'ਤੇ ਅਹਿਮ ਪ੍ਰਭਾਵ ਪਾਉਂਦਾ ਹੈ। ਸੈੱਲ 'ਚ ਪ੍ਰਕਾਸ਼ਿਤ ਅਧਿਐਨ 'ਚ ਦਿਲ, ਰੋਗ ਪ੍ਰਤੀਰੋਧ ਤੰਤਰ ਤੇ ਪਾਚਨ ਸਮੇਤ ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ ਦੇ ਅੰਗਾਂ ਤੋਂ ਲਏ ਗਏ 13 ਮਨੁੱਖੀ ਟਿਸ਼ੂਜ਼ ਦੇ 500 ਤੋਂ ਵੱਧ ਨਮੂਨਿਆਂ ਨੂੰ ਦੇਖਿਆ ਗਿਆ। ਪ੍ਰੋਟੀਨ ਦਾ ਵੱਡੇ ਪੱਧਰ 'ਤੇ ਅਧਿਐਨ (ਪ੍ਰੋਟੀਓਮਿਕਸ) ਉਨ੍ਹਾਂ ਨਮੂਨਿਆਂ ਦੀ ਜਾਂਚ ਲਈ ਲਾਗੂ ਕੀਤਾ ਗਿਆ ਸੀ, ਜੋ 50 ਸਾਲ ਤੋਂ ਵੱਧ ਪੁਰਾਣੇ ਸਨ। ਨਤੀਜਿਆਂ ਤੋਂ ਪਤਾ ਲੱਗਾ ਕਿ 50 ਸਾਲ ਦੀ ਉਮਰ ਦੇ ਆਸਪਾਸ ਉਮਰ ਵਧਣ ਦੀ ਪ੍ਰਬਿਰਤੀ ਦਿਖਾਈ ਦਿੰਦੀ ਹੈ, ਖ਼ੂਨ ਦੀਆਂ ਨਾੜੀਆਂ ਛੇਤੀ ਬੁੱਢੀਆਂ ਹੋ ਜਾਂਦੀਆਂ ਹਨ ਤੇ ਉਮਰ ਵਧਣ ਦੇ ਪ੍ਰਤੀ ਸਪੱਸ਼ਟ ਰੂਪ ਨਾਲ ਸੰਵੇਦਨਸ਼ੀਲ ਹੁੰਦੀਆਂ ਹਨ।

ਇਸ ਤੋਂ ਇਲਾਵਾ, ਉਮਰ ਵਧਣ ਕਾਰਨ ਪ੍ਰੋਟੀਨ 'ਚ ਹੋਣ ਵਾਲੀਆਂ ਤਬਦੀਲੀਆਂ ਦੇ ਆਧਾਰ 'ਤੇ ਖੋਜੀਆਂ ਨੇ ਪ੍ਰੋਟੀਨ-ਆਧਾਰਿਤ ਉਮਰ ਘੜੀਆਂ ਵਿਕਸਤ ਕੀਤੀਆਂ ਹਨ ਤੇ ਵੱਖ ਵੱਖ ਅੰਗਾਂ ਦੀ ਉਮਰ ਵਧਣ ਨੂੰ ਚਾਰਟ 'ਚ ਪ੍ਰਕਾਸ਼ਿਤ ਕੀਤਾ। ਸਿੱਟੇ 'ਚ ਮਹਾਧਮਨੀ (ਏਆਰਟ) ਦੀ ਸ਼ੁਰੂਆਤੀ ਤੇ ਸਪੱਸ਼ਟ ਉਮਰ ਵਧਣ 'ਤੇ ਵੀ ਰੋਸ਼ਨੀ ਪਾਈ ਗਈ। ਇਹ ਮੁੱਖੀ ਨਾੜੀ (ਆਰਟਰੀ) ਹੈ, ਜੋ ਦਿਲ ਤੋਂ ਸ਼ਾਖਾ ਨਾੜੀਆਂ ਤੱਕ ਖ਼ੂਨ ਲਿਜਾਂਦੀ ਹੈ।

# ਗੁਰਦੇ ਫੇਲ੍ਹ ਹੋਣ ਤੋਂ ਪਹਿਲਾਂ ਸਰੀਰ ਦਿੰਦੈ ਵਾਰ-ਵਾਰ ਸੰਕੇਤ

ਗੁਰਦੇ ਸਾਡੇ ਸਰੀਰ ਦੇ ਮਹੱਤਵਪੂਰਨ ਅੰਗਾਂ ਵਿੱਚੋਂ ਇੱਕ ਹਨ ਜੋ ਕਈ ਮਹੱਤਵਪੂਰਨ ਕਾਰਜਾਂ ਨੂੰ ਪੂਰਾ ਕਰਦੇ ਹਨ। ਆਮ ਤੌਰ 'ਤੇ ਬੁਢਾਪੇ ਵਿੱਚ ਗੁਰਦੇ ਫੇਲ੍ਹ ਹੋਣ ਦੇ ਮਾਮਲੇ ਸਾਹਮਣੇ ਆਉਂਦੇ ਹਨ, ਪਰ ਇਨ੍ਹਾਂ ਦਿਨਾਂ ਵਿੱਚ ਮਾੜੀ ਜੀਵਨ ਸ਼ੈਲੀ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਗੁਰਦੇ ਪ੍ਰਭਾਵਿਤ ਹੋਣ ਲੱਗ ਪੈਂਦੇ ਹਨ, ਜਿਸ ਨਾਲ ਗੁਰਦੇ ਦੇ ਨੁਕਸਾਨ ਦਾ ਖ਼ਤਰਾ ਵੱਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਇਹ ਜ਼ਰੂਰੀ ਹੈ ਕਿ ਗੁਰਦੇ ਦੀ ਵਿਸ਼ੇਸ਼ ਦੇਖਭਾਲ ਕੀਤੀ ਜਾਵੇ ਅਤੇ ਇਸਦੇ ਕੁਝ ਸ਼ੁਰੂਆਤੀ ਲੱਛਣਾਂ ਦੀ ਵੀ ਪਛਾਣ ਕੀਤੀ ਜਾਵੇ। ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਕੁਝ ਅਜਿਹੇ ਲੱਛਣਾਂ ਬਾਰੇ ਦੱਸਾਂਗੇ, ਜੋ ਤੁਹਾਨੂੰ ਸਮੇਂ ਸਿਰ ਆਪਣੇ ਆਪ ਨੂੰ ਬਚਾਉਣ ਵਿੱਚ ਮਦਦ ਕਰਨਗੇ।



**ਗਿੱਟਿਆਂ ਅਤੇ ਪੈਰਾਂ ਵਿੱਚ ਸੋਜ–** ਬਿਨਾਂ ਕਿਸੇ ਕਾਰਨ ਪੈਰਾਂ ਵਿੱਚ ਸੋਜ ਨੂੰ ਨਜ਼ਰਅੰਦਾਜ਼ ਕਰਨਾ ਤੁਹਾਡੀ ਸਿਹਤ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਹੈ। ਦਰਅਸਲ, ਇਹ ਗੁਰਦੇ ਦੇ ਵਿਕਾਰ ਦਾ ਸੰਕੇਤ ਹੈ। ਗੁਰਦੇ ਦੇ ਗਲਤ ਕੰਮ ਕਰਨ ਕਾਰਨ, ਸਰੀਰ ਵਿੱਚ ਸੋਡੀਅਮ ਇਕੱਠਾ ਹੋ ਸਕਦਾ ਹੈ, ਜਿਸ ਨਾਲ ਪੈਰਾਂ, ਗਿੱਟਿਆਂ, ਲੱਤਾਂ, ਹੱਥਾਂ ਅਤੇ ਚਿਹਰੇ ਵਿੱਚ ਸੋਜ ਹੋ ਸਕਦੀ ਹੈ।

**ਥਕਾਵਟ ਅਤੇ ਕਮਜ਼ੋਰੀ–** ਗੁਰਦੇ ਦੇ ਕੰਮ ਨਾ ਕਰਨ ਕਾਰਨ, ਸਰੀਰ ਵਿੱਚ ਜ਼ਹਿਰੀਲੇ ਪਦਾਰਥ ਇਕੱਠੇ ਹੋ ਸਕਦੇ ਹਨ, ਜਿਸ ਨਾਲ ਲਗਾਤਾਰ ਥਕਾਵਟ ਅਤੇ ਕਮਜ਼ੋਰੀ ਹੁੰਦੀ ਹੈ। ਇਸ ਤੋਂ ਇਲਾਵਾ, ਗੁਰਦੇ ਦੀਆਂ ਬਿਮਾਰੀਆਂ ਵੀ ਅਨੀਮੀਆ ਦਾ ਕਾਰਨ ਬਣ ਸਕਦੀਆਂ ਹਨ, ਜੋ ਥਕਾਵਟ ਨੂੰ ਹੋਰ ਵਧਾਉਂਦੀਆਂ ਹਨ। ਇਸ ਲਈ, ਬਿਨਾਂ ਕਿਸੇ ਕਾਰਨ ਥਕਾਵਟ ਨੂੰ ਨਜ਼ਰਅੰਦਾਜ਼ ਨਾ ਕਰੋ।

**ਅੱਖਾਂ ਦੇ ਆਲੇ ਦੁਆਲੇ ਸੋਜ–** ਜੇਕਰ ਤੁਹਾਡੀ ਗੁਰਦੇ ਵਿਗੜਨਾ ਸ਼ੁਰੂ ਹੋ ਗਈ ਹੈ, ਤਾਂ ਇਸਦੇ ਕੁਝ ਲੱਛਣ ਤੁਹਾਡੀਆਂ ਅੱਖਾਂ ਵਿੱਚ ਵੀ ਦਿਖਾਈ ਦੇਣ ਲੱਗ ਪੈਂਦੇ ਹਨ। ਇਹ ਉਦੋਂ ਹੁੰਦਾ ਹੈ ਜਦੋਂ ਗੁਰਦੇ ਨੂੰ ਨੁਕਸਾਨ ਪਿਸ਼ਾਬ ਵਿੱਚ ਪ੍ਰੋਟੀਨ ਦੀ ਮੌਜੂਦਗੀ ਕਾਰਨ ਹੋ ਸਕਦਾ ਹੈ।

**ਪਿਸ਼ਾਬ ਦੇ ਪੈਟਰਨ ਵਿੱਚ ਤਬਦੀਲੀ–** ਪਿਸ਼ਾਬ ਦੇ ਪੈਟਰਨ ਵਿੱਚ ਤਬਦੀਲੀ ਗੁਰਦੇ ਦੀ ਬਿਮਾਰੀ ਦੇ ਸਭ ਤੋਂ ਵੱਧ ਧਿਆਨ ਦੇਣ ਵਾਲੇ ਲੱਛਣਾਂ ਵਿੱਚੋਂ ਇੱਕ ਹੈ। ਪਿਸ਼ਾਬ ਦੇ ਪੈਟਰਨ ਵਿੱਚ ਇਹ ਬਦਲਾਅ ਇਸ ਪ੍ਰਕਾਰ ਹੋ ਸਕਦੇ ਹਨ:
ਵਾਰ-ਵਾਰ ਪਿਸ਼ਾਬ ਆਉਣਾ, ਖਾਸ ਕਰਕੇ ਰਾਤ ਨੂੰ (ਨੋਕਟੂਰੀਆ)
ਗੂੜ੍ਹਾ ਜਾਂ ਭੂਰਾ ਪਿਸ਼ਾਬ ਆਉਣਾ।
ਬੁਲਬੁਲੇ ਵਰਗਾ ਪਿਸ਼ਾਬ, ਜੋ ਪ੍ਰੋਟੀਨ ਦੀ ਮੌਜੂਦਗੀ ਨੂੰ ਦਰਸਾਉਂਦਾ ਹੈ।
ਪਿਸ਼ਾਬ ਵਿੱਚ ਖ਼ੂਨ (ਹੀਮੇਟੂਰੀਆ)।

**ਮਾਸਪੇਸ਼ੀਆਂ ਵਿੱਚ ਕੜਵੱਲ–** ਸੋਡੀਅਮ, ਕੈਲਸ਼ੀਅਮ ਅਤੇ ਪੋਟਾਸ਼ੀਅਮ ਵਰਗੇ ਇਲੈਕਟ੍ਰੋਲਾਈਟਸ ਵਿੱਚ ਅਸੰਤੁਲਨ ਮਾਸਪੇਸ਼ੀਆਂ ਅਤੇ ਨਸਾਂ ਦੇ ਕੰਮਕਾਜ ਵਿੱਚ ਵਿਘਨ ਪਾ ਸਕਦਾ ਹੈ। ਇਸ ਨਾਲ ਮਾਸਪੇਸ਼ੀਆਂ ਵਿੱਚ ਕੜਵੱਲ ਹੋ ਸਕਦੇ ਹਨ। ਇਸ ਲਈ ਇਸਨੂੰ ਵੀ ਨਜ਼ਰਅੰਦਾਜ਼ ਨਾ ਕਰੋ।

**ਭੁੱਖ ਨਾ ਲੱਗਣਾ–** ਗੁਰਦੇ ਦੀ ਬਿਮਾਰੀ ਉਲਟੀਆਂ ਦਾ ਕਾਰਨ ਬਣ ਸਕਦੀ ਹੈ, ਜਿਸ ਨਾਲ ਭੁੱਖ ਘੱਟ ਸਕਦੀ ਹੈ ਅਤੇ ਭਾਰ ਘਟ ਸਕਦਾ ਹੈ।

# ਜੀਭ 'ਤੇ ਦਿਸਣ ਵਾਲੇ ਇਹ ਸੰਕੇਤ ਕਰਦੇ ਹਨ ਵਿਗੜੀ ਸਿਹਤ ਵੱਲ ਇਸ਼ਾਰਾ

ਕਈ ਵਾਰ, ਸਿਹਤ ਸੰਬੰਧੀ ਸਮੱਸਿਆਵਾਂ ਦਾ ਪਤਾ ਉਦੋਂ ਤੱਕ ਨਹੀਂ ਲੱਗਦਾ ਜਦੋਂ ਤੱਕ ਕੋਈ ਵੱਡੀ ਸਮੱਸਿਆ ਪੈਦਾ ਨਹੀਂ ਹੁੰਦੀ। ਪਰ ਸਰੀਰ ਕਿਸੇ ਨਾ ਕਿਸੇ ਤਰੀਕੇ ਨਾਲ ਸੰਕੇਤ ਦੇਣਾ ਸ਼ੁਰੂ ਕਰ ਦਿੰਦਾ ਹੈ। ਕੁਝ ਅਜਿਹੇ ਸੰਕੇਤ ਸਾਡੀ ਜੀਭ 'ਤੇ ਵੀ ਦਿਖਾਈ ਦਿੰਦੇ ਹਨ। ਜੀਭ ਸਾਡੀ ਸਿਹਤ ਦਾ ਸ਼ੀਸ਼ਾ ਹੈ। ਇਸ ਲਈ, ਜੀਭ 'ਚ ਬਦਲਾਅ ਕਿਸੇ ਕਿਸਮ ਦੀ ਅੰਦਰੂਨੀ ਸਮੱਸਿਆ ਵੱਲ ਇਸ਼ਾਰਾ ਹੋ ਸਕਦਾ ਹੈ। ਹਾਲਾਂਕਿ, ਜ਼ਿਆਦਾਤਰ ਲੋਕ ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਪਰ ਜੇਕਰ ਇਨ੍ਹਾਂ ਸੰਕੇਤਾਂ ਨੂੰ ਸਮੇਂ ਸਿਰ ਪਛਾਣ ਲਿਆ ਜਾਵੇ, ਤਾਂ ਇਕ ਵੱਡੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਆਓ ਜਾਣਦੇ ਹਾਂ ਜੀਭ 'ਤੇ ਦਿਖਾਈ ਦੇਣ ਵਾਲੇ 5 ਚਿਤਾਵਨੀ ਸੰਕੇਤਾਂ ਬਾਰੇ, ਜੋ ਤੁਹਾਨੂੰ ਲੁਕੀਆਂ ਹੋਈਆਂ ਬਿਮਾਰੀਆਂ ਬਾਰੇ ਚਿਤਾਵਨੀ ਦੇ ਸਕਦੇ ਹਨ।



**ਜੀਭ ਦਾ ਰੰਗ ਬਦਲਣਾ**

ਸਧਾਰਨ ਤੌਰ 'ਤੇ ਜੀਭ ਗੁਲਾਬੀ ਜਾਂ ਹਲਕੇ ਲਾਲ ਰੰਗ ਦੀ ਹੁੰਦੀ ਹੈ। ਜੇਕਰ ਇਸਦਾ ਰੰਗ ਬਦਲਦਾ ਹੈ, ਤਾਂ ਇਹ ਕਿਸੇ ਅੰਦਰੂਨੀ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ–

- ਚਿੱਟੀ ਜੀਭ– ਇਹ ਡੀਹਾਈਡਰੇਸ਼ਨ, ਮੂੰਹ ਦੇ ਛਾਲੇ (ਫੰਗਲ ਇਨਫੈਕਸ਼ਨ) ਜਾਂ ਲਿਊਕੋਪਲਾਕੀਆ (ਸਿਗਰਟਨੋਸ਼ੀ ਕਾਰਨ ਹੋਣ ਵਾਲੀ ਸਮੱਸਿਆ) ਦਾ ਲੱਛਣ ਹੋ ਸਕਦਾ ਹੈ।
- ਪੀਲੀ ਜੀਭ– ਇਹ ਜਿਗਰ ਜਾਂ ਪੇਟ ਦੀਆਂ ਸਮੱਸਿਆਵਾਂ, ਬਹੁਤ ਜ਼ਿਆਦਾ ਸਿਗਰਟਨੋਸ਼ੀ ਜਾਂ ਬੈਕਟੀਰੀਆ ਦੀ ਲਾਗ ਕਾਰਨ ਹੋ ਸਕਦੀ ਹੈ।
- ਕਾਲੀ ਜੀਭ– ਇਹ ਬੈਕਟੀਰੀਆ ਜਾਂ ਫੰਗਸ ਦੇ ਬਹੁਤ ਜ਼ਿਆਦਾ ਇਕੱਠੇ ਹੋਣ ਕਾਰਨ ਹੁੰਦੀ ਹੈ, ਜੋ ਅਕਸਰ ਮਾੜੀ ਮੂੰਹ ਦੀ ਸਫਾਈ ਜਾਂ ਐਂਟੀਬਾਇਓਟਿਕਸ ਦੇ ਮਾੜੇ ਪ੍ਰਭਾਵਾਂ ਨਾਲ ਜੁੜੀ ਹੁੰਦੀ ਹੈ।
- ਨੀਲੀ ਜਾਂ ਬੈਂਗਣੀ ਜੀਭ– ਇਹ ਆਕਸੀਜਨ ਦੀ ਘਾਟ, ਦਿਲ ਦੀ ਬਿਮਾਰੀ ਜਾਂ ਖ਼ੂਨ ਸੰਚਾਰ ਦੀਆਂ ਸਮੱਸਿਆਵਾਂ ਨੂੰ ਦਰਸਾਉਂਦੀ ਹੈ।

**ਜੀਭ 'ਤੇ ਚਿੱਟੀ, ਕਾਲੀ ਜਾਂ ਹਰੀ ਪਰਤ**

ਜੀਭ 'ਤੇ ਪਰਤ ਦਾ ਅਰਥ ਹੈ ਕਿ ਇਸ 'ਤੇ ਬੈਕਟੀਰੀਆ, ਮਰੇ ਹੋਏ ਸੈੱਲ ਜਾਂ ਫੰਗਸ ਇਕੱਠੀ ਹੋ ਗਈ ਹੈ–

- ਚਿੱਟੀ ਪਰਤ– ਮੂੰਹ ਦੀ ਥ੍ਰਸ਼, ਸ਼ੂਗਰ ਜਾਂ ਕਮਜ਼ੋਰ ਇਮਿਊਨਿਟੀ ਦਾ ਸੰਕੇਤ।
- ਕਾਲੀ ਪਰਤ– ਸਿਗਰਟਨੋਸ਼ੀ, ਬਹੁਤ ਜ਼ਿਆਦਾ ਕੌਫੀ ਪੀਣ ਜਾਂ ਐਂਟੀਬਾਇਓਟਿਕਸ ਲੈਣ ਕਾਰਨ ਹੋ ਸਕਦਾ ਹੈ।
- ਹਰੀ ਪਰਤ– ਇਹ ਆਮ ਤੌਰ 'ਤੇ ਨਹੀਂ ਹੁੰਦਾ, ਪਰ ਇਹ ਫੰਗਲ ਇਨਫੈਕਸ਼ਨ ਜਾਂ ਜਿਗਰ ਨਾਲ ਸਬੰਧਤ ਸਮੱਸਿਆਵਾਂ ਦਾ ਸੰਕੇਤ ਹੋ ਸਕਦਾ ਹੈ।

ਜੀਭ 'ਚ ਸੋਜ

ਜੇਕਰ ਜੀਭ ਆਮ ਨਾਲੋਂ ਜ਼ਿਆਦਾ ਸੁੱਜੀ ਹੋਈ ਜਾਪਦੀ ਹੈ, ਤਾਂ ਇਸਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ–

- ਐਲਰਜੀ ਪ੍ਰਤੀਕ੍ਰਿਆ– ਕੋਈ ਵੀ ਭੋਜਨ ਵਸਤੂ, ਦਵਾਈ ਜਾਂ ਕੀੜੇ ਦੇ ਕੱਟਣ ਕਾਰਨ ਜੀਭ 'ਚ ਸੋਜ ਹੋ ਸਕਦੀ ਹੈ।
- ਹਾਈਪੋਥਾਈਰੋਡਿਜ਼ਮ– ਥਾਇਰਾਇਡ ਹਾਰਮੋਨ ਦੀ ਘਾਟ ਜੀਭ ਨੂੰ ਮੋਟਾ ਤੇ ਸੋਜ ਪਾ ਦਿੰਦੀ ਹੈ।
- ਵਿਟਾਮਿਨ-ਬੀ12 ਦੀ ਕਮੀ– ਇਸ ਨਾਲ ਜੀਭ ਦੀ ਸੋਜ ਦੇ ਨਾਲ-ਨਾਲ ਮੁਲਾਇਮ ਤੇ ਲਾਲ ਹੋ ਸਕਦੀ ਹੈ।

**ਜੀਭ 'ਤੇ ਛਾਲੇ ਜਾਂ ਲਾਲ ਧੱਬੇ**

ਜੀਭ 'ਤੇ ਛਾਲੇ ਜਾਂ ਲਾਲ ਧੱਬੇ ਕਈ ਕਾਰਨਾਂ ਕਰਕੇ ਹੋ ਸਕਦੇ ਹਨ–

- ਮੂੰਹ ਦੇ ਛਾਲੇ– ਤਣਾਅ, ਵਿਟਾਮਿਨ ਦੀ ਘਾਟ ਜਾਂ ਬਹੁਤ ਜ਼ਿਆਦਾ ਤੇਜ਼ਾਬੀ ਭੋਜਨ ਖਾਣ ਕਾਰਨ ਹੁੰਦੇ ਹਨ।
- ਸਕਾਰਲੇਟ ਬੁਖਾਰ– ਇਸ ਬਿਮਾਰੀ 'ਚ, ਜੀਭ 'ਤੇ ਸਟ੍ਰਾਬੇਰੀ ਵਰਗੇ ਲਾਲ ਧੱਫੜ ਦਿਖਾਈ ਦਿੰਦੇ ਹਨ।
- ਐਚਆਈਵੀ/ਏਡਜ਼– ਜਦੋਂ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ, ਤਾਂ ਜੀਭ 'ਤੇ ਲਗਾਤਾਰ ਜ਼ਖ਼ਮ ਹੋ ਸਕਦੇ ਹਨ।

**ਜੀਭ ਦਾ ਸੁੰਨ ਹੋਣਾ ਜਾਂ ਝਰਨਾਹਟ**

ਜੇਕਰ ਤੁਸੀਂ ਜੀਭ ਦਾ ਸੁੰਨ ਹੋਣਾ ਜਾਂ ਝਰਨਾਹਟ ਮਹਿਸੂਸ ਕਰਦੇ ਹੋ, ਤਾਂ ਇਹ ਨਿਊਰੋਲੌਜੀਕਲ ਸਮੱਸਿਆਵਾਂ, ਵਿਟਾਮਿਨ-ਬੀ12 ਦੀ ਘਾਟ ਜਾਂ ਸ਼ੂਗਰ ਦੀ ਨਿਸ਼ਾਨੀ ਹੋ ਸਕਦੀ ਹੈ।

# 13 ਸਾਲ ਤੋਂ ਪਹਿਲਾਂ ਬੱਚਿਆਂ ਨੂੰ ਜ਼ਰੂਰ ਸਿਖਾਓ ਇਹ ਜ਼ਰੂਰੀ ਗੱਲਾਂ

ਬਚਪਨ ਉਹ ਨੀਂਹ ਹੈ ਜਿਸ 'ਤੇ ਭਵਿੱਖ ਦੀ ਇਮਾਰਤ ਖੜ੍ਹੀ ਹੁੰਦੀ ਹੈ। ਅਜਿਹੇ 'ਚ ਹਰ ਮਾਤਾ-ਪਿਤਾ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਜੀਵਨ ਦੇ ਮਹੱਤਵਪੂਰਨ ਮੁੱਲਾਂ ਤੇ ਆਦਤਾਂ ਸਿਖਾਉਣ, ਖਾਸ ਕਰਕੇ 13 ਸਾਲ ਦੀ ਉਮਰ ਤੋਂ ਪਹਿਲਾਂ।

ਇਹ ਉਮਰ ਬੱਚਿਆਂ ਦੀ ਸੋਚ ਤੇ ਵਿਅਕਤੀਗਤ ਵਿਕਾਸ ਦੀ ਹੁੰਦੀ ਹੈ, ਜਿੱਥੇ ਸਹੀ ਮਾਰਗਦਰਸ਼ਨ ਉਨ੍ਹਾਂ ਨੂੰ ਇਕ ਚੰਗਾ ਇਨਸਾਨ ਤੇ ਜ਼ਿੰਮੇਵਾਰ ਨਾਗਰਿਕ ਬਣਨ ਵਿਚ ਮਦਦ ਕਰਦਾ ਹੈ। ਆਓ ਜਾਣੀਏ ਕੁਝ ਅਹਿਮ ਗੱਲਾਂ ਜੋ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ 13 ਸਾਲ ਦੀ ਉਮਰ ਤੋਂ ਪਹਿਲਾਂ ਜ਼ਰੂਰ ਸਿਖਾਉਣੀਆਂ ਚਾਹੀਦੀਆਂ ਹਨ:



**ਇਮਾਨਦਾਰੀ ਤੇ ਨੈਤਿਕਤਾ**

ਬੱਚਿਆਂ ਨੂੰ ਸਿਖਾਓ ਕਿ ਸੱਚ ਬੋਲਣਾ ਤੇ ਸਹੀ ਕੰਮ ਕਰਨਾ ਜ਼ਰੂਰੀ ਹੈ, ਭਾਵੇਂ ਸਥਿਤੀ ਕੋਈ ਵੀ ਹੋਵੇ। ਨੈਤਿਕਤਾ ਅਤੇ ਇਮਾਨਦਾਰੀ ਉਨ੍ਹਾਂ ਦੇ ਕਿਰਦਾਰ ਨੂੰ ਮਜ਼ਬੂਤ ਬਣਾਉਂਦੀ ਹੈ।

**ਆਤਮ-ਨਿਰਭਰਤਾ ਤੇ ਜ਼ਿੰਮੇਵਾਰੀ**

ਉਨ੍ਹਾਂ ਨੂੰ ਛੋਟੀਆਂ-ਛੋਟੀਆਂ ਜ਼ਿੰਮੇਵਾਰੀਆਂ ਦਿਉ, ਜਿਵੇਂ ਕਿ ਆਪਣੀਆਂ ਚੀਜ਼ਾਂ ਸੰਭਾਲਣਾ, ਸਮੇਂ 'ਤੇ ਹੋਮਵਰਕ ਕਰਨਾ, ਜਿਸ ਨਾਲ ਉਹ ਆਤਮ-ਨਿਰਭਰ ਬਣਨਗੇ ਤੇ ਜ਼ਿੰਮੇਵਾਰੀਆਂ ਨੂੰ ਸਮਝਣਗੇ।

**ਪੈਸੇ ਦੀ ਸਹੀ ਵਰਤੋਂ**

ਬੱਚਿਆਂ ਨੂੰ ਪੈਸੇ ਦੀ ਕੀਮਤ ਸਮਝਾਓ। ਉਨ੍ਹਾਂ ਨੂੰ ਪਾਕੇਟ ਮਨੀ ਦੇਣਾ ਅਤੇ ਬਚਤ ਕਰਨ ਦੀ ਆਦਤ ਪੈਦਾ ਕਰਨਾ ਭਵਿੱਖ ਵਿਚ ਉਨ੍ਹਾਂ ਨੂੰ ਵਿੱਤੀ ਸਮਝਦਾਰ ਬਣਾਏਗਾ।

**ਸਿਹਤਮੰਦ ਆਦਤਾਂ ਤੇ ਸਾਫ਼-ਸਫਾਈ**

ਆਪਣੇ ਬੱਚਿਆਂ 'ਚ ਸਿਹਤਮੰਦ ਖੁਰਾਕ ਲੈਣ, ਰੋਜ਼ਾਨਾ ਕਸਰਤ ਕਰਨ ਅਤੇ ਸਾਫ਼-ਸਫਾਈ ਦੀਆਂ ਆਦਤਾਂ ਸ਼ੁਰੂ ਤੋਂ ਹੀ ਪਾਓ। ਇਹ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਸਿਹਤ ਲਈ ਜ਼ਰੂਰੀ ਹੈ।

**ਭਾਵਨਾਵਾਂ ਦੀ ਕਦਰ ਤੇ ਹਮਦਰਦੀ**

ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣਾ ਤੇ ਉਨ੍ਹਾਂ ਪ੍ਰਤੀ ਹਮਦਰਦੀ ਰੱਖਣਾ ਬੱਚਿਆਂ ਨੂੰ ਦਿਆਲੂ ਤੇ ਸੰਵੇਦਨਸ਼ੀਲ ਬਣਾਉਂਦਾ ਹੈ। ਉਨ੍ਹਾਂ ਨੂੰ ਦੂਜਿਆਂ ਦੀ ਮਦਦ ਕਰਨ ਦੀ ਸਿੱਖਿਆ ਦਿਉ।

**ਸਮੇਂ ਦੀ ਮੈਨੇਜਮੈਂਟ**

ਸਮੇਂ ਦੀ ਕੀਮਤ ਸਿਖਾਓ ਤੇ ਇਕ ਰੁਟੀਨ ਬਣਾਉਣ ਦੀ ਆਦਤ ਪੈਦਾ ਕਰੋ। ਇਸ ਨਾਲ ਉਹ ਸਮੇਂ ਦਾ ਸਹੀ ਉਪਯੋਗ ਕਰਨਾ ਸਿੱਖਣਗੇ ਤੇ ਜ਼ਿੰਮੇਵਾਰ ਬਣਨਗੇ।

**"ਨਾ" ਕਹਿਣ ਦੀ ਸਮਝ**

ਉਨ੍ਹਾਂ ਨੂੰ ਸਿਖਾਓ ਕਿ ਜਦੋਂ ਵੀ ਉਹ ਕਿਸੇ ਗਲਤ ਚੀਜ਼ ਜਾਂ ਦਬਾਅ 'ਚ ਆਉਣ ਤਾਂ "ਨਾ" ਕਹਿ ਸਕਣ। ਇਹ ਆਤਮ-ਸੁਰੱਖਿਆ ਅਤੇ ਆਤਮ-ਸਨਮਾਨ ਲਈ ਬੇਹੱਦ ਜ਼ਰੂਰੀ ਹੈ।

**ਅਸਫਲਤਾ ਤੋਂ ਸਿੱਖਣਾ**

ਉਨ੍ਹਾਂ ਨੂੰ ਇਹ ਸਮਝਾਓ ਕਿ ਅਸਫਲਤਾ ਦਾ ਮਤਲਬ ਹਾਰ ਨਹੀਂ, ਸਗੋਂ ਸਿੱਖਣ ਦਾ ਇਕ ਹੋਰ ਮੌਕਾ ਹੁੰਦਾ ਹੈ। ਇਸ ਨਾਲ ਉਹ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਬਣਨਗੇ।

**ਆਤਮ-ਸੁਰੱਖਿਆ ਤੇ ਸਾਵਧਾਨੀ**

ਬੱਚਿਆਂ ਨੂੰ ਆਪਣੀ ਸੁਰੱਖਿਆ ਬਾਰੇ ਜਾਗਰੂਕ ਕਰੋ, ਚਾਹੇ ਉਹ ਸਾਈਬਰ ਸੁਰੱਖਿਆ ਹੋਵੇ, ਸੜਕ ਸੁਰੱਖਿਆ ਹੋਵੇ ਜਾਂ ਨਿੱਜੀ ਸੁਰੱਖਿਆ। ਉਨ੍ਹਾਂ ਨੂੰ ਸਿਖਾਓ ਕਿ ਅਣਜਾਣ ਲੋਕਾਂ 'ਤੇ ਜਲਦੀ ਭਰੋਸਾ ਨਾ ਕਰਨ।

**ਧੰਨਵਾਦ ਤੇ ਨਿਮਰਤਾ**

ਬੱਚਿਆਂ 'ਚ ਆਭਾਰ ਪ੍ਰਗਟਾਉਣ ਦੀ ਆਦਤ ਪੈਦਾ ਕਰੋ ਤੇ ਸਿਖਾਓ ਕਿ ਨਿਮਰਤਾ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਦੂਜਿਆਂ ਪ੍ਰਤੀ ਆਦਰ ਅਤੇ ਅਭਾਰ ਜਤਾਉਣ ਨਾਲ ਉਹ ਚੰਗੇ ਇਨਸਾਨ ਬਣਦੇ ਹਨ।

Ranjit Kandola
Broker (MAC Real Estate Services)

CHECK DAILY MORTGAGE RATES @
WWW.DesiMortgageBroker.com

HIRING & TRAINING: MORTGAGE LOAN ORIGINATORS

MAC REAL ESTATE SERVICES
Mortgage Brokerage Since 2003
EQUAL HOUSING LENDER
BBB ACCREDITED BUSINESS A+ rating

(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765

Company NMLS 1133016 DRE 01800662 NMLS 347022



Rajiv "Raj" Bagga
Realtor/Notary Public
Bagga Realty Group
MAC Real Estate Services

MAC REAL ESTATE SERVICES
Since 2003
EQUAL HOUSING OPPORTUNITY
BBB ACCREDITED BUSINESS A+ rating

(916) 450 - 0851
BaggaRealtyGroup@gmail.com
5701 Lonetree Blvd, Suite 126 H
Rocklin CA 95765

DRE 02147757 Company DRE 01800662